ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 24 | Issue 248| 7 to 13 Oct. 2026 | Ph.: (+91) 175-291-2461 | Email: asrtimes@gmail.com

### ਪੰਜਾਬ ਸਿਆਸਤ: ਆਪਣੀਆਂ ਕੱਛ ਵਿੱਚ ਤੇ ਦੂਜਿਆਂ ਦੀਆਂ ਹੱਥ ਵਿੱਚ

# ਪੰਜਾਬ ’ਚ ਚੋਣਾਂ ਤੋਂ ਪਹਿਲਾਂ ਮੁੜ ਸਿਆਸਤ ਦੇ ਕੇਂਦਰ ’ਚ ‘ਨਸ਼ਿਆਂ ਦਾ ਮੁੱਦਾ’

## ਪੰਜਾਬ ਬਦਲਣ ਦੇ ਲਈ ਸੁਰਖ਼ੀਆਂ ਨਹੀਂ ਸਗੋਂ ਫ਼ੈਸਲੇ, ਨੀਤੀਆਂ ਤੇ ਨਤੀਜੇ ਚਾਹੀਦੇ ਨੇ

**ਬਲਰਾਜ ਪੰਨੂੰ**







ਪੰਜਾਬ ਦੀ ਸਿਆਸਤ ਅੱਜ-ਕੱਲ੍ਹ ਬੇਹੱਦ ਸਰਗਰਮ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਸਰਗਰਮੀਆਂ ਲੋਕਾਂ ਦੀ ਜ਼ਿੰਦਗੀ ਦੇ ਵਿੱਚ ਵੀ ਨਜ਼ਰ ਆ ਰਹੀਆਂ ਨੇ ? ਚੋਣਾਂ ਨੇੜੇ ਨੇ, ਸਿਆਸੀ ਦੌਰੇ, ਰੈਲੀਆਂ, ਬਿਆਨਬਾਜ਼ੀ ਤੇ ਇੱਕ ਦੂਜੇ ’ਤੇ ਇਲਜ਼ਾਮਾਂ ਦਾ ਸਿਲਸਿਲਾ ਤਿੱਖਾ ਹੋ ਰਿਹੈ ਪਰ ਪੰਜਾਬ ਦੇ ਅਸਲ ਮੁੱਦੇ ਅਜੇ ਵੀ ਸਿਆਸੀ ਭਾਸ਼ਣਾਂ ਤੋਂ ਵੱਧ ਗੰਭੀਰ ਨੇ, ਜਿਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਲੰਘੇ ਦਿਨਾਂ ਦੇ ਵਿੱਚ ਪੰਜਾਬ ਦੀ ਸਿਆਸਤ ਭਾਵ ਹਰ ਇੱਕ ਪਾਰਟੀ ਯਾਤਰਾਵਾਂ ਦੀਆਂ ਘੁੰਮਣ-ਘੇਰੀਆਂ ਦੇ ਵਿੱਚ ਉਲਝ ਕੇ ਰਹਿ ਗਈ ਹੈ। ਨਸ਼ਾ ਸਾਰੀਆਂ ਪਾਰਟੀਆਂ ਦੇ ਲਈ ਕਦੋਂ ਮੁੱਦਾ ਬਣ ਗਿਆ, ‘ਆਪ’ ਪਾਰਟੀ ਨੂੰ ਪਤਾ ਵੀ ਨਹੀਂ ਲੱਗਿਆ ਕਿਉਂਕਿ ਉਨ੍ਹਾਂ ਨੇ ਤਾਂ ‘ਯੁੱਧ ਨਸ਼ਿਆਂ ਵਿਰੁੱਧ’ ਛੇੜਿਆ ਹੋਇਆ ਸੀ। ਮੌਜੂਦਾ ਸਰਕਾਰ ਤਾਂ ਇੱਥੋਂ ਤੱਕ ਰੌਲਾ ਪਾਉਂਦੀ ਰਹੀ ਕਿ ਭਾਈ ਅਸੀਂ ਵੀ 80 ਹਜ਼ਾਰ ਦੇ ਕਰੀਬ ਤਸਕਰਾਂ ਨੂੰ ਫ਼ੜ ਵੀ ਲਿਆ ਪਰ ਭਾਜਪਾ ਨੇ ਏਨੀ ਫੁਰਤੀ ਦੇ ਨਾਲ ਨਾਅਰਾ ਘੜ ਲਿਆ ਅਖੇ ਕਿ ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ। ਤੇ ਇਹ ਨਾਅਰਾ ‘ਆਪ’ ਪਾਰਟੀ ਦੇ ਨਸ਼ਿਆਂ ਵਿਰੁੱਧ ਯੁੱਧ ਨੂੰ ਠੰਡੇ ਬਸਤੇ ਵਿੱਚ ਪਾ ਗਿਆ। ਅਮਿਤ ਸ਼ਾਹ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ 2029 ਤੋਂ ਪਹਿਲਾਂ ਪੰਜਾਬ ਵਿੱਚ ਨਸ਼ਾ ਵਿਕਣਾ ਬੰਦ ਹੋ ਜਾਵੇਗਾ। ਇਹ ਬੀਜੇਪੀ ਦਾ ਵਾਅਦਾ ਹੈ। ਖ਼ੈਰ ਅਜਿਹਾ ਵਾਅਦਾ ‘ਆਪ’ ਪਾਰਟੀ ਵੀ ਲੋਕਾਂ ਨਾਲ ਕਰਕੇ ਸੱਤਾ ਵਿੱਚ ਆਈ ਸੀ ਤੇ ਮਾਹੌਲ ਇੰਝ ਦਾ ਬਣਿਆ ਕਿ ਨਸ਼ੇ ਰੋਕਣ ਬਾਰੇ ਗੱਲ ਕਰਨ ’ਤੇ ਵੀ ਸਜ਼ਾ- ਏ -ਮੌਤ ਭੁਗਤਣੀ ਪਈ ਤੇ ਕਈਆਂ ਨੂੰ ਪੱਸਲੀਆਂ ਤੁੜਵਾਉਣੀਆਂ ਪਈਆਂ। ਹੈਰਾਨੀ ਦੀ ਇੱਕ ਗੱਲ ਇਹ ਵੀ ਹੈ, ਜੋ ਪਹਿਲਾਂ ਕਿਸੇ ਸਰਕਾਰ ਵਿੱਚ ਨਹੀਂ ਹੋਇਆ, ਉਹ ‘ਆਪ’ ਪਾਰਟੀ ਨੇ ਕੀਤਾ ਕਿ ਸਵਾਲ ਪੁੱਛਣ ਵਾਲਿਆਂ ਦੇ ਸਸਕਾਰ ਦੌਰਾਨ ਸ਼ਮਸ਼ਾਨ ਘਾਟ ’ਤੇ ਵੀ ਕਬਜ਼ਾ ਕਰ ਲਿਆ। ਪਹਿਲੀ ਵਾਰ ਵੇਖਣ ਨੂੰ ਮਿਲਿਆ ਕਿ ਪੁਲਿਸ ਵੀ ਲਾਸ਼ ਦੇ ਉੱਤੇ ਲੱਕੜਾਂ ਰਖਦੀ ਨਜ਼ਰ ਆਈ। ਸਰਕਾਰ ਸਵਾਲਾਂ ਦੇ ਘੇਰੇ ਵਿੱਚ ਇਸ ਤਰ੍ਹਾਂ ਫ਼ਸੀ ਹੋਈ ਹੈ ਕਿ ਉਸ ਨੂੰ ਹਰ ਕਦਮ ਉੱਤੇ ਸੌ ਸਵਾਲ ਪੁੱਛੇ ਜਾਂਦੇ ਨੇ ਪਰ ਜਵਾਬ ਕੋਈ ਨਹੀਂ ਆਮ ਆਦਮੀ ਪਾਰਟੀ ਦੇ ਕੋਲ।

ਬੀਜੇਪੀ ਨੇ ਜਜ਼ਬਾਤੀ ਅਪੀਲ ਦੇ ਰਾਹੀਂ ‘ਆਪ’ ਪਾਰਟੀ ਨੂੰ ਗੁੱਠੇ ਲਾਉਣ ਦੀ ਕੋਸ਼ਿਸ਼ ਕੀਤੀ ਤੇ ‘ਮਾਵਾਂ ਮੰਗਦੀਆਂ ਜਵਾਬ’ ਕੰਪੇਨ ਰਾਹੀਂ ਉਨ੍ਹਾਂ ਪਰਿਵਾਰਾਂ ਨੂੰ ਮਿਲੀ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਨਸ਼ਿਆਂ ਰਾਹੀਂ ਜਾਨਾਂ ਗਵਾ ਬੈਠੇ ਨੇ। ਵੈਸੇ ਇੱਕ ਗੱਲ ਹੈ ਕਿ ਭਾਜਪਾ ਦਾ ਵਿਜ਼ਨ ਸਾਫ਼ ਹੈ। ਉਨ੍ਹਾਂ ਨੇ ਸਿਰਫ਼ ਨਸ਼ੇ ਦੇ ਮੁੱਦੇ ਨੂੰ ਹੀ ਚੁਣਿਆ। ਬੀਜੇਪੀ ਬਹੁਤ ਸਮਝ ਕੇ ਚੱਲ ਰਹੀ ਹੈ। ਜਦੋਂ ਅਸੀਂ ਨਸ਼ੇ ਨੂੰ ਟਾਰਗੇਟ ਕਰਦੇ ਹਾਂ ਤਾਂ ਉਸ ਦੇ ਨਾਲ ਕਾਨੂੰਨ ਵਿਵਸਥਾ ਨਿਸ਼ਾਨੇ ’ਤੇ ਆਉਂਦੀ ਹੈ ਤੇ ਫੇਰ ਇਸ ਕਾਰੋਬਾਰ ਨੂੰ ਚਲਾ ਰਹੇ ਮੁੱਖ ਚਿਹਰੇ ਵੀ ਸ਼ਾਮਲ ਹੋ ਜਾਂਦੇ ਨੇ ਤੇ ਡਰੱਗ ਮਨੀ ਤੇ ਗੈਂਗਸਟਰਾਂ ਵਾਲਾ ਮੁੱਦਾ ਵੀ ਆ ਜਾਂਦਾ ਹੈ। ਇੱਕ ਮਸਲੇ ਵਿੱਚ ਕਈ ਮਸਲਿਆਂ ਦੀ ਬੀਜੇਪੀ ਨੇ ਗੱਲ ਕੀਤੀ। ਬੀਜੇਪੀ ਦਾ ਪੰਜਾਬ ਦੇ ਵਿੱਚ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਆਧਾਰ ਬਹੁਤ ਹਲਕਾ ਹੈ, ਹਾਲਾਂ ਕਿ ਇਹਨਾਂ ਦੀ ਵੋਟ ਪਰਸੈਂਟਜ 5.4 ਤੋਂ 6.6 ਪਰਸੈਂਟ ਤੱਕ ਪਹੁੰਚੀ ਹੈ। ਪਰ ਕੁਝ ਮਸਲੇ ਅਜਿਹੇ ਨੇ




ਜਿਨ੍ਹਾਂ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਬੀਜੇਪੀ ਸੋਚਦੀ ਹੈ ਕਿ ਜੇ ਅਸੀਂ ਹੋਰਾਂ ਰਾਜਾਂ ਦੇ ਵਿੱਚ ਵਾਅਦੇ ਵੇਚ ਸਕਦੇ ਹਾਂ ਤੇ ਕੁਝ ਹੱਦ ਤੱਕ ਪੂਰੇ ਕਰ ਸਕਦੇ ਹਾਂ ਤਾਂ ਪੰਜਾਬ ਵਿੱਚ ਕਿਉਂ ਨਹੀਂ ? ਜੰਮੂ ਕਸ਼ਮੀਰ ਵਿੱਚ ਅੱਤਵਾਦ ਖ਼ਤਮ ਕਰਨ ਦੇ ਲਈ ਚੁੱਕੇ ਗਏ ਕਦਮ, ਛੱਤੀਸ਼ਗੜ੍ਹ ਵਿੱਚ ਨਕਸਲਵਾਦ ਖ਼ਤਮ ਕਰਨ ਦੀ ਗੱਲ,ਉੱਤਰ ਪ੍ਰਦੇਸ਼ ’ਚ ਮਾਫ਼ੀਆ ਬਹੁਤ ਵਧੀਆ ਤਰੀਕੇ ਦੇ ਨਾਲ ਬੀਜੇਪੀ ਨੇ ਖ਼ਤਮ ਕੀਤਾ ਤੇ ਵੈਸਟ ਬੰਗਾਲ ਦੇ ਵਿੱਚ ਘੁਸਪੈਠ। 17 ਅਗਸਤ ਨੂੰ ਪਾਰਟੀ ਪ੍ਰਧਾਨ ਨਿਤਿਨ ਨਬੀਨ ਨੇ ਇੱਕ ਨਵੀਂ ਟੀਮ ਖੜੀ ਕੀਤੀ ਹੈ। ਆਉਣ ਵਾਲਾ ਸਮਾਂ ਦੱਸੇਗਾ ਕਿ ਪੰਜਾਬ ਦੇ ਵਿੱਚ ਇਹ ਟੀਮ ਗੇਮ ਚੇਂਜ ਕਰ ਸਕਦੀ ਹੈ ਜਾਂ ਨਹੀਂ ?

ਅਕਾਲੀ ਦਲ ਵੀ ਪੰਜਾਬ ਬਚਾਓ ਰੈਲੀਆਂ ਰਾਹੀਂ ਪੱਬਾਂ ਭਾਰ ਹੁੰਦੀ ਰਹੀ, ਦੂਸਰੇ ਪਾਸੇ ਚਰਨਜੀਤ ਸਿੰਘ ਚੰਨੀ ਵੱਲੋਂ ਵੀ ਪਗੜੀ ਸੰਭਾਲ ਯਾਤਰਾ ਸਾਈਕਲਾਂ ਦੇ ਰਾਹੀਂ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਕੁਲ ਮਿਲਾ ਕੇ ਸਾਰੀਆਂ ਪਾਰਟੀਆਂ ਪੰਜਾਬ ਨੂੰ ਨਸ਼ੇ ਤੋਂ ਬਚਾਉਣ ਦੀਆਂ ਬੁਝਾਰਤਾਂ ਪਾ ਰਹੀਆਂ ਨੇ। ਸੱਤਾ ਵਿੱਚ ਬੈਠੀ ਸਰਕਾਰ ਦੇ ਲਈ ਪੰਜ ਸਾਲ ਸਿਰਫ਼ ਉਪਲਬਧੀਆਂ ਸੁਣਾਉਣ ਦਾ ਸਮਾਂ ਨਹੀਂ ਹੁੰਦਾ ਸਗੋਂ ਹਿਸਾਬ ਦੇਣ ਦਾ ਸਮਾਂ ਵੀ ਹੁੰਦਾ ਹੈ। ਤੇ ਜਦੋਂ ਵਿਰੋਧੀ ਸਵਾਲ ਪੁੱਛਦੇ ਨੇ ਤਾਂ ਜਵਾਬ ਭਾਸ਼ਣਾਂ ਨਾਲ ਨਹੀਂ, ਪਾਰਦਰਸ਼ੀ ਅੰਕੜਿਆਂ ਦੇ ਨਾਲ ਹੋਣਾ ਚਾਹੀਦਾ ਹੈ। ਠੀਕ ਹੈ ਪੰਜਾਬ ਦੇ ਵਿੱਚ ਨਸ਼ਾ ਹੈ ਪਰ ਉਹ ਵੀ ਤਾਂ ਸਰਕਾਰਾਂ ਦੀ ਸ਼ਹਿ ’ਤੇ ਹੈ ਭਾਵੇਂ ਉਹ ਨਵੀਆਂ ਹੋਣ ਭਾਵੇਂ ਪੁਰਾਣੀਆਂ। ਨਸ਼ਾ ਰੋਕਣ ਵਾਲਿਆਂ ਦੀਆਂ ਜੇਬਾਂ ਦੇ ਵਿਚੋਂ ਜਦੋਂ ਚਿੱਟਾ ਨਿਕਲ ਲੱਗ ਜਾਵੇ ਤਾਂ ਉਮੀਦ ਕਿਸ ਤੋਂ ਰੱਖੀ ਜਾ ਸਕਦੀ ਹੈ। ਸਵਾਲ ਇਹ ਵੀ ਹੈ ਕਿ ਨਸ਼ੇ ਵਾਲਾ ਮੁੱਦਾ ਸਿਰਫ਼ ਚੋਣਾਂਵੀਂ ਨਾਅਰਾ ਬਣ ਕੇ ਤਾਂ ਨਹੀਂ ਰਹਿ ਜਾਵੇਗਾ ? ਲੋਕਾਂ ਦਾ ਸਵਾਲ ਤਾਂ ਇਹ ਵੀ ਹੈ ਕਿ ਨਸ਼ੇ ਦੀ ਸਪਲਾਈ, ਇਲਾਜ, ਪੁਨਰਵਾਸ ਤੇ ਰੋਕਥਾਮ ਦੇ ਲਈ ਸਹੀ ਨਤੀਜੇ ਕੀ ਹਨ ? ਪੰਜਾਬ ਨੂੰ ਹੁਣ ਦੋਸ਼ਾਂ ਵਾਲੀ ਸਿਆਸਤ ਨਹੀਂ, ਹਿਸਾਬ ਕਿਤਾਬ ਦੇਣ ਵਾਲੀ ਸਿਆਸਤ ਚਾਹੀਦੀ ਹੈ। ਪੰਜਾਬ ਦੀ ਜਨਤਾ ਹੁਣ ਸਿਰਫ਼ ਇਹ ਨਹੀਂ ਸੁਣਨਾ ਚਾਹੁੰਦੀ ਕਿ ਕਿਸ ਨੇ ਕੀ ਕਿਹਾ ? ਉਹ ਇਹ ਵੇਖਣਾ ਚਾਹੁੰਦੀ ਹੈ ਕਿ ਕਿਸ ਨੇ ਕੀ ਕੀਤਾ ? ਕੀ ਨਹੀਂ ਕੀਤਾ ? ਤੇ ਅਗਲਾ ਕਦਮ ਕੀ ਹੋਵੇਗਾ ? ਤੇ ਦੂਜੇ ਪਾਸੇ ਵਿਰੋਧੀ ਪਾਰਟੀਆਂ ਦਾ ਕੰਮ ਸਿਰਫ਼ ਸਰਕਾਰਾਂ ਦੀਆਂ ਕਮੀਆਂ ਗਿਣਾਉਣਾ ਨਹੀਂ। ਜੇ ਉਹ ਕਰਜ਼ੇ, ਬੇਰੁਜ਼ਗਾਰੀ, ਕਿਸਾਨੀ, ਉਦਯੋਗ, ਨਸ਼ੇ ਤੇ ਸਿੱਖਿਆ ’ਤੇ ਸਰਕਾਰ ਤੋਂ ਸਵਾਲ ਪੁੱਛਦੀਆਂ ਨੇ ਤਾਂ ਉਨ੍ਹਾਂ ਨੂੰ ਇਹ ਵੀ ਦੱਸਣਾ ਪਵੇਗਾ ਕਿ ਉਨ੍ਹਾਂ ਕੋਲ ਹੱਲ ਕੀ ਹੈ ? ਤੇ ਉਸ ਲਈ ਪੈਸਾ ਕਿੱਥੋਂ ਆਵੇਗਾ ?

ਅੱਜ ਦੇ ਸਮੇਂ ਦੇ ਵਿੱਚ ਹਰ ਸਿਆਸਤਦਾਨ ਆਪਣੀਆਂ ਕੱਛ ਵਿੱਚ ਤੇ ਦੂਜਿਆਂ ਦੀਆਂ ਹੱਥ ਵਿੱਚ ਕਹਾਵਤ ਵਾਂਗ ਵਿਚਰ ਰਿਹੈ। ਸਿਆਸਤਦਾਨਾਂ ਨੂੰ ਸਮਝ ਲੈਣਾ ਚਾਹੀਦਾ ਕਿ ਰਾਜਨੀਤੀ ਵਿੱਚ ਸਾਮ, ਦਾਮ , ਦੰਡ ਭੇਦ ਨੂੰ ਹੀ ਸਭ ਕੁਝ ਮੰਨ ਬੈਠਣਾ ਸਭ ਤੋਂ ਵੱਡਾ ਧੋਖਾ ਹੈ। ਇੱਕ ਦੂਸਰੇ ਨੂੰ ਦੂਸ਼ਣ ਬਾਜ਼ੀਆਂ ਤੇ ਪਰਿਵਾਰਕ ਟਿੱਪਣੀਆਂ ਨੂੰ ਰਾਜਨੀਤੀ ਨਹੀਂ ਕਹਿੰਦੇ। ਰਾਜਨੀਤੀ ਦੇ ਅਸਲ ਮਾਅਨੇ ਬਰਕਰਾਰ ਰੱਖਣੇ ਪੈਣਗੇ। ਨਸ਼ੇ ਵਰਗੇ ਮੁੱਦੇ ਪੰਜਾਬੀਆਂ ਨੂੰ ਰੁਜ਼ਗਾਰ, ਕਿਸਾਨੀ, ਸਿੱਖ ਇਤਿਹਾਸ ਦੇ ਮੁੱਦੇ, ਪੰਜਾਬ ਯੂਨੀਵਰਸਿਟੀ ਨੂੰ ਪੰਜਾਬ ਦੀ ਬਣਾ ਕੇ ਰੱਖਣਾ, ਪੰਜਾਬ ਦੇ ਪਾਣੀ, ਚੰਡੀਗੜ੍ਹ ਦਾ ਹੱਕ ਇਹ ਸਾਰੇ ਮੁੱਦਿਆਂ ਦਾ ‘ਰੋਡ ਮੈਪ ’ ਦੇਣਾ ਪਵੇਗਾ ਕਿਉਂਕਿ ਝੂਠੇ ਲਾਰਿਆਂ ਤੋਂ ਲੋਕੀਂ ਥੱਕ ਵੀ ਚੁੱਕੇ ਨੇ ਤੇ ਅੱਕ ਵੀ। ਪੰਜਾਬ ਨੂੰ ਅਜਿਹੀ ਸਿਆਸਤ ਦੀ ਲੋੜ ਹੈ ਜੋ ਸਪੀਕਰਾਂ ’ਤੇ ਆਪਣੇ ਜ਼ੁਬਾਨੀ ਮੀਆਂ ਮਿੱਠੂ ਬਣਨ ਦੀ ਬਜਾਏ ਜ਼ਮੀਨੀ ਨਤੀਜ਼ੇ ਦੇਵੇ, ਸਿਆਸਤਦਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਿਆਨਬਾਜ਼ੀ ਦੇ ਨਾਲ ਸੁਰਖ਼ੀਆਂ ਬਣ ਸਕਦੀਆਂ ਨੇ ਪਰ ਪੰਜਾਬ ਨਹੀਂ ਬਦਲਦਾ। ਪੰਜਾਬ ਬਦਲਣ ਦੇ ਲਈ ਫ਼ੈਸਲੇ, ਨੀਤੀਆਂ ਤੇ ਨਤੀਜੇ ਚਾਹੀਦੇ ਹਨ।

# ਅਮਰੀਕਾ ’ਚ 40 ਵਿਅਕਤੀਆਂ ਦੀ ਨਾਗਰਿਕਤਾ ਰੱਦ ਕਰਨ ਲਈ ਕਾਰਵਾਈ ਸ਼ੁਰੂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਆਧੁਨਿਕ ਇਤਿਹਾਸ ਦੀ ‘ਨਾਗਰਿਕਤਾ’ ਰੱਦ ਕਰਨ ਦੀ ਸਭ ਤੋਂ ਵੱਡੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਇੱਕ ਭਾਰਤੀ-ਅਮਰੀਕੀ ਸਮੇਤ 40 ਵਿਅਕਤੀਆਂ ਦੀ ਅਮਰੀਕੀ ਨਾਗਰਿਕਤਾ ਰੱਦ ਕਰਨ ਲਈ ਵੱਖ-ਵੱਖ ਅਦਾਲਤਾਂ ਵਿੱਚ ਕਾਰਵਾਈ ਸ਼ੁਰੂ ਕੀਤੀ ਗਈ ਹੈ। ਨਿਆਂ ਵਿਭਾਗ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਇਹ 40 ਵਿਅਕਤੀ ਕਈ ਅਮਰੀਕੀ ਅਦਾਲਤਾਂ ਵਿੱਚ ਰੱਦ ਕਰਨ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ’ਤੇ ਕਈ ਗੰਭੀਰ ਅਪਰਾਧਾਂ ਦੇ ਦੋਸ਼ ਹਨ, ਜਿਨ੍ਹਾਂ ਵਿੱਚ ਵਿਦੇਸ਼ੀ ਸਰਕਾਰ ਦੇ ਏਜੰਟ ਵਜੋਂ ਕੰਮ ਕਰਨਾ, ਅਣਇੱਛਤ ਕਤਲੇਆਮ ਅਤੇ ਇੱਕ ਅਪਾਹਜ ਵਿਅਕਤੀ ਵਿਰੁੱਧ ਗੰਭੀਰ ਜਿਨਸੀ ਹਮਲਾ ਸ਼ਾਮਲ ਹੈ।

ਕੈਲੀਫੋਰਨੀਆ ਦੇ ਬਲਵਿੰਦਰ ਸਿੰਘ ’ਤੇ ਰਾਜ ਦੀ ਪੂਰਬੀ ਜ਼ਿਲ੍ਹਾ ਅਦਾਲਤ ਵਿੱਚ ਰੱਦ ਕਰਨ ਦੀ ਕਾਰਵਾਈ ਕੀਤੀ ਜਾ



ਰਹੀ ਹੈ। ਉਸ ’ਤੇ ਅਮਰੀਕਾ ਵਿੱਚ ਦਾਖਲ ਹੋਣ ਅਤੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਲਈ ਝੂਠੀ ਪਛਾਣ ਦੀ ਵਰਤੋਂ ਕਰਨ ਦਾ ਦੋਸ਼ ਹੈ। ਅਮਰੀਕੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਸੋਮਵਾਰ ਨੂੰ ਕਿਹਾ, ‘ਅੱਜ ਦਾ ਐਲਾਨ ਆਧੁਨਿਕ ਇਤਿਹਾਸ ਵਿੱਚ ਸਭ ਤੋਂ ਵੱਡੀ ਨਾਗਰਿਕਤਾ ਰੱਦ ਕਰਨ ਦੀ ਸ਼ੁਰੂਆਤ ਹੈ।’

ਇੱਥੇ ਦੱਸ ਦਈਏ ਕਿ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਦੇ ਤਹਿਤ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ ਜੇਕਰ ਕੋਈ ਵਿਅਕਤੀ ਗੈਰ-ਕਾਨੂੰਨੀ ਤੌਰ ’ਤੇ, ਭੌਤਿਕ ਤੱਥਾਂ ਨੂੰ ਛੁਪਾ ਕੇ, ਜਾਂ ਜਾਣਬੁੱਝ ਕੇ ਗਲਤ ਜਾਣਕਾਰੀ ਪ੍ਰਦਾਨ ਕਰਕੇ ਕੁਦਰਤੀ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਦਾ ਹੈ। ਨਿਆਂ ਵਿਭਾਗ ਦੇ ਸਿਵਲ ਡਿਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ ਬ੍ਰੇਟ ਏ. ਸ਼ੁਮਾਤੇ ਨੇ ਕਿਹਾ,‘ਇਨ੍ਹਾਂ ਸਾਰੇ ਵਿਅਕਤੀਆਂ ਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਲਈ ਝੂਠ ਦਾ ਸਹਾਰਾ ਲਿਆ। ਇਹ ਪ੍ਰਸ਼ਾਸਨ ਅਮਰੀਕੀ ਨਾਗਰਿਕਤਾ ਵਿੱਚ ਵਿਸ਼ਵਾਸ ਅਤੇ ਭਰੋਸੇਯੋਗਤਾ ਨੂੰ ਬਹਾਲ ਕਰਨ ਲਈ ਵਿਭਾਗ ਦੇ ਇਤਿਹਾਸ ਵਿੱਚ ਨਾਗਰਿਕਤਾ ਦੀ ਸਭ ਤੋਂ ਵੱਡੀ ਰੱਦੋਬਦਲ ਜਾਰੀ ਰੱਖੇਗਾ। ਸਾਡਾ ਸੰਦੇਸ਼ ਸਪੱਸ਼ਟ ਹੈ: ਅਮਰੀਕਾ ਨਾਗਰਿਕਤਾ ਪ੍ਰਕਿਰਿਆ ਵਿੱਚ ਧੋਖਾਧੜੀ ਨੂੰ ਬਰਦਾਸ਼ਤ ਨਹੀਂ ਕਰੇਗਾ।’

(ਬਾਕੀ ਸਫ਼ਾ 26 ’ਤੇ)


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

ਵਿਵਾਦਾਂ ਦੇ 'ਰਾਜਾ' ਦੀ ਵਿਦਾਇਗੀ

# ਕੀ ਪਰਗਟ ਸਿੰਘ ਮੁਕਾ ਸਕਣਗੇ ਪੰਜਾਬ ਕਾਂਗਰਸ ਦੀ ਅੰਦਰੂਨੀ ਧੜੇਬੰਦੀ ?

## ਚੰਨੀ ਧੜੇ ਦਾ ਦਬਾਅ ਜਾਂ ਸਚਿਨ ਪਾਇਲਟ ਦੀ ਰਿਪੋਰਟ ? ਜਾਣੋ ਵੜਿੰਗ ਦੀ ਕੁਰਸੀ ਖੁੱਸਣ ਦੇ ਅਸਲ ਕਾਰਨ

ਪੰਜਾਬ ਕਾਂਗਰਸ ਅੰਦਰ ਲੰਮੇ ਸਮੇਂ ਤੋਂ ਚੱਲ ਰਹੀ ਖਿੱਚੋਤਾਣ ਆਖ਼ਰਕਾਰ ਵੱਡੇ ਧਮਾਕੇ ਨਾਲ ਗੱਲ ਪੈ ਗਈ ਹੈ। ਕਾਂਗਰਸ ਹਾਈਕਮਾਂਡ ਨੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਥਾਂ ਜਲੰਧਰ ਕੈਂਟ ਤੋਂ ਵਿਧਾਇਕ ਅਤੇ ਸਾਬਕਾ ਭਾਰਤੀ ਹਾਕੀ ਕਪਤਾਨ ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਦਾ ਨਵਾਂ ਪ੍ਰਧਾਨ ਥਾਪ ਦਿੱਤਾ ਹੈ।

ਵਿਧਾਨ ਸਭਾ ਚੋਣਾਂ ਦੀ ਤਿਆਰੀ ਦੌਰਾਨ ਲਿਆ ਗਿਆ ਇਹ ਫ਼ੈਸਲਾ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਪੂਰੀ ਤਰ੍ਹਾਂ ਹਲੂਣ ਗਿਆ ਹੈ। ਰਾਜਾ ਵੜਿੰਗ ਵੱਲੋਂ ਰਾਹੁਲ ਗਾਂਧੀ ਨੂੰ ਅਸਤੀਫ਼ਾ ਸੌਂਪਣ ਤੋਂ ਕੁਝ ਹੀ ਘੰਟਿਆਂ ਬਾਅਦ ਇਹ ਨਿਯੁਕਤੀ ਪੱਤਰ ਜਾਰੀ ਕਰ ਦਿੱਤਾ ਗਿਆ ਸੀ। ਹਾਕੀ ਦੇ ਸਰਦਾਰ ਰਹਿ ਚੁਕੇ ਪਰਗਟ ਸਿੰਘ ਪੰਜਾਬੀ ਸੂਬਾ ਬਣਨ ਮਗਰੋਂ ਸੂਬਾ ਕਾਂਗਰਸ ਦੇ 17ਵੇਂ ਪ੍ਰਧਾਨ ਬਣੇ ਹਨ।ਮਹਿੰਦਰ ਸਿੰਘ ਕੇਪੀ ਤੋਂ ਬਾਅਦ ਦੋਆਬੇ ਦੇ ਹਿੱਸੇ ਇਹ ਕੁਰਸੀ ਦੂਜੀ ਵਾਰ ਆਈ ਹੈ।

**ਰਾਜਾ ਵੜਿੰਗ ਦੀ ਹਾਈਕਮਾਂਡ ਤੋਂ ਨਾਰਾਜ਼ਗੀ ਦਾ ਅਸਲ ਸੱਚ**

ਕਾਗ਼ਜ਼ੀ ਤੌਰ 'ਤੇ ਰਾਜਾ ਵੜਿੰਗ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਅਸਤੀਫ਼ਾ ਦਿੱਤਾ ਹੈ ਅਤੇ ਉਨ੍ਹਾਂ ਤੋਂ ਕਿਸੇ ਨੇ ਅਹੁਦਾ ਨਹੀਂ ਮੰਗਿਆ ਪਰ ਸਿਆਸੀ ਗਲਿਆਰਿਆਂ ਦੀ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਵੜਿੰਗ ਅੰਦਰੋਂ ਹਾਈਕਮਾਂਡ ਅਤੇ ਖ਼ਾਸ ਤੌਰ 'ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਦੀ ਕਾਰਜਸ਼ੈਲੀ ਤੋਂ ਸਖ਼ਤ ਖ਼ਫ਼ਾ ਸਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਵੜਿੰਗ ਸੂਬੇ ਦੇ ਵੱਡੇ ਨੇਤਾਵਾਂ ਨੂੰ ਨਾਲ ਤੋਰਨ ਵਿੱਚ ਨਾਕਾਮ ਰਹੇ ਹਨ। ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਪ੍ਰਤਾਪ ਸਿੰਘ ਬਾਜਵਾ ਵਰਗੇ ਕੱਦਾਵਰ ਆਗੂਆਂ ਨਾਲ ਉਨ੍ਹਾਂ ਦੀਆਂ ਦੂਰੀਆਂ ਲਗਾਤਾਰ ਵਧਦੀਆਂ ਗਈਆਂ ਸਨ। ਜੁਲਾਈ ਵਿੱਚ ਚੋਣ ਕਮੇਟੀਆਂ ਬਣਨ ਤੋਂ ਬਾਅਦ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਚਿਹਰਾ ਬਣਾਉਣ ਦੀ ਮੰਗ ਜ਼ੋਰ ਫੜ ਗਈ ਸੀ। ਚੰਨੀ ਧੜੇ ਨੇ ਵੜਿੰਗ ਦੇ ਸਮਾਗਮਾਂ ਦਾ ਬਾਈਕਾਟ ਕਰ ਦਿੱਤਾ ਸੀ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ 7 ਸੀਟਾਂ ਜ਼ਰੂਰ ਜਿੱਤੀਆਂ, ਪਰ ਵਿਧਾਨ ਸਭਾ ਜ਼ਿਮਨੀ ਚੋਣਾਂ ਵਿੱਚ ਪਾਰਟੀ ਬੁਰੀ ਤਰ੍ਹਾਂ ਪਛੜ ਗਈ ਸੀ। ਇੱਥੋਂ ਤੱਕ ਕਿ ਵੜਿੰਗ ਆਪਣੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਆਪਣੀ ਜੱਦੀ ਸੀਟ ਗਿੱਦੜਬਾਹਾ ਤੋਂ ਵੀ ਨਾ ਜਿਤਾ ਸਕੇ।

ਤਰਨ ਤਾਰਨ ਵਿੱਚ ਮਰਹੂਮ ਨੇਤਾ ਬੂਟਾ ਸਿੰਘ ਬਾਰੇ ਕੀਤੀ ਜਾਤੀ ਸੂਚਕ ਟਿੱਪਣੀ ਨੇ ਪਾਰਟੀ ਦੇ ਅਕਸ ਨੂੰ ਜਨਤਕ ਤੌਰ 'ਤੇ ਢਾਹ ਲਾਈ ਸੀ।

ਸਿਆਸੀ ਮਾਹਿਰ ਸੀਨੀਅਰ



ਪੱਤਰਕਾਰ ਸੁਖਦੇਵ ਸਿੰਘ ਚੰਡੀਗੜ੍ਹ ਭੂਪੇਸ਼ ਬਘੇਲ ਦੀ ਥਾਂ ਜਦੋਂ ਸਚਿਨ ਪਾਇਲਟ ਇੰਚਾਰਜ ਬਣ ਕੇ ਪੰਜਾਬ ਆਏ ਤਾਂ ਉਨ੍ਹਾਂ ਨੇ ਹੇਠਲੇ ਪੱਧਰ ਤੋਂ ਫੀਡਬੈਕ ਲਈ। ਪਾਇਲਟ ਨੇ ਸਪੱਸ਼ਟ ਕਰ ਦਿੱਤਾ ਕਿ ਵੜਿੰਗ ਦੇ ਚਿਹਰੇ ਨਾਲ ਪਾਰਟੀ ਚੋਣ ਮੈਦਾਨ ਵਿੱਚ ਇੱਕਜੁੱਟ ਹੋ ਕੇ ਨਹੀਂ ਉਤਰ ਸਕਦੀ। ਵੜਿੰਗ ਨੇ ਅਸਤੀਫ਼ੇ ਮਗਰੋਂ ਪਾਇਲਟ ਨੂੰ ਆਪਣੀ ਵਿਦਾਇਗੀ ਲਈ ਜ਼ਿੰਮੇਵਾਰ ਠਹਿਰਾਇਆ।

ਅਸਤੀਫ਼ਾ ਦੇਣ ਤੋਂ ਬਾਅਦ ਵੜਿੰਗ ਨੇ ਮਹਾਤਮਾ ਗਾਂਧੀ ਦੀ ਤਸਵੀਰ ਅਤੇ ਰਾਹੁਲ ਗਾਂਧੀ ਦੀ ਪੋਸਟ ਸਾਂਝੀ ਕਰਦਿਆਂ ਲਿਖਿਆ– 'ਤੁਸੀਂ ਕਦੇ ਝੁਕਣਾ ਨਹੀਂ ਸਿਖਾਇਆ...'। ਇਸ ਭਾਵੁਕ ਪੋਸਟ ਨੇ ਸਾਫ਼ ਕਰ ਦਿੱਤਾ ਕਿ ਵੜਿੰਗ ਨੇ ਇਹ ਫ਼ੈਸਲਾ ਖ਼ੁਸ਼ੀ ਨਾਲ ਨਹੀਂ, ਸਗੋਂ ਹਾਈਕਮਾਂਡ ਦੇ ਦਬਾਅ ਹੇਠ ਲਿਆ ਹੈ।

**ਜ਼ਿੰਮੇਵਾਰੀ ਸੰਭਾਲਣ ਮਗਰੋਂ ਕਿਸ ਆਗੂ ਨੇ ਕੀ ਕਿਹਾ ?**

ਨਵੀਂ ਨਿਯੁਕਤੀ ਤੋਂ ਤੁਰੰਤ ਬਾਅਦ ਪਾਰਟੀ ਦੇ ਸੀਨੀਅਰ ਲੀਡਰਾਂ ਵੱਲੋਂ ਨਪੇ-ਤੁਲੇ ਬਿਆਨ ਸਾਹਮਣੇ ਆਏ ਹਨ। ਨਵੇਂ ਬਣੇ ਪ੍ਰਧਾਨ ਪਰਗਟ ਸਿੰਘ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਸੀ ਕਿ "ਮੈਂ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ, ਕੇ.ਸੀ. ਵੇਣੂਗੋਪਾਲ, ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਅਤੇ ਸਾਰੇ ਸੀਨੀਅਰ ਆਗੂਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਪੰਜਾਬ ਵਿੱਚ ਕਾਂਗਰਸ ਨੂੰ ਮਜ਼ਬੂਤ ਕਰਨ ਅਤੇ ਸੂਬੇ ਦੇ ਲੋਕਾਂ ਦੀ ਸੇਵਾ ਕਰਨ ਲਈ ਪੂਰੀ ਲਗਨ ਅਤੇ ਵਚਨਬੱਧਤਾ ਨਾਲ ਕੰਮ ਕਰਾਂਗਾ।"

ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਰਗਟ ਸਿੰਘ ਨਾਲ ਤਸਵੀਰ ਸਾਂਝੀ ਕਰਦਿਆਂ ਲਿਖਿਆ ਕਿ ਸਾਨੂੰ ਕਿਸੇ ਗੱਲ ਦਾ ਕੋਈ ਮਲਾਲ ਨਹੀਂ ਹੈ। ਮੈਂ ਖ਼ੁਦ ਅਸਤੀਫ਼ਾ ਦਿੱਤਾ ਹੈ, ਮੰਗਿਆ ਨਹੀਂ ਗਿਆ ਸੀ। ਪਰਗਟ ਸਿੰਘ ਜੀ ਨੂੰ ਨਵੀਂ ਜ਼ਿੰਮੇਵਾਰੀ ਦੀਆਂ ਬਹੁਤ-ਬਹੁਤ ਮੁਬਾਰਕਾਂ। ਹੁਣ ਮੈਨੂੰ ਕੁਝ ਦਿਨ ਆਰਾਮ ਦੀ ਲੋੜ ਹੈ।

ਸੀਨੀਅਰ ਕਾਂਗਰਸੀ ਨੇਤਾ ਚਰਨਜੀਤ ਸਿੰਘ ਚੰਨੀ ਨੇ ਖੁੱਲ੍ਹੇ ਦਿਲ ਨਾਲ ਇਸ ਬਦਲਾਅ ਦਾ ਸਵਾਗਤ ਕਰਦਿਆਂ ਕਿਹਾ ਕਿ ਅਸੀਂ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ, ਰਾਹੁਲ ਗਾਂਧੀ, ਸਚਿਨ ਪਾਇਲਟ ਅਤੇ ਸਮੁੱਚੀ ਹਾਈਕਮਾਨ ਦੇ ਇਸ ਫ਼ੈਸਲੇ ਦਾ ਸਵਾਗਤ ਕਰਦੇ ਹਾਂ। ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਉਣਾ ਇੱਕ ਸ਼ਲਾਘਾਯੋਗ ਕਦਮ ਹੈ।

ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ ਕਿ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਪਰਗਟ ਸਿੰਘ ਨੂੰ ਹਾਰਦਿਕ ਵਧਾਈ। ਵਿਸ਼ਵਾਸ ਹੈ ਕਿ ਤੁਹਾਡੇ ਤਜਰਬੇ ਅਤੇ ਅਗਵਾਈ ਹੇਠ ਪੰਜਾਬ ਕਾਂਗਰਸ ਏਕਤਾ, ਸਾਂਝ ਅਤੇ ਲੋਕਾਂ ਦੇ ਹੱਕਾਂ ਦੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਏਗੀ। ਮੈਨੂੰ ਪੂਰਾ ਯਕੀਨ ਹੈ ਕਿ ਕਾਂਗਰਸ ਆਉਣ ਵਾਲੀਆਂ ਚੋਣਾਂ ਵਿੱਚ ਪੂਰਨ ਬਹੁਮਤ ਨਾਲ ਸਰਕਾਰ ਬਣਾਏਗੀ।

**ਖੇਡ ਮੈਦਾਨ ਤੋਂ ਸਿਆਸਤ ਦੇ ਅਖਾੜੇ ਤੱਕ: ਪਰਗਟ ਸਿੰਘ ਦਾ ਸਫ਼ਰ**

ਪਰਗਟ ਸਿੰਘ ਦਾ ਪਿਛੋਕੜ ਰਵਾਇਤੀ ਸਿਆਸਤਦਾਨਾਂ ਨਾਲੋਂ ਬਿਲਕੁਲ ਵੱਖਰਾ ਹੈ। ਉਹ ਜਲੰਧਰ ਦੇ ਮਸ਼ਹੂਰ ਪਿੰਡ ਮਿੱਠਾਪੁਰ ਨਾਲ ਸਬੰਧਤ ਹਨ, ਜੋ ਹਾਕੀ ਖਿਡਾਰੀਆਂ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ। ਉਹ ਭਾਰਤੀ ਹਾਕੀ ਟੀਮ ਦੇ ਪ੍ਰਮੁੱਖ ਫੁੱਲ-ਬੈਕ ਰਹੇ। ਉਨ੍ਹਾਂ ਨੇ 1988, 1992 ਅਤੇ 1996 ਦੇ ਉਲੰਪਿਕ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਦੋ ਉਲੰਪਿਕ ਖੇਡਾਂ ਵਿੱਚ ਉਨ੍ਹਾਂ ਨੇ ਟੀਮ ਦੀ ਕਪਤਾਨੀ ਕੀਤੀ ਸੀ। 1989 ਵਿੱਚ ਉਨ੍ਹਾਂ ਨੂੰ ਅਰਜੁਨ ਐਵਾਰਡ ਅਤੇ 1998 ਵਿੱਚ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਖੇਡਾਂ ਤੋਂ ਬਾਅਦ ਉਹ ਪੰਜਾਬ ਪੁਲਿਸ ਵਿੱਚ ਐੱਸ.ਪੀ. (ਸੁਪਰਡੈਂਟ ਆਫ਼ ਪੁਲੀਸ) ਰਹੇ। ਸਰਕਾਰੀ ਨੌਕਰੀ ਛੱਡ ਕੇ ਉਹ 2012 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਜਲੰਧਰ ਕੈਂਟ ਤੋਂ ਪਹਿਲੀ ਵਾਰ ਵਿਧਾਇਕ ਬਣੇ ਸਨ। ਬਾਦਲ ਪਰਿਵਾਰ ਦੀ ਕਾਰਜਸ਼ੈਲੀ ਦਾ ਵਿਰੋਧ ਕਰਦਿਆਂ ਉਨ੍ਹਾਂ ਨੇ ਅਕਾਲੀ ਦਲ ਛੱਡ ਦਿੱਤਾ ਸੀ। ਨਵਜੋਤ ਸਿੱਧੂ ਅਤੇ ਬੈਂਸ ਭਰਾਵਾਂ ਨਾਲ 'ਆਵਾਜ਼-ਏ-ਪੰਜਾਬ' ਮੋਰਚਾ ਬਣਾਇਆ ਸੀ ਜੋ ਸਫਲ ਨਾ ਹੋ ਸਕਿਆ।2017 ਵਿੱਚ ਉਹ ਕਾਂਗਰਸ ਵਿੱਚ ਆਏ ਅਤੇ ਲਗਾਤਾਰ ਦੂਜੀ ਵਾਰ ਜਿੱਤੇ। ਚਰਨਜੀਤ ਸਿੰਘ ਚੰਨੀ ਦੀ ਸਰਕਾਰ ਦੌਰਾਨ ਉਹ ਸਕੂਲ ਸਿੱਖਿਆ, ਉੱਚ ਸਿੱਖਿਆ ਅਤੇ ਖੇਡ ਮੰਤਰੀ ਰਹੇ।

# ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਵਿਚਾਲੇ ਸਾਂਝ ਤੇ ਸਹਿਯੋਗ ਦੀ ਜ਼ਰੂਰਤ: ਡਾ. ਨਬੀਲਾ ਰਹਿਮਾਨ

## ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਤੇ ਪੰਜਾਬੀ ਰੇਡੀਓ ਯੂ.ਐੱਸ.ਏ. ਵੱਲੋਂ ਦੋਵਾਂ ਪੰਜਾਬਾਂ ਦੀ ਸਾਂਝੀ ਧੀ ਨਬੀਲਾ ਰਹਿਮਾਨ ਦਾ ਸਨਮਾਨ

## ਦੋਵਾਂ ਪਾਸਿਆਂ ਵਿੱਚ ਅਟੁੱਟ ਸਾਂਝ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ

ਫ਼ਰਿਜਨੋਂ/ਏ.ਟੀ.ਨਿਊਜ਼: ਪੱਛਮੀ ਪੰਜਾਬ ਵਿੱਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਪਾ ਰਹੀ ਪ੍ਰੋਫ਼ੈਸਰ ਡਾਕਟਰ ਨਬੀਲਾ ਰਹਿਮਾਨ ਨੇ ਦੋਵਾਂ ਪੰਜਾਬਾਂ ਵਿੱਚ ਅਟੁੱਟ ਸਾਂਝ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਦੀ ਪ੍ਰਿੰਸੀਪਲ ਡਾਕਟਰ ਨਬੀਲਾ ਰਹਿਮਾਨ ਨੇ ਇਸ ਵਿਚਾਰ ਇੱਥੇ ਕੀਤੇ ਇੱਕ ਸਮਾਗਮ ਸ਼ਾਨਦਾਰ ਦੌਰਾਨ ਬੋਲਦਿਆਂ ਪ੍ਰਗਟਾਏ।ਝੰਗ ਯੂਨੀਵਰਸਿਟੀ ਦੀ ਸਾਬਕਾ ਵਾਈਸ ਚਾਂਸਲਰ ਅਤੇ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ ਪੰਜਾਬੀ ਅਤੇ ਗੁਰਮੁਖੀ ਦੀ ਪੜ੍ਹਾਈ ਲਈ ਮੋਹਰੀ ਵਜੋਂ ਜਾਣੇ ਜਾਂਦੇ ਡਾ. ਨਬੀਲਾ ਨੇ ਇਤਿਹਾਸਕ ਹਵਾਲੇ ਦਿੰਦਿਆਂ ਪੰਜਾਬੀਆਂ ਨੂੰ ਆਪਣੇ ਸਭਿਆਚਾਰ ਖ਼ਾਸ ਕਰ ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਵਿਚਾਲੇ ਸਾਂਝ ਤੇ ਸਹਿਯੋਗ ਦੀ ਜ਼ਰੂਰਤ ਦਾ ਅਹਿਸਾਸ ਕਰਵਾਉਂਦਿਆਂ ਅਹਿਮ ਸੁਝਾਅ ਦਿੱਤੇ। ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਅਤੇ ਪੰਜਾਬੀ ਰੇਡੀਓ ਯੂ. ਐੱਸ. ਏ. ਵੱਲੋਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਯੂ.ਐੱਸ.ਏ. ਦੇ ਵਿਸ਼ੇਸ਼



ਸਹਿਯੋਗ ਨਾਲ ਕੀਤੀ ਇਸ ਸਾਹਿਤਕ ਮਿਲਣੀ ਵਿੱਚ ਵਿਸ਼ਵ ਭਰ ਵਿੱਚ ਵਸਦੇ ਪੰਜਾਬੀਆਂ ਦੇ ਭਾਸ਼ਾਈ ਤੇ ਸਭਿਆਚਾਰਕ ਸਰੋਕਾਰਾਂ ਬਾਰੇ ਬਹੁਤ ਸਾਰਥਕ ਵਿਚਾਰਾਂ ਕੀਤੀਆਂ ਗਈਆਂ।

ਰੇਡੀਓ ਹੋਸਟ ਅਤੇ ਡਾ. ਨਬੀਲਾ ਦੀ ਨਿਗਰਾਨੀ ਹੇਠ ਪੰਜਾਬੀ ਰੇਡੀਓ ਪੱਤਰਕਾਰੀ ਦੇ ਵਿਸ਼ੇ ਉੱਤੇ ਪੀਐੱਚਡੀ ਦੇ ਖੋਜਾਰਥੀ ਮਸੂਦ ਮੱਲ੍ਹੀ ਨੇ ਆਪਣੇ ਵਿਲੱਖਣ ਅੰਦਾਜ਼ ਰਾਹੀਂ ਆਪਣੀ ਗੁਰੂ ਦਾ ਸਵਾਗਤ ਅਤੇ ਮੋਹ ਭਰੀਆਂ ਗੱਲਾਂ ਕੀਤੀਆਂ। ਪੰਜਾਬੀ ਰੇਡੀਓ ਯੂ.ਐੱਸ.ਏ. ਵੱਲੋਂ ਸਥਾਪਤ ਕੀਤੇ ਪੰਜਾਬੀ ਕਲਚਰਲ ਸੈਂਟਰ ਦੀ ਟੀਮ ਦੀ ਤਰਫ਼ੋਂ ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ ਨੇ ਪ੍ਰੋਗਰਾਮ ਦੇ ਸ਼ੁਰੂ ਵਿੱਚ ਡਾ. ਨਬੀਲਾ ਦਾ ਸਵਾਗਤ ਕਰਦਿਆਂ ਉਨ੍ਹਾਂ ਦੇ ਜੀਵਨ ਤੇ ਅਕਾਦਮਿਕ ਸਫ਼ਰ ਦੇ ਅਹਿਮ ਪੜਾਵਾਂ ਨਾਲ ਹਾਜਰੀਨ ਦੀ ਸਾਂਝ ਪਵਾਈ।

ਪੰਜਾਬੀ ਰੇਡੀਓ ਯੂਐੱਸ ਏ ਫ਼ਰਿਜਨੋਂ ਦੇ ਸਟੂਡੀਓ ਦੇ ਵਿਹੜੇ ਕਰਵਾਏ ਇਸ ਇੱਕ ਰੋਜ਼ਾ ਸਮਾਗਮ ਵਿੱਚ ਹੋਏ ਕਵੀ ਦਰਬਾਰ ਵਿੱਚ ਸ਼ਾਇਰਾਂ ਨੇ ਆਪਣੇ ਆਪਣੇ ਕਲਾਮ ਤੇ ਅੰਦਾਜ਼ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ।

ਪੰਜਾਬੀ ਰੇਡੀਓ ਯੂ.ਐੱਸ.ਏ. ਨੂੰ ਬੁਲੰਦੀਆਂ ਵੱਲ ਲਿਜਾਉਣ ਵਾਲੇ ਹਰਜੋਤ ਸਿੰਘ ਖ਼ਾਲਸਾ ਤੇ ਬਲਵਿੰਦਰ ਕੌਰ ਖ਼ਾਲਸਾ ਵੱਲੋਂ ਸਨਮਾਨ ਲਈ ਉਲੀਕੇ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰਿੰਸੀਪਲ ਡਾ. ਦਲਜੀਤ ਸਿੰਘ ਨੇ ਨਬੀਲਾ ਰਹਿਮਾਨ ਵੱਲੋਂ ਪੰਜਾਬੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਨਾ ਕਰਦਿਆਂ ਉਨ੍ਹਾਂ ਦੇ ਫ਼ਰਿਜ਼ਨੋਂ ਪਹੁੰਚਣ ਨੂੰ ਸਭਨਾਂ ਦਾ ਧੰਨਭਾਗ ਦੱਸਿਆ।

ਹਰਮਨ-ਪਿਆਰੇ ਰੇਡੀਓ ਹੋਸਟ ਰਾਜਕਰਨਬੀਰ ਸਿੰਘ ਨੇ ਦੱਸਿਆ ਕਿ ਇਸ ਸੈਂਟਰ ਨੂੰ ਸਥਾਪਤ ਕਰਨ ਦਾ ਮੁੱਖ ਮੰਤਵ ਹਰ ਉਮਰ ਦੇ ਪੰਜਾਬੀਆਂ ਨੂੰ ਉਸਾਰੂ ਰੁਝੇਵਿਆਂ ਵਾਸਤੇ ਪਲੇਟਫ਼ਾਰਮ ਪ੍ਰਦਾਨ ਕਰਨਾ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਜੀਨ ਤੇ ਵਿਰਾਸਤ ਦੇ ਉੱਘੇ ਵਿਗਿਆਨੀ, ਵਿਦਵਾਨ ਤੇ ਸ਼ਾਇਰ ਡਾ. ਗੁਰਮੇਲ ਸਿੰਘ ਸਿੱਧੂ ਲਾਇਬਰੇਰੀ ਦੀ ਨਵੀਂ ਦਿੱਖ ਦੀ ਘੁੰਡ ਚੁਕਾਈ ਡਾ. ਨਬੀਲਾ ਰਹਿਮਾਨ ਨੇ ਨਿਭਾਈ। ਵਰਨਣਯੋਗ ਹੈ ਕਿ ਫ਼ਰਿਜਨੋਂ ਸਟੇਟ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਡਾ. ਗੁਰਮੇਲ ਸਿੱਧੂ ਸੰਨ 2020 ਵਿੱਚ ਸਦੀਵੀ ਵਿਛੋੜੇ ਤੋਂ ਪਹਿਲਾਂ ਕਿਤਾਬਾਂ ਦਾ ਵੱਡਾ ਤੇ ਵਡਮੁੱਲਾ ਖ਼ਜ਼ਾਨਾ ਪੰਜਾਬੀ ਕਲਚਰਲ ਸੈਂਟਰ ਦੇ ਹਵਾਲੇ ਕਰ ਗਏ ਸਨ ਉੱਘੇ ਸ਼ਾਇਰ ਹਰਜਿੰਦਰ ਕੰਗ ਨੇ ਕਵੀ ਦਰਬਾਰ ਦੀ ਵਾਗ-ਡੋਰ ਸੰਭਾਲਦਿਆਂ ਸ਼ਾਇਰਾਂ ਤੇ ਸਰੋਤਿਆਂ ਵਿਚਾਲੇ ਕਾਵਿਕ ਪੁਲ ਦਾ ਰੋਲ ਨਿਭਾਇਆ।ਕਵੀ ਦਰਬਾਰ ਵਿੱਚ ਬੇਏਰੀਆ ਤੋਂ ਉਚੇਚਾ ਪਹੁੰਚੇ ਵਿਸਪਾਅ ਦੇ ਮੋਹਰੀਆਂ ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਨਛੱਤਰ ਭੋਗਲ (ਬਰਮਿੰਗਮ ਯੂ ਕੇ), ਸਥਾਨਕ ਸ਼ਾਇਰਾਂ ਸੰਤੋਖ ਸਿੰਘ ਮਿਨਹਾਸ, ਰਣਜੀਤ ਸਿੰਘ ਗਿੱਲ, ਦਲਜੀਤ ਰਿਆੜ, ਇੰਦਰਜੀਤ ਚੌਗਾਵਾਂ, ਹੈਰੀ ਮਾਨ, ਮਹਿੰਦਰ ਸਿੰਘ ਸੰਧਾਵਾਲੀਆ, ਕੁੰਦਨ ਸਿੰਘ ਧਾਮੀ, ਸਰਬਜੀਤ ਸਿੰਘ ਸਰਾਂ ਅਤੇ ਇੰਦਰਜੀਤ ਸਿੰਘ ਬਰਾੜ ਨੇ ਆਪਣਾ ਕਲਾਮ ਪੜ੍ਹਿਆ। ਹੋਰਨਾਂ ਤੋਂ ਇਲਾਵਾ ਫ਼ਰਿਜ਼ਨੋਂ ਬੀ ਅਖ਼ਬਾਰ ਦੇ ਪੱਤਰਕਾਰ ਗਗਨਜੀਤ ਸਿੰਘ, ਅਰਸ਼ਦੀਪ ਸਿੰਘ ਅਤੇ ਹੋਸਟ ਪਰਵੀਨ ਸ਼ਰਮਾ ਨੇ ਵੀ ਵਿਚਾਰ ਸਾਂਝੇ ਕੀਤੇ। ਕਵੀ ਦਰਬਾਰ ਦੀ ਸਮਾਪਤੀ ਤੋਂ ਪਹਿਲਾਂ ਸਨਮਾਨ ਵੇਲੇ ਬੀਬੀ ਬਲਵਿੰਦਰ ਕੌਰ ਖਾਲਸਾ ਨੇ ਡਾ. ਨਬੀਲਾ ਨੂੰ ਸ਼ਾਲ ਅਤੇ ਦਿਲਪ੍ਰੀਤ ਸਿੰਘ ਨੇ ਸਨਮਾਨ ਚਿੰਨ੍ਹ ਭੇਟ ਕੀਤਾ।

ਹਰਜਿੰਦਰ ਕੰਗ ਦੀ ਸਭਨਾਂ ਨੂੰ ਭਾਵੁਕ ਕਰਦੀ ਨਜ਼ਮ 'ਇਸ ਵਾਰੀ ਜਦ ਪਿੰਡੋਂ ਹੋ ਕੇ ਆਇਆ ਹਾਂ...' ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

### ਰੋਬੋਟਿਕ ਤੇ ਡਰੋਨ ਜੰਗ ਵੱਲ ਵਧੀ ਅਮਰੀਕੀ ਫ਼ੌਜ

# ਸੀਨੀਅਰ ਕਮਾਂਡਰਾਂ ਦੀ ਗਿਣਤੀ ਘਟਾਉਣ ਦੇ ਫ਼ੈਸਲੇ ’ਤੇ ਵਿਵਾਦ

## ਅਮਰੀਕੀ ਫ਼ੌਜ ਵਿੱਚ ਇਤਿਹਾਸਕ ਫ਼ੇਰਬਦਲ; ਟਰੰਪ ਪ੍ਰਸ਼ਾਸਨ ਦਾ ਵੱਡਾ ਕਦਮ, ਸੰਸਦ ਮੈਂਬਰਾਂ ਵੱਲੋਂ ਵਿਰੋਧ

ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਇਸ ਵੇਲੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਸਭ ਤੋਂ ਵੱਡੇ ਪ੍ਰਸ਼ਾਸਨਿਕ ਅਤੇ ਸੰਚਾਲਨ ਫ਼ੇਰਬਦਲ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਰੱਖਿਆ ਮੰਤਰੀ ਪੀਟ ਹੇਗਸੇਥ ਵੱਲੋਂ ਕੁਆਂਟਿਕੋ ਮਰੀਨ ਕੋਰ ਬੇਸ ’ਤੇ ਆਪਣੇ ਸਾਲਾਨਾ ‘ਸਟੇਟ ਆਫ਼ ਦ ਫ਼ੋਰਸ’ ਸੰਬੋਧਨ ਦੌਰਾਨ ਕੀਤੇ ਐਲਾਨ ਸਿਰਫ਼ ਨਿਯਮਿਤ ਬਦਲਾਅ ਨਹੀਂ, ਸਗੋਂ ਰਵਾਇਤੀ ਫ਼ੌਜੀ ਢਾਂਚੇ ਨੂੰ ਜੜ੍ਹੋਂ ਹਿਲਾਉਣ ਵਾਲੀ ਰਣਨੀਤੀ ਹਨ। ਫ਼ੌਜ ਦੇ ਸਿਖਰਲੇ ਢਾਂਚੇ ਵਿੱਚੋਂ 20 ਪ੍ਰਤੀਸ਼ਤ ਜਨਰਲਾਂ ਅਤੇ ਐਡਮਿਰਲਾਂ ਦੀ ਛਾਂਟੀ ਅਤੇ ਓਟੋਨੋਮਸ ਤੇ ਰੋਬੋਟਿਕ ਵਾਰਫ਼ੇਅਰ (ਡਰੋਨ ਕਮਾਂਡ) ਲਈ ਨਵੀਂ ਚਾਰ-ਸਿਤਾਰਾ ਕਮਾਂਡ ਦੀ ਸਥਾਪਨਾ ਸਪੱਸ਼ਟ ਸੰਕੇਤ ਦਿੰਦੀ ਹੈ ਕਿ ਵਾਸ਼ਿੰਗਟਨ ਭਵਿੱਖੀ ਯੁੱਧਾਂ ਦੀ ਤਿਆਰੀ ਬਾਰੇ ਨਵੀਂ ਖਤਰਨਾਕ ਨੀਤੀ ਘੜਨਾ ਚਾਹੁੰਦਾ ਹੈ।



**ਸੀਨੀਅਰ ਲੀਡਰਸ਼ਿਪ ਵਿੱਚ 20% ਕਟੌਤੀ**

ਦੂਜੇ ਵਿਸ਼ਵ ਯੁੱਧ ਦੇ ਮੁਕਾਬਲੇ ਅਮਰੀਕੀ ਫ਼ੌਜ ਵਿੱਚ ਜ਼ਮੀਨੀ (ਫ਼ੀਲਡ) ਸੈਨਿਕਾਂ ਦੀ ਗਿਣਤੀ ਭਾਵੇਂ ਘਟੀ ਸੀ, ਪਰ ਇਸਦੇ ਉਲਟ ਉੱਚ-ਅਧਿਕਾਰੀਆਂ (ਫ਼ਲੈਗ-ਅਫ਼ਸਰਾਂ) ਦੀ ਤਾਦਾਦ ਲਗਾਤਾਰ ਵਧਦੀ ਰਹੀ ਸੀ। ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਪੈਂਟਾਗਨ ਦਾ ਫ਼ੈਸਲਾ-ਕੁੰਨ ਢਾਂਚਾ ਬਹੁਤ ਭਾਰੀ, ਸੁਸਤ ਅਤੇ ਨੌਕਰਸ਼ਾਹੀ ਦੇ ਜਾਲ਼ ਵਿੱਚ ਉਲਝਿਆ ਹੋਇਆ ਹੈ। ਇਸੇ ਲਈ ਸਿਖਰਲੇ 20 ਫ਼ੀਸਦੀ ਅਹੁਦਿਆਂ ’ਤੇ ਕਟੌਤੀ ਕਰਕੇ ਫ਼ੀਲਡ ਕਮਾਂਡਰਾਂ ਨੂੰ ਤੁਰੰਤ ਅਤੇ ਸੁਤੰਤਰ ਫ਼ੈਸਲੇ ਲੈਣ ਦੇ ਯੋਗ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ।

ਕਈ ਅਮਰੀਕੀ ਸੰਸਦ ਮੈਂਬਰਾਂ ਅਤੇ ਰੱਖਿਆ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜਦੋਂ ਫ਼ੌਜ ਪਹਿਲਾਂ ਹੀ ਗੰਭੀਰ ਭੂ-ਰਾਜਨੀਤਿਕ ਚੁਣੌਤੀਆਂ ਨਾਲ ਜੂਝ ਰਹੀ ਹੈ, ਤਾਂ ਇੰਨੇ ਵੱਡੇ ਪੱਧਰ ’ਤੇ ਸੀਨੀਅਰ ਲੀਡਰਸ਼ਿਪ ਨੂੰ ਹਟਾਉਣਾ ਫ਼ੌਜ ਦੇ ਤਜਰਬੇ ਅਤੇ ਤਿਆਰੀ ਨੂੰ ਕਮਜ਼ੋਰ ਕਰ ਸਕਦਾ ਹੈ। ਆਲੋਚਕ ਇਸ ਨੂੰ ਫ਼ੌਜੀ ਲੀਡਰਸ਼ਿਪ ਦੇ ਸਿਆਸੀਕਰਨ ਵਜੋਂ ਵੀ ਦੇਖ ਰਹੇ ਹਨ।

**ਨਵਾਂ ਡਰੋਨ ਕਮਾਂਡ: ਰਵਾਇਤੀ ਜਹਾਜ਼ਾਂ ਤੋਂ ਸਸਤੇ ਯੁੱਧ ਸਾਧਨਾਂ ਵੱਲ ਤਬਦੀਲੀ**

ਯੂਕ੍ਰੇਨ ਜੰਗ ਅਤੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਵਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਰੋੜਾਂ ਡਾਲਰਾਂ ਦੇ ਟੈਂਕ ਅਤੇ ਲੜਾਕੂ ਜਹਾਜ਼ ਕੁਝ ਲੱਖਾਂ ਜਾਂ ਹਜ਼ਾਰਾਂ ਡਾਲਰਾਂ ਦੇ ਆਤਮਘਾਤੀ ਡਰੋਨਾਂ ਅੱਗੇ ਬੇਵੱਸ ਹੋ ਜਾਂਦੇ ਹਨ। ਹੇਗਸੇਥ ਦੀ ਨੀਤੀ ਦਾ ਮੂਲ ਮੰਤਰ ਇਹ ਹੈ ਕਿ ਯੁੱਧ ਦੀ ਗਤੀ ਹੁਣ ਪੈਂਟਾਗਨ ਦੀ ਖਰੀਦ ਪ੍ਰਕਿਰਿਆ ਨਾਲੋਂ ਤੇਜ਼ ਹੋ ਚੁੱਕੀ ਹੈ।

ਨਵਾਂ ਚਾਰ-ਸਿਤਾਰਾ ਓਟੋਨੋਮਸ ਕਮਾਂਡ ਜ਼ਮੀਨੀ, ਹਵਾਈ ਅਤੇ ਸਮੁੰਦਰੀ ਰੋਬੋਟਿਕ ਸਿਸਟਮਾਂ ਨੂੰ ਇੱਕ ਸਾਂਝੀ ਛੱਤ ਹੇਠ ਲਿਆਏਗਾ, ਤਾਂ ਜੋ ਕਈ ਮਹੀਨਿਆਂ ਦੀ ਪ੍ਰਵਾਨਗੀ ਤੋਂ ਬਿਨਾਂ ਨਵੀਂ ਤਕਨੀਕ ਨੂੰ ਤੁਰੰਤ ਸਰਹੱਦਾਂ ’ਤੇ ਤਾਇਨਾਤ ਕੀਤਾ ਜਾ ਸਕੇ।

ਰਵਾਇਤੀ ਪੈਦਲ ਫ਼ੌਜ ਜਾਂ ਭਾਰੀ ਬਖ਼ਤਰਬੰਦ ਯੂਨਿਟਾਂ ਦੀ ਬਜਾਏ ਹੁਣ ਪਹਿਲ ਓਟੋਨੋਮਸ ਸਵਾਰਮਿੰਗ (ਡਰੋਨ ਝੁੰਡ) ਅਤੇ ਏ.ਆਈ.-ਸੰਚਾਲਿਤ ਹਥਿਆਰਾਂ ਨੂੰ ਦਿੱਤੀ ਜਾ ਰਹੀ ਹੈ। (ਬਾਕੀ ਸਫ਼ਾ 27 ’ਤੇ)

## ਵਧਦੀ ਮਹਿੰਗਾਈ ਲਈ ਟਰੰਪ ਨੂੰ ਜ਼ਿੰਮੇਵਾਰ ਠਹਿਰਾਅ ਰਹੇ ਹਨ ਅਮਰੀਕੀ ਲੋਕ : ਸਰਵੇਖਣ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਜਨਤਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਰਥਿਕ ਫੈਸਲਿਆਂ ਅਤੇ ਵਧਦੀ ਮਹਿੰਗਾਈ ਤੋਂ ਬਹੁਤ ਨਿਰਾਸ਼ ਹੈ, ਜ਼ਿਆਦਾਤਰ ਲੋਕ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਮਾੜਾ ਦੱਸਦੇ ਹਨ। ਇਹ ਐਸੋਸੀਏਟਿਡ ਪ੍ਰੈਸ ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ ਦੇ ਇੱਕ ਨਵੇਂ ਸਰਵੇਖਣ ਦੇ ਅਨੁਸਾਰ ਹੈ। ਨਤੀਜਿਆਂ ਦਾ ਨਵੰਬਰ ਦੀਆਂ ਚੋਣਾਂ ਵਿੱਚ ਟਰੰਪ ਦੀ ਰਿਪਬਲਿਕਨ ਪਾਰਟੀ ਦੀਆਂ ਸੰਭਾਵਨਾਵਾਂ ’ਤੇ ਅਸਰ ਪੈਣ ਦੀ ਸੰਭਾਵਨਾ ਹੈ। ਸਰਵੇਖਣ ਦੇ ਅਨੁਸਾਰ, ਸਿਰਫ 17 ਪ੍ਰਤੀਸ਼ਤ ਅਮਰੀਕੀ ਬਾਲਗਾਂ ਨੇ ਟਰੰਪ ਦੇ ਜੀਵਨ ਦੀ ਵਧਦੀ ਲਾਗਤ ਨੂੰ ਸੰਭਾਲਣ ਨੂੰ ਪ੍ਰਵਾਨਗੀ ਦਿੱਤੀ। ਸਿਰਫ 26 ਪ੍ਰਤੀਸ਼ਤ ਨੇ ਉਨ੍ਹਾਂ ਦੇ ਆਰਥਿਕ ਫੈਸਲਿਆਂ ਨੂੰ ਪ੍ਰਵਾਨਗੀ ਦਿੱਤੀ, ਜੋ ਕਿ ਹੁਣ ਤੱਕ ਦਾ ਸਭ ਤੋਂ ਘੱਟ ਹੈ।

ਸਰਵੇਖਣ ਦੇ ਅਨੁਸਾਰ 65 ਪ੍ਰਤੀਸ਼ਤ ਅਮਰੀਕੀ ਬਾਲਗ ਹੁਣ ਲਗਾਤਾਰ ਵਧਦੀ ਮਹਿੰਗਾਈ ਲਈ ਟਰੰਪ ਦੀਆਂ ਨੀਤੀਆਂ ਨੂੰ ਦੋਸ਼ੀ ਠਹਿਰਾਉਂਦੇ ਹਨ। ਇਹ ਵੱਖ-ਵੱਖ ਦੇਸ਼ਾਂ ’ਤੇ ਟੈਰਿਫਾਂ ਦੀ ਉਨ੍ਹਾਂ ਦੀ ਹਮਲਾਵਰ ਵਰਤੋਂ ਅਤੇ ਇਰਾਨ ਨਾਲ ਜੰਗ ਪ੍ਰਤੀ ਨਿਰੰਤਰ



ਅਸੰਤੁਸ਼ਟੀ ਨੂੰ ਦਰਸਾਉਂਦਾ ਹੈ। ਰੌਬਰਟ ਗੌਲਟ, ਇੱਕ 66 ਸਾਲਾ ਸੇਵਾਮੁਕਤ ਪੈਨਸਿਲਵੇਨੀਆ ਵਰਕਰ ਨੇ ਕਿਹਾ ਜੋ ਆਪਣੇ ਆਪ ਨੂੰ ਰਿਪਬਲਿਕਨ ਸਮਰਥਕ ਦੱਸਦਾ ਹੈ, ਨੇ ਕਿਹਾ,‘ਮੈਂ ਉਮੀਦ ਕਰ ਰਿਹਾ ਸੀ ਕਿ ਚੀਜ਼ਾਂ ਬਿਹਤਰ ਜਾਂ ਵੱਖਰੀਆਂ ਹੋਣਗੀਆਂ, ਪਰ ਉਹ ਅਸਲ ਵਿੱਚ ਨਹੀਂ ਹੋਈਆਂ। ਮੈਂ ਸੋਚਿਆ ਸੀ ਕਿ ਸਾਡੇ ਰਾਸ਼ਟਰਪਤੀ ਦੇਸ਼ ਦੀ ਮਦਦ ਕਰਨਗੇ, ਪਰ ਹੁਣ ਤੱਕ ਅਜਿਹਾ ਨਹੀਂ ਲੱਗਦਾ ਕਿ ਉਨ੍ਹਾਂ ਨੇ ਅਸਲ ਵਿੱਚ ਅਜਿਹਾ ਕੀਤਾ ਹੈ, ਭਾਵੇਂ ਇਹ ਅਰਥਵਿਵਸਥਾ ਹੋਵੇ ਜਾਂ ਕੁਝ ਹੋਰ। ਟਰੰਪ ਨੇ ਉਹ ਨਹੀਂ ਕੀਤਾ ਜੋ ਮੈਂ ਉਮੀਦ ਕਰਦਾ ਸੀ।’ ਪਿਛਲੇ ਕੁਝ ਮਹੀਨਿਆਂ ਤੋਂ ਅਮਰੀਕੀ ਜਨਤਾ ਰੋਜ਼ਾਨਾ ਜ਼ਰੂਰੀ ਚੀਜ਼ਾਂ, ਜਿਵੇਂ ਕਿ ਘਰੇਲੂ ਸਮਾਨ ਅਤੇ ਪੈਟਰੋਲ, ਖਰੀਦਣ ਬਾਰੇ ਚਿੰਤਤ ਹੋਈ ਹੈ।

### ਅਮਰੀਕਾ ਜਾਣਾ ਹੋਇਆ ਹੋਰ ਮਹਿੰਗਾ

## ਟਰੰਪ ਸਰਕਾਰ ਨੇ ਗਰੀਨ ਕਾਰਡ ਦੀਆਂ ਫ਼ੀਸਾਂ ’ਚ ਕੀਤਾ ਵਾਧਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਨੇ ਦੇਸ਼ ’ਚ ਨਿਵੇਸ਼ ਕਰਨ ਅਤੇ ਅੱਗੇ ਚੱਲ ਕੇ ਪੱਕੇ ਰਿਹਾਇਸ਼ (ਗਰੀਨ ਕਾਰਡ) ਹਾਸਲ ਕਰਨ ਦੇ ਖ਼ਾਹਿਸ਼ਮੰਦ ਪਰਵਾਸੀਆਂ ਲਈ ਈ ਬੀ-5 ਨਿਵੇਸ਼ਕ ਪ੍ਰੋਗਰਾਮ ਦੀ ਫੀਸ ’ਚ ਭਾਰੀ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ। ਈ ਬੀ-5 ਨਿਵੇਸ਼ਕ ਪ੍ਰੋਗਰਾਮ ਭਾਰਤੀ ਉਦਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਗਰੀਨ ਕਾਰਡ ਹਾਸਲ ਕਰਨ ਦੇ ਭਰੋਸੇਯੋਗ ਰਸਤਿਆਂ ’ਚੋਂ ਇੱਕ ਮੰਨਿਆ ਜਾਂਦਾ ਹੈ।

ਅਮਰੀਕੀ ਨਾਗਰਿਕਤਾ ਤੇ ਇਮੀਗਰੇਸ਼ਨ ਸੇਵਾ (ਯੂ ਐੱਸ ਸੀ ਆਈ ਐੱਸ) ਵੱਲੋਂ ਬੀਤੇ ਦਿਨ ਜਾਰੀ ਕੀਤੇ ਗਏ ਨਿਯਮ ਤਹਿਤ ਈ ਬੀ-5 ਵੀਜ਼ਾ ਲਈ ਅਰਜ਼ੀ ਦਾਇਰ ਕਰਨ ਦੀ ਫੀਸ ਦੁੱਗਣੇ ਤੋਂ ਵੱਧ ਹੋ ਜਾਵੇਗੀ। ਇਹ ਨਿਯਮ 30 ਨਵੰਬਰ ਤੋਂ ਅਮਲ ’ਚ ਆਵੇਗਾ। ਅਮਰੀਕਾ ਦਾ ‘ਈ ਬੀ-5 ਨਿਵੇਸ਼ਕ ਪ੍ਰੋਗਰਾਮ’ ਉਨ੍ਹਾਂ ਵਿਦੇਸ਼ੀ ਨਿਵੇਸ਼ਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਪੱਕੀ ਰਿਹਾਇਸ਼ (ਗਰੀਨ ਕਾਰਡ) ਹਾਸਲ ਕਰਨ ਦਾ ਮੌਕਾ ਦਿੰਦਾ ਹੈ ਜੋ ਕਿਸੇ ਅਮਰੀਕੀ ਵਪਾਰ ’ਚ ਨਿਰਧਾਰਤ ਪੂੰਜੀ ਦਾ ਨਿਵੇਸ਼ ਕਰਦੇ ਹਨ ਅਤੇ ਅਮਰੀਕੀ ਕਾਮਿਆਂ ਲਈ ਘੱਟੋ-ਘੱਟ 10 ਕੁੱਲਵਕਤੀ ਨੌਕਰੀਆਂ




ਪੈਦਾ ਕਰਦੇ ਹਨ। ਇਕੱਲੇ ਨਿਵੇਸ਼ ਕਰਨ ਵਾਲੇ ਅਰਜ਼ੀਕਾਰ ਲਈ ਫਾਰਮ ਆਈ-526 ਦੀ ਫੀਸ 3,675 ਡਾਲਰ ਤੋਂ ਵਧ ਕੇ 7,615 ਡਾਲਰ ਹੋ ਜਾਵੇਗੀ। ਮਨਜ਼ੂਰਸ਼ੁਦਾ ਰੀਜਨਲ ਸੈਂਟਰ ਰਾਹੀਂ ਨਿਵੇਸ਼ ਕਰਨ ਵਾਲੇ ਅਰਜ਼ੀਕਾਰ ਲਈ ਸ਼ੁਰੂਆਤੀ ਫਾਰਮ ਆਈ-526 ਲਈ ਫੀਸ 3,675 ਡਾਲਰ ਤੋਂ ਵਧ ਕੇ 7,850 ਡਾਲਰ ਹੋ ਜਾਵੇਗੀ। ਸ਼ੁਰੂਆਤੀ ਆਈ-526 ਅਤੇ ਆਈ-526 ਈ ਅਰਜ਼ੀਆਂ ’ਤੇ 75 ਡਾਲਰ ਦੀ ਤਕਨਾਲੋਜੀ ਫੀਸ ਵੀ ਲੱਗੇਗੀ। ਨਵੀਂ ਫੀਸ ਦਾ ਐਲਾਨ ਕਰਦਿਆਂ ਯੂ ਐੱਸ ਸੀ ਆਈ ਐੱਸ ਨੇ ਕਿਹਾ ਕਿ ਏਜੰਸੀ ਨੂੰ ਮੁੱਖ ਤੌਰ ’ਤੇ ਅਰਜ਼ੀ ਫੀਸ ਰਾਹੀਂ ਮਿਲਣ ਵਾਲੀ ਰਾਸ਼ੀ ਨਾਲ ਵਿੱਤੀ ਫੰਡਿੰਗ ਮਿਲਦੀ ਹੈ ਨਾ ਕਿ ਟੈਕਸਾਂ ਰਾਹੀਂ।

## ਭਾਰਤੀ ਮੂਲ ਦੀ ‘ਮਲਿਕ’ ਸੁਪੀਰੀਅਰ ਕੋਰਟ ’ਚ ਜੱਜ ਨਿਯੁਕਤ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਕੈਲੀਫ਼ੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਛਾਇਆ ਮਲਿਕ ਨੂੰ ਸਾਂਤਾ ਕਲਾਰਾ ਕਾਉਂਟੀ ਸੁਪੀਰੀਅਰ ਕੋਰਟ ਵਿੱਚ ਜੱਜ ਨਿਯੁਕਤ ਕੀਤਾ ਹੈ। ਉਹ ਜੱਜ ਸੁਕਰਾਤ ਪੀ. ਮੈਨੂਕੀਅਨ ਦੀ ਸੇਵਾ-ਮੁਕਤੀ ਕਾਰਨ ਖਾਲੀ ਹੋਏ ਅਹੁੱਦੇ ਨੂੰ ਸੰਭਾਲਣਗੇ। ਭਾਰਤੀ ਮੂਲ ਦੀ ਮਲਿਕ ਦਾ ਕਾਨੂੰਨ, ਸਾਲਸੀ , ਜਨਤਕ ਨੀਤੀ ਅਤੇ ਜਨਤਕ ਸੇਵਾ ਦੇ ਖੇਤਰ ਵਿੱਚ ਦੋ ਦਹਾਕਿਆਂ ਤੋਂ ਵੱਧ ਦਾ ਤਜਰਬਾ ਹੈ। ਮਲਿਕ 2022 ਤੋਂ ਕੈਲੀਫ਼ੋਰਨੀਆ ਸਿਵਲ ਰਾਈਟਸ ਡਿਪਾਰਟਮੈਂਟ ਵਿੱਚ ਵਿਵਾਦ ਨਿਪਟਾਰਾ ਵਿਭਾਗ ਦੇ ਡਿਪਟੀ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ। ਇਸ ਤੋਂ ਪਹਿਲਾਂ, ਉਨਾਂ ਨੇ 2020 ਤੋਂ 2022 ਤੱਕ ‘ਦੇਵੀ ਲੀਗਲ ਮੈਡੀਏਸ਼ਨ ਸਰਵਿਸਿਜ਼’ ਵਿੱਚ ਸਾਲਸੀ ਵਜੋਂ ਅਤੇ 2012 ਤੋਂ 2022 ਤੱਕ ‘ਏਹਰਲਿਚ ਐਂਡ ਕ੍ਰੇਗ’ ਵਿੱਚ ਵਿਸ਼ੇਸ਼ ਵਕੀਲ ਵਜੋਂ ਕੰਮ ਕੀਤਾ। ਉਹ 2011 ਤੋਂ 2012 ਤੱਕ ਅਮਰੀਕੀ ਵਿਦੇਸ਼ ਵਿਭਾਗ ਨਾਲ ਨੀਤੀ ਸੰਪਰਕ ਅਧਿਕਾਰੀ ਵਜੋਂ ‘ਐਡਵਾਂਸਮੈਂਟ ਪ੍ਰੋਜੈਕਟ’ ਵਿੱਚ ਸਟਾਫ਼ ਅਟਾਰਨੀ ਵਜੋਂ ਕੰਮ ਕਰ ਚੁੱਕੇ ਹਨ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।




ਬਰਨੀ ਸੈਂਡਰਜ਼ ਨੇ ਐਇਸ਼ਾ ਵਹਾਬ ਦੀ ਮਦਦ ਲਈ ਕੀਤੀ ਬੇਏਰੀਆ ਵਿੱਚ ਰੈਲੀ ਸਕੋਪ ਦੇ ਮੈਂਬਰਾਂ ਨੂੰ ਵੀ ਸ਼ਪੈਸ਼ਲ ਸੱਦਾ

### ਟਰੰਪ ਸਰਕਾਰ ਦੀ ਨਵੀਂ ਨੀਤੀ ਖ਼ਿਲਾਫ਼ ਸੁਪਰੀਮ ਕੋਰਟ ਪੁੱਜਾ ਮਾਮਲਾ

# ਕੀ ਪ੍ਰਵਾਸੀਆਂ ਨੂੰ ਨਹੀਂ ਮਿਲੇਗੀ ਜ਼ਮਾਨਤ ?

## ਸੁਪਰੀਮ ਕੋਰਟ ਦੇ ਫੈਸਲੇ ’ਤੇ ਟਿਕਿਆ ਲੱਖਾਂ ਪ੍ਰਵਾਸੀਆਂ ਦਾ ਭਵਿੱਖ

## ਟਰੰਪ ਸਰਕਾਰ ਦੀ ‘ਬਿਨਾਂ ਸੁਣਵਾਈ ਜੇਲ੍ਹ’ ਨੀਤੀ ਬਾਰੇ ਹੋਵੇਗਾ ਫ਼ੈਸਲਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੀ ਉਸ ਸਖ਼ਤ ਅਤੇ ਵਿਵਾਦਪੂਰਨ ਇਮੀਗ੍ਰੇਸ਼ਨ ਨੀਤੀ ਦੀ ਸਮੀਖਿਆ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਨੀਤੀ ਤਹਿਤ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਦਾ ਸਾਹਮਣਾ ਕਰ ਰਹੇ ਪ੍ਰਵਾਸੀਆਂ ਨੂੰ ਜ਼ਮਾਨਤ ਸੁਣਵਾਈ ਦੇ ਬੁਨਿਆਦੀ ਹੱਕ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਸਰਕਾਰ ਵੱਲੋਂ ਦੇਸ਼ ਭਰ ਵਿੱਚ ਸ਼ੁਰੂ ਕੀਤੀ ਗਈ ਵਿਸ਼ਾਲ ਕਾਰਵਾਈ ਦੇ ਬਾਰੇ ਸੁਪਰੀਮ ਕੋਰਟ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖ਼ਤ ਇਮੀਗ੍ਰੇਸ਼ਨ ਏਜੰਡੇ ਦਾ ਫੈਸਲਾ ਕਰੇਗੀ।

ਦੇਸ਼ ਦੀ ਸਰਵਉੱਚ ਅਦਾਲਤ ਇਹ ਫੈਸਲਾ ਕਰੇਗੀ ਕਿ ਕੀ ਅਮਰੀਕਾ ਵਿੱਚ ਲੰਬੇ ਸਮੇਂ ਤੋਂ ਰਹਿ ਰਹੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਕੋਲ ਇਹ ਸਾਬਤ ਕਰਨ ਲਈ ਸੁਣਵਾਈ ਦਾ ਅਧਿਕਾਰ ਹੈ ਕਿ ਉਨ੍ਹਾਂ ਨੂੰ ਖ਼ਤਰਾ ਨਹੀਂ ਮੰਨਿਆ ਜਾਣਾ ਚਾਹੀਦਾ ਅਤੇ ਕੇਸ ਚੱਲਣ ਦੌਰਾਨ ਜ਼ਮਾਨਤ ’ਤੇ ਰਿਹਾਅ ਕੀਤਾ ਜਾ ਸਕਦਾ ਹੈ, ਜਾਂ ਫਿਰ ਸਰਕਾਰ ਕੋਲ ਉਨ੍ਹਾਂ ਨੂੰ ਬਿਨਾਂ ਕਿਸੇ ਜ਼ਮਾਨਤ ਦੇ ਨਿਰੰਤਰ ਜੇਲ੍ਹ ਵਿੱਚ ਬੰਦ ਰੱਖਣ ਦਾ ਕਾਨੂੰਨੀ ਅਖ਼ਤਿਆਰ ਹੈ।

ਇਸ ਮਾਮਲੇ ਵਿੱਚ ਅਮਰੀਕਾ ਦੀਆਂ ਉੱਚ ਅਦਾਲਤਾਂ ਦੇ ਫੈਸਲਿਆਂ ਵਿੱਚ ਵੱਡਾ ਵਖਰੇਵਾਂ ਹੈ। ਬਹੁਤੀਆਂ ਅਦਾਲਤਾਂ ਨੇ ਸਾਫ਼ ਕੀਤਾ ਹੈ ਕਿ ਪ੍ਰਵਾਸੀਆਂ ਨੂੰ ਬਿਨਾਂ ਸੁਣਵਾਈ ਲਗਾਤਾਰ ਹਿਰਾਸਤ ਵਿੱਚ ਰੱਖਣਾ ਸੰਘੀ ਕਾਨੂੰਨ ਦੀ ਸਿੱਧੀ ਉਲੰਘਣਾ ਹੈ। ਦੂਜੇ ਪਾਸੇ,



5ਵੀਂ ਅਤੇ 8ਵੀਂ ਸਰਕਟ ਅਦਾਲਤਾਂ ਨੇ ਸਰਕਾਰ ਦੇ ਪੱਖ ਵਿੱਚ ਫੈਸਲਾ ਸੁਣਾਉਂਦਿਆਂ ਕਿਹਾ ਕਿ ਜਿਨ੍ਹਾਂ ਪ੍ਰਵਾਸੀਆਂ ’ਤੇ ਦੇਸ਼ ਵਿੱਚ ਗ਼ੈਰ-ਕਾਨੂੰਨੀ ਦਾਖਲੇ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਰਹਿਣ ਦੇ ਦੋਸ਼ ਹਨ, ਉਨ੍ਹਾਂ ਨੂੰ ਕੇਸ ਦੇ ਫੈਸਲੇ ਤੱਕ ਲਾਜ਼ਮੀ ਤੌਰ ’ਤੇ ਹਿਰਾਸਤ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਸ ਕਾਨੂੰਨੀ ਪਾੜੇ ਕਾਰਨ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿੱਚ ਇੱਕੋ ਕਾਨੂੰਨ ਵੱਖੋ-ਵੱਖਰੇ ਢੰਗ ਨਾਲ ਲਾਗੂ ਹੋ ਰਿਹਾ ਸੀ, ਜਿਸ ਤੋਂ ਬਾਅਦ ਇਹ ਮਾਮਲਾ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵਿੱਚ ਪਹੁੰਚਿਆ।

**ਬ੍ਰਾਜ਼ੀਲ ਦੇ ਰਿਕਾਰਡੋ ਦਾ ਕੇਸ ਬਣਿਆ ਮੁੱਖ ਆਧਾਰ**

ਸੁਪਰੀਮ ਕੋਰਟ ਨੇ ਇਸ ਕਾਨੂੰਨੀ ਉਲਝਣ ਨੂੰ ਸੁਲਝਾਉਣ ਲਈ ਬ੍ਰਾਜ਼ੀਲ ਦੇ ਨਾਗਰਿਕ ਰਿਕਾਰਡੋ ਅਪਾਰੇਸਿਡੋ ਬਾਰਬੋਸਾ ਦਾ ਕੁਨਹਾ ਦੇ ਮਾਮਲੇ ਦੀ ਚੋਣ ਕੀਤੀ ਹੈ। ਰਿਕਾਰਡੋ ਕਰੀਬ ਦੋ ਦਹਾਕੇ ਪਹਿਲਾਂ ਅਮਰੀਕਾ ਆਇਆ ਸੀ ਅਤੇ ਸਾਲ 2016 ਤੋਂ ਉਸ ਦੀ ਸ਼ਰਨ ਦੀ ਅਰਜ਼ੀ ਵਿਚਾਰ ਅਧੀਨ ਸੀ। ਸਤੰਬਰ 2025 ਵਿੱਚ ਉਸ ਦੀ ਗ੍ਰਿਫ਼ਤਾਰੀ ਮਗਰੋਂ ਇਮੀਗ੍ਰੇਸ਼ਨ ਜੱਜ ਨੇ ਉਸ ਨੂੰ ਜ਼ਮਾਨਤ ਦੀ ਅਰਜ਼ੀ ਪਾਉਣ ਦਾ ਹੱਕ ਵੀ ਨਹੀਂ ਦਿੱਤਾ ਅਤੇ ਹਿਰਾਸਤ ਲਾਜ਼ਮੀ ਕਰਾਰ ਦੇ ਦਿੱਤੀ। ਰਿਕਾਰਡੋ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਸ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ ਅਤੇ ਨਾ ਹੀ ਉਹ ਸਮਾਜ ਲਈ ਕੋਈ ਖ਼ਤਰਾ ਹੈ, ਇਸ ਲਈ ਉਸ ਨੂੰ ਸੁਣਵਾਈ ਦੇ ਬੁਨਿਆਦੀ ਹੱਕ ਤੋਂ ਵਾਂਝਾ ਰੱਖਣਾ ਸਰਾਸਰ ਬੇਇਨਸਾਫ਼ੀ ਹੈ।

**ਸੁਪਰੀਮ ਕੋਰਟ ਵਿਚ ਸਰਕਾਰ ਦੀਆਂ ਦਲੀਲਾਂ**

ਟਰੰਪ ਪ੍ਰਸ਼ਾਸਨ ਦੇ ਰਿਪਬਲਿਕਨ ਵਕੀਲਾਂ ਨੇ ਸੁਪਰੀਮ ਕੋਰਟ ਵਿੱਚ ਦਲੀਲ

(ਬਾਕੀ ਸਫ਼ਾ 26 ’ਤੇ)

# ਸੰਕਟ ’ਚ ਸਿੱਖ ਭਾਈਚਾਰੇ ਵੱਲੋਂ ਨਿਭਾਈ ਗਈ ਸੇਵਾ ਸ਼ਲਾਘਾਯੋਗ ਅਤੇ ਪ੍ਰੇਰਣਾਦਾਇਕ: ਕਾਰਨੀ

## ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪੈਂਟਿਕਟਨ ਦੇ ਗੁਰਦੁਆਰਾ ਸਾਹਿਬ ਅਤੇ ਸਿੱਖ ਭਾਈਚਾਰੇ ਨੂੰ ਭੇਜਿਆ ਪ੍ਰਸ਼ੰਸਾ ਪੱਤਰ

ਵਿੰਨੀਪੈਗ/ ਏ.ਟੀ.ਨਿਊਜ਼: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਸੂਬੇ ਵਿੱਚ ਬੀਤੇ ਅਗਸਤ ਮਹੀਨੇ ਦੌਰਾਨ ਭਿਆਨਕ ਜੰਗਲੀ ਅੱਗ ਦੇ ਸੰਕਟ ਵੇਲੇ ਪੀੜਤਾਂ ਦੀ ਨਿਸ਼ਕਾਮ ਸੇਵਾ ਕਰਨ ਲਈ ਦੇਸ਼ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪੈਂਟਿਕਟਨ ਦੇ ਗੁਰਦੁਆਰਾ ਸਾਹਿਬ ਅਤੇ ਸਥਾਨਕ ਸਿੱਖ ਭਾਈਚਾਰੇ ਦੀ ਭਰਪੂਰ ਸ਼ਲਾਘਾ ਕੀਤੀ ਹੈ। ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਵੱਲੋਂ ਵਿਸ਼ੇਸ਼ ਤੌਰ ’ਤੇ ਇੱਕ ਪ੍ਰਸ਼ੰਸਾ ਪੱਤਰ ਭੇਜਿਆ ਗਿਆ ਹੈ।

ਜੰਗਲੀ ਅੱਗਾਂ ਦੇ ਦੌਰ ਦੌਰਾਨ ਸਮਰਲੈਂਡ ਸ਼ਹਿਰ ਅਤੇ ਆਸਪਾਸ ਦੇ ਇਲਾਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ, ਜਿਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਖ਼ਾਲੀ ਕਰਨ ਲਈ ਮਜਬੂਰ ਹੋਣਾ ਪਿਆ। ਬਹੁਤ ਸਾਰੇ ਬੇਘਰ ਹੋਏ ਪਰਿਵਾਰ ਪੈਂਟਿਕਟਨ ਆ ਕੇ ਪਾਰਕਾਂ ਅਤੇ ਹੋਰ ਥਾਵਾਂ ਉੱਤੇ ਆਪਣੇ ਟਰੇਲਰਾਂ ਵਿੱਚ ਰਹਿਣ ਲਈ ਮਜਬੂਰ ਸਨ। ਇਸ ਔਖੀ ਘੜੀ ਵਿੱਚ ਪੈਂਟਿਕਟਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਨੇ ਮਨੁੱਖਤਾ ਦੀ ਮਿਸਾਲ ਪੇਸ਼ ਕਰਦਿਆਂ ਅੱਗੇ ਵਧ ਕੇ ਮਦਦ ਕੀਤੀ।



ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਸੰਕਟ ਦੇ ਉਸ ਸਮੇਂ ਵਿੱਚ ਪੈਂਟਿਕਟਨ ਸਿੱਖ ਭਾਈਚਾਰੇ ਵੱਲੋਂ ਨਿਭਾਈ ਗਈ ਸੇਵਾ ਬਹੁਤ ਹੀ ਸ਼ਲਾਘਾਯੋਗ ਅਤੇ ਪ੍ਰੇਰਣਾਦਾਇਕ ਹੈ। ਗੁਰਦੁਆਰਾ ਸਾਹਿਬ ਵਿਖੇ ਨਾ ਸਿਰਫ਼ ਲੋੜਵੰਦਾਂ ਅਤੇ ਬੇਘਰ ਹੋਏ ਲੋਕਾਂ ਲਈ ਰਸਦ ਤੇ ਖਾਣ-ਪੀਣ ਦਾ ਸਮਾਨ (ਜਿਵੇਂ ਦਾਲ, ਚੌਲ ਅਤੇ ਤਾਜ਼ਾ ਸਲਾਦ ਆਦਿ) ਪੈਕ ਕਰਕੇ ਘਰ-ਘਰ ਅਤੇ ਕੈਂਪਾਂ ਤੱਕ ਪਹੁੰਚਾਇਆ ਗਿਆ, ਸਗੋਂ ਗੁਰਦੁਆਰੇ ਦੇ ਵਿਹੜੇ ਵਿੱਚ ਲੋੜਵੰਦਾਂ ਦੇ ਟਰੇਲਰ ਆਦਿ ਖੜ੍ਹੇ ਕਰਨ ਅਤੇ ਉਨ੍ਹਾਂ ਦੇ ਠਹਿਰਨ ਲਈ ਵਿਸ਼ੇਸ਼ ਪ੍ਰਬੰਧ ਵੀ ਕੀਤੇ ਗਏ ਸਨ।

ਦੱਸਣਯੋਗ ਹੈ ਕਿ ਇਸ ਕੁਦਰਤੀ ਆਫ਼ਤ ਦੌਰਾਨ ਬੀ.ਸੀ. ਵਿੱਚ 100 ਤੋਂ ਵੱਧ ਥਾਵਾਂ ’ਤੇ ਜੰਗਲੀ ਅੱਗਾਂ ਲੱਗਣ ਕਾਰਨ ਐਮਰਜੈਂਸੀ ਲਾਗੂ ਕਰਨੀ ਪਈ ਸੀ ਅਤੇ 22,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਜਾਣ ਲਈ ਆਦੇਸ਼ ਜਾਰੀ ਹੋਏ ਸਨ। ਇਸ ਔਖੇ ਸਮੇਂ ਪੈਂਟਿਕਟਨ ਜਿੱਥੇ 1500 ਦੇ ਕਰੀਬ ਪੰਜਾਬੀ ਆਬਾਦੀ ਵਾਲਾ ਛੋਟਾ ਜਿਹਾ ਸ਼ਹਿਰ ਹੈ, ਉੱਥੇ ਦੇ ਸਿੱਖ ਭਾਈਚਾਰੇ ਨੇ ਆਪਣੇ ਅਮੀਰ ਵਿਰਸੇ ਅਤੇ ਸੇਵਾ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਮਿਸਾਲੀ ਕਾਰਜ ਕੀਤਾ।



# ਰੂਸ ਅਤੇ ਯੂਕ੍ਰੇਨ ਦੀ ਕੁਦਰਤੀ ਸੁੰਦਰਤਾ ਨੂੰ ਲੱਗਿਆ 'ਜੰਗ' ਦਾ ਗ੍ਰਹਿਣ

**ਜਗਮੋਹਨ ਸਿੰਘ 'ਲੱਕੀ'**

ਆਲਮੀ ਪੱਧਰ 'ਤੇ ਵਿਸ਼ਵ ਸ਼ਾਂਤੀ ਦਾ ਸੰਦੇਸ਼ ਦੇਣ ਦੀ ਥਾਂ ਪੂਰੀ ਦੁਨੀਆ ਇਸ ਸਮੇਂ ਰੂਸ ਤੇ ਯੂਕ੍ਰੇਨ ਜੰਗ ਅਤੇ ਅਮਰੀਕਾ-ਇਰਾਨ ਯੁੱਧ ਦਾ ਸੇਕ ਸਹਿ ਰਹੀ ਹੈ। ਇਸੇ ਦੌਰਾਨ ਇਜ਼ਰਾਇਲ ਵੱਲੋਂ ਤਬਾਹ ਕੀਤੀ ਗਈ ਗ਼ਾਜ਼ਾ ਪੱਟੀ ਦੇ ਵਸਨੀਕ ਵੀ ਖੰਡਰ ਹੋਏ ਘਰਾਂ ਨੂੰ ਵੇਖ ਕੇ ਆਪਣੇ ਦੇਸ਼ 'ਚ ਹੀ ਸ਼ਰਨਾਰਥੀ ਬਣ ਕੇ ਟੈਂਟਾਂ/ਝੁੱਗੀਆਂ ਵਿੱਚ ਰਹਿਣ ਲਈ ਮਜਬੂਰ ਹੋ ਗਏ ਹਨ। ਵਿਸ਼ਵ ਦੇ ਆਮ ਲੋਕਾਂ ਨੂੰ ਇਹ ਸਮਝ ਨਹੀਂ ਲੱਗ ਰਹੀ ਕਿ ਨਾ ਤਾਂ ਰੂਸ- ਯੂਕ੍ਰੇਨ ਜੰਗ ਦਾ ਅਜੇ ਤੱਕ ਕੋਈ ਨਤੀਜਾ ਨਿਕਲਿਆ ਹੈ ਤੇ ਨਾ ਹੀ ਇਜ਼ਰਾਇਲ ਹਮਾਸ ਨੂੰ ਹਰਾ ਕੇ ਆਪਣੀ ਚੌਧਰ ਕਾਇਮ ਕਰ ਚੁੱਕਿਆ ਹੈ ਤੇ ਨਾ ਹੀ ਅਮਰੀਕਾ ਇਰਾਨ ਨੂੰ ਢਾਹ ਕੇ ਆਪਣੀ ਬਾਦਸ਼ਾਹਤ ਦਾ ਲੋਹਾ ਮੰਨਵਾ ਸਕਿਆ ਹੈ। ਸ਼ਾਂਤੀ ਦੂਤ ਸਵਾਲ ਕਰਦੇ ਹਨ ਕਿ ਜਦੋਂ ਇਹਨਾਂ ਸਾਰੀਆਂ ਜੰਗਾਂ ਦਾ ਕੋਈ ਚੰਗਾ ਨਤੀਜਾ ਹੀ ਨਹੀਂ ਨਿਕਲ ਰਿਹਾ ਤਾਂ ਇਹ ਜੰਗਾਂ ਕੀਤੀਆਂ ਕਿਉਂ ਜਾ ਰਹੀਆਂ ਨੇ?

ਰੂਸ ਵੱਲੋਂ 24 ਫ਼ਰਵਰੀ 2022 ਨੂੰ ਯੂਕ੍ਰੇਨ ਉੱਤੇ ਹਮਲਾ ਕਰਨ ਤੋਂ ਬਾਅਦ ਸ਼ੁਰੂ ਹੋਈ 'ਰੂਸ ਅਤੇ ਯੂਕ੍ਰੇਨ ਜੰਗ' ਅਜੇ ਵੀ ਜਾਰੀ ਹੈ, ਭਾਵੇਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਜੰਗ ਨੂੰ ਰੋਕਣ ਲਈ ਉਚੇਚੇ ਯਤਨ ਵੀ ਕੀਤੇ ਗਏ ਹਨ, ਪਰ ਇਹਨਾਂ ਯਤਨਾਂ ਨੂੰ ਅਜੇ ਤੱਕ ਬੂਰ ਨਹੀਂ ਪਿਆ। ਇਸ ਜੰਗ ਦੌਰਾਨ ਯੂ.ਐਨ.ਓ. ਦੀ ਭੂਮਿਕਾ ਵੀ ਅਸਰਹੀਣ ਬਣ ਕੇ ਰਹਿ ਗਈ ਹੈ। ਰੂਸ ਨੇ ਜਦੋਂ 24 ਫ਼ਰਵਰੀ 2022 ਨੂੰ ਯੂਕ੍ਰੇਨ ਉੱਤੇ ਹਮਲਾ ਬੋਲਿਆ ਸੀ ਤਾਂ ਸੰਯੁਕਤ ਰਾਸ਼ਟਰ ਨੇ ਨਿੰਦਾ ਮਤੇ ਉੱਤੇ ਤੁਰੰਤ ਵੋਟਿੰਗ ਕਰਵਾਈ ਸੀ, ਜਿਸ 'ਚ ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ ਵਿੱਚੋਂ 141 ਨੇ ਰੂਸ ਦੇ ਵਿਰੋਧ 'ਚ ਵੋਟਾਂ ਪਾਈਆਂ ਸਨ। ਯੂਕ੍ਰੇਨ 'ਤੇ ਹਮਲਾ ਕਰਨ ਕਰਕੇ ਰੂਸ ਦੀ ਪੂਰੀ ਦੁਨੀਆ ਵਿੱਚ ਨਿਖੇਧੀ ਹੋ ਰਹੀ ਹੈ, ਪਰ ਰੂਸ ਆਪਣੇ ਸਟੈਂਡ 'ਤੇ ਡਟਿਆ ਹੋਇਆ ਹੈ, ਜਿਸ ਕਾਰਨ ਇਹ ਜੰਗ ਅਜੇ ਤੱਕ ਜਾਰੀ ਹੈ।



ਰੂਸ ਅਤੇ ਯੂਕ੍ਰੇਨ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹਨ ਪਰ ਜੰਗ ਕਾਰਨ ਇਹਨਾਂ ਦੋਵਾਂ ਦੇਸ਼ਾਂ ਦੀ ਕੁਦਰਤੀ ਸੁੰਦਰਤਾ ਨੂੰ ਗ੍ਰਹਿਣ ਲੱਗ ਗਿਆ ਹੈ। ਦੋਵਾਂ ਦੇਸ਼ਾਂ ਦੀ ਹਵਾ ਵਿੱਚ ਰੰਗ ਬਿਰੰਗੇ ਫੁੱਲਾਂ ਤੇ ਪੌਦਿਆਂ ਦੀਆਂ ਸੁੰਗਧੀਆਂ ਦੀ ਥਾਂ ਹੁਣ ਬਾਰੂਦ ਦੀ ਮੁਸ਼ਕ ਰਲ ਗਈ ਹੈ। ਇਸ ਜੰਗ ਦਾ ਸ਼ਿਕਾਰ ਦੋਵਾਂ ਦੇਸ਼ਾਂ ਦੇ ਨਿਰਦੋਸ਼ ਲੋਕ ਹੀ ਨਹੀਂ ਹੋਏ, ਸਗੋਂ ਦੋਵਾਂ ਦੇਸ਼ਾਂ ਦੇ ਪੰਛੀ ਤੇ ਜਾਨਵਰ ਵੀ ਹੋਏ ਹਨ। ਦੋਵਾਂ ਦੇਸ਼ਾਂ ਦੇ ਅਨੇਕਾਂ ਪੰਛੀ ਇਸ ਜੰਗ ਵਿੱਚ ਬੇਦੋਸ਼ੇ ਮਾਰੇ ਗਏ ਹਨ, ਜਿਹੜੇ ਬੱਚ ਗਏ, ਉਹ ਦੂਰ ਕਿਧਰੇ ਉਡਾਰੀ ਮਾਰ ਗਏ। ਇਸ ਜੰਗ ਕਾਰਨ ਦੋਵਾਂ ਦੇਸ਼ਾਂ ਦੇ ਆਲੀਸ਼ਾਨ ਇਮਾਰਤਾਂ ਵਾਲੇ ਸੋਹਣੇ ਸੋਹਣੇ ਅਨੇਕਾਂ ਸ਼ਹਿਰ ਮਲਬੇ ਦੇ ਢੇਰ ਬਣ ਗਏ ਹਨ। ਜੰਗ ਵਾਲੇ ਖੇਤਰ 'ਚ ਹਰ ਪਾਸੇ ਮੌਤ ਦਾ ਤਾਂਡਵ ਵੇਖਣ ਨੂੰ ਮਿਲ ਰਿਹਾ ਹੈ ਅਤੇ ਜ਼ਖ਼ਮੀਆਂ ਦੀ ਕੁਰਲਾਹਟ ਸੁਣਾਈ ਦੇ ਰਹੀ ਹੈ। ਇਸ ਦੇ ਬਾਵਜੂਦ ਦੋਵੇਂ ਦੇਸ਼ ਇਸ ਜੰਗ ਨੂੰ ਜਾਰੀ ਰੱਖਣ ਲਈ ਅੜੇ ਹੋਏ ਹਨ। ਰੂਸ-ਯੂਕ੍ਰੇਨ ਜੰਗ ਵਿੱਚ ਦੋਵਾਂ ਦੇਸ਼ਾਂ ਦੇ ਲੱਖਾਂ ਨਾਗਰਿਕ ਮਾਰੇ ਜਾ ਚੁੱਕੇ ਹਨ ਪਰ ਦੋਵੇਂ ਦੇਸ਼ ਆਪਣੇ ਮ੍ਰਿਤਕ ਨਾਗਰਿਕਾਂ ਦੀ ਸਹੀ ਗਿਣਤੀ ਨੂੰ ਛੁਪਾ ਰਹੇ ਹਨ। ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਨੂੰ ਰੋਕਣ ਲਈ ਆਲਮੀ ਪੱਧਰ 'ਤੇ ਬਹੁਤ ਯਤਨ ਹੋ ਰਹੇ ਹਨ। ਇਸ ਜੰਗ ਨੂੰ ਰੋਕਣ ਲਈ ਸਭ ਤੋਂ ਜ਼ਿਆਦਾ ਸਰਗਰਮ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਹਨ। ਕਿਹਾ ਜਾਂਦਾ ਹੈ ਕਿ ਯੂਕ੍ਰੇਨ ਉਪਰ ਰੂਸ ਦਾ ਇਹ ਹਮਲਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਕਿਸੇ ਯੂਰੋਪੀਅਨ ਦੇਸ਼ ਉੱਤੇ ਸਭ ਤੋਂ ਵੱਡਾ ਹਮਲਾ ਬਣ ਗਿਆ ਹੈ। ਜੂਨ 2022 ਤੱਕ, ਰੂਸੀ ਫ਼ੌਜਾਂ ਨੇ ਯੂਕ੍ਰੇਨ ਦੇ ਲਗਭਗ 20% ਖੇਤਰ 'ਤੇ ਕਬਜ਼ਾ ਕਰ ਲਿਆ। ਜਨਵਰੀ 2022 ਵਿੱਚ 41 ਮਿਲੀਅਨ ਦੀ ਆਬਾਦੀ ਵਿੱਚੋਂ, ਲਗਭਗ 8 ਮਿਲੀਅਨ ਯੂਕ੍ਰੇਨੀਅਨ ਅੰਦਰੂਨੀ ਤੌਰ 'ਤੇ ਉੱਜੜ ਗਏ ਸਨ ਅਤੇ ਅਪ੍ਰੈਲ 2023 ਤੱਕ 8.2 ਮਿਲੀਅਨ ਤੋਂ ਵੱਧ ਲੋਕ ਦੇਸ਼ ਛੱਡ ਕੇ ਭੱਜ ਗਏ ਸਨ, ਜਿਸ ਨਾਲ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰੋਪ ਦਾ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਪੈਦਾ ਹੋਇਆ ਸੀ। ਜੰਗ ਦੇ ਕਾਰਨ ਹੋਏ ਵਿਆਪਕ ਵਾਤਾਵਰਣ ਨੁਕਸਾਨ, ਜਿਸ ਨੂੰ ਵਿਆਪਕ ਤੌਰ 'ਤੇ ਈਕੋਸਾਈਡ ਵਜੋਂ ਦਰਸਾਇਆ ਗਿਆ ਹੈ, ਨੇ ਦੁਨੀਆ ਭਰ ਵਿੱਚ ਭੋਜਨ ਸੰਕਟ ਵਿੱਚ ਯੋਗਦਾਨ ਪਾਇਆ। ਸੋਵੀਅਤ ਯੂਨੀਅਨ ਦੇ ਭੰਗ ਹੋਣ ਤੋਂ ਬਾਅਦ, ਰੂਸ ਨੇ ਸਾਲ 2014 ਵਿੱਚ ਯੂਕ੍ਰੇਨ ਦੇ ਕਰੀਮੀਆ ਖੇਤਰ ਨੂੰ ਆਪਣੇ ਨਾਲ ਮਿਲਾ ਲਿਆ। ਇਸ ਤੋਂ ਬਾਅਦ, ਪੂਰਬੀ ਯੂਕ੍ਰੇਨ ਵਿੱਚ ਰੂਸ ਪੱਖੀ ਬਾਗੀ ਸਮੂਹਾਂ ਨੇ ਡੋਨੇਟਸਕ ਅਤੇ ਲੁਹਾਨਸਕ ਖੇਤਰਾਂ ਵਿੱਚ ਇੱਕ ਟਕਰਾਅ ਸ਼ੁਰੂ ਕਰ ਦਿੱਤਾ। ਟਕਰਾਅ ਦੀ ਚੰਗਿਆੜੀ ਭੜਕਦੀ ਰਹੀ ਅਤੇ ਅੰਤ ਵਿੱਚ ਇਹ ਇੱਕ ਵੱਡੀ ਜੰਗ ਵਿੱਚ ਬਦਲ ਗਈ।

ਇਸ ਜੰਗ ਕਾਰਨ ਦੋਵੇਂ ਦੇਸ਼ਾਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਦੋਵਾਂ ਦੇਸ਼ਾਂ ਵਿੱਚ ਮਹਿੰਗਾਈ 'ਚ ਬਹੁਤ ਜ਼ਿਆਦਾ ਵਾਧਾ ਹੋ ਗਿਆ ਹੈ। ਇਸ ਜੰਗ ਕਾਰਨ ਦੋਵਾਂ ਦੇਸ਼ਾਂ ਦੀ ਅਰਥਵਿਵਸਥਾ ਡਾਵਾਂਡੋਲ ਹੋ ਗਈ ਹੈ। ਇਸ ਵੇਲੇ, ਯੂਕ੍ਰੇਨ ਦੀ ਆਰਥਿਕਤਾ ਮੰਦੀ ਦੇ ਸੰਕੇਤ ਦਿਖਾ ਰਹੀ ਹੈ ਅਤੇ ਇਸ ਦੇ ਥੱਕੇ ਹੋਏ ਸੈਨਿਕ ਆਪਣੀ ਜ਼ਮੀਨ ਨੂੰ ਫੜਨ ਲਈ ਸੰਘਰਸ਼ ਕਰ ਰਹੇ ਹਨ। ਇਸੇ ਤਰ੍ਹਾਂ, ਇਹ ਜੰਗ ਰੂਸ ਲਈ ਵੀ ਚੰਗੀ ਨਹੀਂ ਰਹੀ ਹੈ ਅਤੇ ਇਸ ਦੀ ਆਰਥਿਕਤਾ ਵੀ ਢਹਿ-ਢੇਰੀ ਹੋਣ ਲੱਗੀ ਹੈ। ਇਸ ਸਮੇਂ ਦੋਵੇਂ ਦੇਸ਼ ਕੱਖੋਂ ਹੌਲੇ ਹੋ ਗਏ ਹਨ। ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਰੂਸ ਅਤੇ ਯੂਕ੍ਰੇਨ ਨੂੰ ਕੀਤੀਆਂ ਜਾ ਰਹੀਆਂ ਸ਼ਾਂਤੀ ਦੀਆਂ ਅਪੀਲਾਂ ਦੇ ਬਾਵਜੂਦ ਇਸ ਜੰਗ ਦਾ ਕੋਈ ਅੰਤ ਦਿਖਾਈ ਨਹੀਂ ਦੇ ਰਿਹਾ।

**ਸੋਵੀਅਤ ਸੰਘ ਦੀ ਹੋਂਦ ਵੇਲੇ ਰੂਸ ਵਾਂਗ ਯੂਕ੍ਰੇਨ ਵੀ ਇਸ ਦਾ ਮੁੱਖ ਹਿੱਸਾ ਹੁੰਦਾ ਸੀ ਪਰ 1991 ਵਿੱਚ ਸੋਵੀਅਤ ਸੰਘ ਦੇ ਪਤਨ ਤੋਂ ਬਾਅਦ ਯੂਕ੍ਰੇਨ ਵੱਖਰਾ ਦੇਸ਼ ਬਣ ਗਿਆ। ਸ਼ੁਰੂ ਵਿੱਚ ਯੂਕ੍ਰੇਨ ਅਤੇ ਰੂਸ ਦੇ ਸੰਬੰਧ ਨਜ਼ਦੀਕੀ ਅਤੇ ਮਿੱਤਰਤਾਪੂਰਨ ਸਬੰਧ ਸਨ ਪਰ ਹੌਲੀ ਹੌਲੀ ਅਮਰੀਕਾ ਤੇ ਹੋਰਨਾਂ ਪੱਛਮੀ ਮੁਲਕਾਂ ਵੱਲੋਂ ਯੂਕ੍ਰੇਨ ਵਿੱਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਗਈਆਂ ਅਤੇ ਯੂਕ੍ਰੇਨ ਦੀ ਸਹਾਇਤਾ ਨਾਲ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਵੱਲੋਂ ਰੂਸ ਨੂੰ ਘੇਰਨ ਦਾ ਯਤਨ ਕੀਤਾ ਗਿਆ। ਰੂਸ ਵੀ ਤੁਰੰਤ ਇਸ ਸਥਿਤੀ ਨੂੰ ਭਾਂਪ ਗਿਆ ਅਤੇ ਉਸ ਨੇ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਦੀਆਂ ਯੂਕ੍ਰੇਨ ਵਿੱਚ ਸਰਗਰਮੀਆਂ ਦਾ ਸਖ਼ਤ ਵਿਰੋਧ ਕੀਤਾ, ਜਿਥੋਂ ਹੀ ਇਸ ਜੰਗ ਦਾ ਮੁੱਢ ਬੱਝਿਆ।**






## ਰੂਸ-ਯੂਕ੍ਰੇਨ ਜੰਗ ਦੀ ਮਾਰ: ਭਾਰਤ ਦੀ ਰਸੋਈ ਅਤੇ ਖ਼ੁਰਾਕ ਸੁਰੱਖਿਆ 'ਤੇ ਮੰਡਰਾਇਆ ਵੱਡਾ ਖ਼ਤਰਾ

### ਦਿੱਲੀ ਨੂੰ ਕਰਨੀ ਪਵੇਗੀ ਪਹਿਲ, ਹੱਲ ਲਈ 'ਫੂਡ ਕੌਰੀਡੋਰ' ਦੀ ਲੋੜ

ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਹੁਣ ਸਿਰਫ਼ ਯੂਰਪ ਤੱਕ ਸੀਮਤ ਨਹੀਂ ਰਹੀ। ਇਸ ਦਾ ਸਿੱਧਾ ਅਸਰ ਹੁਣ ਪੂਰੀ ਦੁਨੀਆ ਅਤੇ ਖ਼ਾਸ ਕਰਕੇ ਭਾਰਤ ਦੀ ਰਸੋਈ ਉੱਤੇ ਪੈਣਾ ਸ਼ੁਰੂ ਹੋ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦੋ ਸਾਲਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਲਈ ਸਭ ਤੋਂ ਵੱਡਾ ਸੰਕਟ ਪੈਟਰੋਲ, ਡੀਜ਼ਲ ਜਾਂ ਕਰਜ਼ੇ ਦਾ ਨਹੀਂ ਹੋਵੇਗਾ। ਸਭ ਤੋਂ ਵੱਡੀ ਮੁਸੀਬਤ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਕਮੀ ਦੀ ਹੋ ਸਕਦੀ ਹੈ।

ਕਣਕ ਦੇ ਭਾਅ ਪਿਛਲੇ ਦੋ ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਚੁੱਕੇ ਹਨ। ਖੇਤੀ ਲਈ ਵਰਤੀਆਂ ਜਾਣ ਵਾਲੀਆਂ ਖਾਦਾਂ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਸਮੁੰਦਰੀ ਰਸਤੇ ਖ਼ਤਰਨਾਕ ਹੋ ਗਏ ਹਨ। ਮਾਲਵਾਹਕ ਜਹਾਜ਼ਾਂ ਦਾ ਬੀਮਾ ਕਰਵਾਉਣਾ ਬਹੁਤ ਔਖਾ ਹੋ ਗਿਆ ਹੈ। ਇਸ ਸਾਰੀ ਸਮੱਸਿਆ ਦਾ ਮੁੱਖ ਕੇਂਦਰ ਬਲੈਕ ਸੀ ਯਾਨੀ ਕਾਲਾ ਸਾਗਰ ਦਾ ਇਲਾਕਾ ਹੈ।

**ਬਲੈਕ ਸੀ ਦਾ ਮਹੱਤਵ ਅਤੇ ਭਾਰਤ 'ਤੇ ਅਸਰ**

ਦੁਨੀਆ ਦੀ ਇੱਕ-ਤਿਹਾਈ ਕਣਕ ਅਤੇ 63% ਸੂਰਜਮੁਖੀ ਤੇਲ ਦਾ ਨਿਰਯਾਤ ਬਲੈਕ ਸੀ (ਕਾਲਾ ਸਾਗਰ) ਰਾਹੀਂ ਹੁੰਦਾ ਹੈ। ਇਸ ਨਾਲ ਇਹ ਖੇਤਰ ਆਲਮੀ ਖ਼ੁਰਾਕ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਬਣਦਾ ਹੈ। ਸੂਰਜਮੁਖੀ ਤੇਲ ਦੇ ਸਭ ਤੋਂ ਵੱਡੇ ਖ਼ਰੀਦਦਾਰ ਭਾਰਤ ਲਈ ਇਹ ਰਸਤਾ ਬੇਹੱਦ ਅਹਿਮ ਹੈ, ਕਿਉਂਕਿ ਦੇਸ਼ ਦੇ ਤੇਲ ਅਤੇ ਖਾਦਾਂ ਦੀ ਵੱਡੀ ਦਰਾਮਦ ਇੱਥੋਂ ਹੀ ਹੁੰਦੀ ਹੈ। ਇਸ ਸਮੁੰਦਰੀ ਰਸਤੇ ਦੇ ਅਸੁਰੱਖਿਅਤ ਹੋਣ ਕਾਰਨ ਭਾਰਤ ਦੀ ਖ਼ੁਰਾਕ ਅਤੇ ਖਾਦ ਸਪਲਾਈ ਚੇਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।

ਭਾਰਤ ਜੀ-20 ਅਤੇ 'ਵਾਇਸ ਆਫ਼ ਦਾ ਗਲੋਬਲ ਸਾਊਥ' ਵਰਗੇ ਕੌਮਾਂਤਰੀ ਮੰਚਾਂ 'ਤੇ ਲਗਾਤਾਰ ਇਹ ਆਵਾਜ਼ ਉਠਾਉਂਦਾ ਰਿਹਾ ਹੈ ਕਿ ਵੱਡੇ ਦੇਸ਼ਾਂ ਦੀ ਆਪਸੀ ਜੰਗ ਦੀ ਮਾਰ ਵਿਕਾਸਸ਼ੀਲ ਮੁਲਕਾਂ ਦੀ ਖ਼ੁਰਾਕ ਅਤੇ ਖਾਦ ਸੁਰੱਖਿਆ 'ਤੇ ਨਹੀਂ ਪੈਣੀ ਚਾਹੀਦੀ। ਦੂਰ-ਦੁਰਾਡੇ ਦੇ ਯੁੱਧਾਂ ਕਾਰਨ ਸਮੁੰਦਰੀ ਰਸਤੇ ਪ੍ਰਭਾਵਿਤ ਹੋਣ ਨਾਲ ਦਰਾਮਦ 'ਤੇ ਨਿਰਭਰ ਗ਼ਰੀਬ ਦੇਸ਼ਾਂ ਦੇ ਸਰਕਾਰੀ ਬਜਟ ਅਤੇ ਆਮ ਲੋਕਾਂ ਦੀ ਰਸੋਈ ਦਾ ਤਵਾਜ਼ਨ ਵਿਗੜ ਜਾਂਦਾ ਹੈ, ਅਤੇ ਹੁਣ ਭਾਰਤ ਖ਼ੁਦ ਵੀ ਇਸੇ ਸੰਕਟ ਦੀ ਸਿੱਧੀ ਲਪੇਟ ਵਿੱਚ ਹੈ।

**ਭਾਰਤੀ ਜਹਾਜ਼ਰਾਨਾਂ ਦੀ ਜਾਨ ਨੂੰ ਗੰਭੀਰ ਖ਼ਤਰਾ**

ਇਹ ਜੰਗ ਹੁਣ (ਬਾਕੀ ਸਫ਼ਾ 26 'ਤੇ)

# ਕੈਲੀ.ਫੋਰਨੀਆਂ ਵਿੱਚ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨ.ਫਰੰਸ

## ਪੰਜਾਬੀ ਭਾਸ਼ਾ, ਸਾਹਿਤ ਅਤੇ ਨਵੀਂ ਪੀੜ੍ਹੀ ਦੇ ਭਵਿੱਖ ਬਾਰੇ ਹੋਇਆ ਗੰਭੀਰ ਸੰਵਾਦ



ਫਰੀਮੌਂਟ/ ਕੈਲੀਫ਼ੋਰਨੀਆ/ ਏ.ਟੀ.ਨਿਊਜ਼: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਲੰਘੇ ਦਿਨੀਂ ਫਰੀਮੌਂਟ ਵਿਖੇ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ ਬੜੇ ਉਤਸ਼ਾਹ ਅਤੇ ਮਾਂ-ਬੋਲੀ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਕਰਵਾਈ ਗਈ। ਕਾਨਫਰੰਸ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ, ਯੂ.ਕੇ. ਅਤੇ ਅਮਰੀਕਾ ਤੋਂ ਨਾਮਵਰ ਵਿਦਵਾਨਾਂ, ਲੇਖਕਾਂ, ਕਵੀਆਂ ਅਤੇ ਸਾਹਿਤ-ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਸਮੁੱਚੀ ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੇ ਵਰਤਮਾਨ, ਸਾਹਿਤ ਦੇ ਸਰੋਕਾਰਾਂ ਅਤੇ ਨਵੀਂ ਪੀੜ੍ਹੀ ਤੱਕ ਪੰਜਾਬੀ ਨੂੰ ਪਹੁੰਚਾਉਣ ਦੀਆਂ ਚੁਣੌਤੀਆਂ ਬਾਰੇ ਗੰਭੀਰ ਅਤੇ ਸਾਰਥਿਕ ਵਿਚਾਰ-ਵਟਾਂਦਰਾ ਹੋਇਆ।

ਕੈਲਫ਼ੋਰਨੀਆ ਦੀ ਸਹਿਯੋਗੀ ਸੰਸਥਾ ਪੰਜਾਬ ਲੋਕ ਰੰਗ ਵੱਲੋਂ ਸੁਰਿੰਦਰ ਸਿੰਘ ਧਨੋਆ ਦੀ ਨਿਰਦੇਸ਼ਨਾ ਹੇਠ 'ਬੰਦਾ ਸਿੰਘ ਬਹਾਦਰ' ਨਾਟਕ ਖੇਡਿਆ ਗਿਆ। ਨਾਟਕ ਦੇ ਸਾਰੇ ਕਿਰਦਾਰ ਸਥਾਨਕ ਕਲਾਕਾਰਾਂ ਨੇ ਬਾਖੂਬੀ ਨਿਭਾਏ। ਡਾ. ਆਤਮ ਸਿੰਘ ਰੰਧਾਵਾ ਅਤੇ ਡਾ. ਨਬੀਲਾ ਰਹਿਮਾਨ ਨੇ ਇਤਿਹਾਸ ਨੂੰ ਨਿਰਪੱਖ ਅਤੇ ਲੋਕਾਈ ਦੇ ਨਜ਼ਰੀਏ ਤੋਂ ਪੇਸ਼ ਕਰਨ ਲਈ ਨਾਟਕ ਦੀ ਪ੍ਰਸੰਸਾ ਕੀਤੀ। ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਪ੍ਰੋ ਬਲਵਿੰਦਰ ਲਾਲੀ ਧਨੋਆ ਅਤੇ ਪੂਰੀ ਟੀਮ ਵਲੋਂ ਡਾ ਨਬੀਲਾ ਰਹਿਮਾਨ, ਡਾ ਆਤਮ ਸਿੰਘ ਰੰਧਾਵਾ ਅਤੇ ਮਕਬੂਲ ਪੰਜਾਬੀ ਸ਼ਾਇਰਾ ਤਹਿਰਾ ਸਰਾ ਦਾ ਸਨਮਾਨ ਕੀਤਾ ਗਿਆ। ਇਸ ਨਾਟਕ ਨੂੰ ਦੇਖਣ ਲਈ ਦਰਸ਼ਕ ਹੁੰਮ ਹੁੰਮਾ ਕੇ ਪਹੁੰਚੇ ਅਤੇ ਇਸ ਇਤਿਹਾਸਕ ਨਾਟਕ ਨੂੰ ਰੂਹ ਨਾਲ ਮਾਣਿਆ।

ਕਾਨ.ਫ਼ਰੰਸ ਦੀ ਸ਼ੁਰੂਆਤ ਵਿੱਚ ਪੰਡਿਤ ਹਬੀਬ ਖਾਨ ਦੇ ਸ਼ਾਗਿਰਦ ਚਾਰਲਸ ਲਿਓਡ(ਫ਼੍ਰੀਮੌਂਟ ਸਕੂਲ ਫਾਰ ਬਲਾਈਂਡਜ਼ ਦੇ ਸੰਗੀਤ ਨਿਰਦੇਸ਼ਕ) ਨੇ ਸਿਤਾਰ ਵਾਦਨ ਰਾਹੀਂ ਸਰੋਤਿਆਂ ਨੂੰ ਸੰਗੀਤਕ ਰਸ ਨਾਲ ਜੋੜਿਆ। ਮਸ਼ਹੂਰ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਪੰਜਾਬੀ ਸੂਫ਼ੀ ਕਾਵਿ ਵਿੱਚੋਂ ਰਚਨਾਵਾਂ ਦਾ ਗਾਇਨ ਕਰਕੇ ਕਾਨ.ਫ਼ਰੰਸ ਦਾ ਮਾਹੌਲ ਅਗਲੇ ਪ੍ਰੋਗਰਾਮ ਲਈ ਬਹੁਤ ਢੁੱਕਵਾਂ ਬਣਾ ਦਿੱਤਾ। ਪ੍ਰਧਾਨਗੀ ਭਾਸ਼ਣ ਵਿੱਚ ਵਿਪਸਾ ਦੇ ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ, ਵਿਪਸਾ ਦੀਆਂ ਪਿਛਲੀਆਂ ਕਾਨ.ਫ਼ਰੰਸਾਂ ਨੂੰ 26ਵੀਂ ਕਾਨ.ਫ਼ਰੰਸ ਨਾਲ ਜੋੜਦਿਆਂ ਕਾਨ.ਫ਼ਰੰਸ ਦੇ ਮਕਸਦ ਅਤੇ ਸਰਗਰਮੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪਿਛਲੇ ਸਾਲਾਂ ਦੀਆਂ ਗਤੀਵਿਧੀਆਂ ਤੇ ਝਾਤੀ ਮਾਰਦੀ 10 ਮਿੰਟ ਦੀ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ। ਕਾਨਫਰੰਸ ਨੂੰ ਚਾਰ ਮਹੱਤਵਪੂਰਨ ਸੈਸ਼ਨਾਂ ਵਿੱਚ ਵੰਡਿਆ ਗਿਆ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ ਨੂੰ ਵਿਚਾਰ-ਚਰਚਾ ਦੇ ਕੇਂਦਰ ਵਿੱਚ ਲਿਆਂਦਾ।ਪਹਿਲਾ ਸੈਸ਼ਨ 'ਪੰਜਾਬ, ਭਾਰਤ ਅਤੇ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਚੁਣੌਤੀਆਂ' ਵਿਸ਼ੇ 'ਤੇ ਕੇਂਦਰਿਤ ਸੀ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਜਸਵੀਰ ਗਿੱਲ ਸਨ ਅਤੇ ਪ੍ਰਧਾਨਗੀ ਡਾ. ਨਬੀਲਾ ਰਹਿਮਾਨ ਨੇ ਕੀਤੀ। ਡਾ ਜਸਵੀਰ ਗਿੱਲ ਨੇ ਵਿਚਾਰ ਚਰਚਾ ਲਈ ਵਿਦਵਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਆਪਣੇ ਦਿਲ ਦੇ ਨਜ਼ਦੀਕ ਇਸ ਵਿਸ਼ੇ ਉਪਰ ਵਿਦਵਾਨ ਦੋਸਤਾਂ ਦੇ ਵਿਚਾਰ ਸੁਨਣ ਲਈ ਬਹੁਤ ਉਤਸੁਕ ਹਨ।

(ਬਾਕੀ ਸਫ਼ਾ 26 'ਤੇ)

# ਗੁਰਦੁਆਰਾ ਸਾਹਿਬ ਟਰੇਸੀ ਕੈਲੀ.ਫੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ






ਟਰੇਸੀ/ਕੈਲੀਫ਼ੋਰਨੀਆ/ ਏ.ਟੀ.ਨਿਊਜ਼ : ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਹਫ਼ਤਾਵਾਰੀ ਸਜੇ ਵਿਸ਼ੇਸ਼ ਦੀਵਾਨਾਂ ਵਿੱਚ ' ਸ਼ਬਦ ਗੁਰ ਪੀਰਾ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਸੰਭਾਲਦਿਆਂ ਇਤਿਹਾਸ 'ਤੇ ਰੋਸ਼ਨੀ ਪਾਈ ਗਈ। ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂ ਸਾਹਿਬਾਨ ਜੀ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ, ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ। ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਅੰਮ੍ਰਿਤਸਰ ਸਾਹਿਬ ਦੁੱਖ ਭਜਨੀ ਬੇਰੀ ਦੇ ਨੇੜੇ ਅੱਠ ਸੱਠ ਵਾਲੇ ਥਾਂ 'ਤੇ ਸ਼ਸ਼ੋਭਿਤ ਕਰਕੇ ਗੁਰਬਾਣੀ ਨੂੰ ਵਾਚਿਆ ਗਿਆ। ਗੁਰਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ। ਸੰਪਾਦਨਾ ਰਾਮ ਸਰੋਵਰ ਦੇ ਰਮਣੀਕ ਕੰਢੇ ਨਿਭਾਈ ਗਈ। ਗੁਰਬਾਣੀ ਦਾ ਕਾਰਜ 1601-1604 ਨੂੰ ਸੰਪੂਰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ : ਸੂਹੀ ਮਹਲਾ ਪੰਜਵਾਂ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ।। ਅੰਗ 783

ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਤਰਸੇਮ ਸਿੰਘ ਸੁੰਮਨ, ਤਰਲੋਚਨ ਸਿੰਘ ਦੁਪਾਲਪੁਰੀ, ਅਮਰਜੀਤ ਸਿੰਘ, ਇਬਰਾਹੀਮਪੁਰੀ, ਜਸਦੀਪ ਸਿੰਘ ਫਰੀਮੌਂਟ, ਜਸਵੰਤ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਮਾ ਦਾ ਜਸ ਗਾਉਂਦਿਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰਦੁਆਰਾ ਕਮੇਟੀ ਦੇ ਸਕੱਤਰ ਤਰਨਜੀਤ ਸਿੰਘ ਸੰਧੂ ਨੇ ਸੰਗਤਾਂ ਨੂੰ ਪ੍ਰੇਰਿਆ ਕਿ ਅਜਿਹੇ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਕੇ ਆਪਣੇ ਮਾਣਮੱਤੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਕੇ, ਲਾਹਾ ਖੱਟਣ। ਧੰਨਵਾਦੀ ਸ਼ਬਦ ਕਹਿੰਦਿਆਂ ਪ੍ਰਵਾਨਾ ਨੇ ਕਿਹਾ ਕਿ ਸਾਹਿਬ- ਏ- ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ 52 ਕਵੀਆਂ ਅਤੇ ਉਹਨਾਂ ਦੀਆਂ ਰਚਨਾਵਾਂ ਦੇ ਪ੍ਰਵਾਹ ਨੂੰ ਅਗਾਂਹ ਤੋਰਨਾ ਹੈ। ਅਜਿਹੇ ਪ੍ਰੋਗਰਾਮ ਸੁਹਿਰਦ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਹੀ ਸਫਲ ਹੁੰਦੇ ਹਨ। ਇਹਨਾਂ ਪ੍ਰੋਗਰਾਮਾਂ ਦਾ ਸੁਨੇਹਾ, ਅਖ਼ਬਾਰਾਂ ਰਾਹੀਂ ਘਰ ਘਰ ਪਹੁੰਚਾਇਆ ਜਾ ਰਿਹਾ ਹੈ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਜੀ.ਡੀ.ਪੀ. ਦੇ ਦਾਅਵਿਆਂ ਵਿਚਾਲੇ ਪੰਜਾਬ ਸਣੇ ਦੇਸ਼ ਭਰ 'ਚ ਬੇਰੁਜ਼ਗਾਰੀ ਦਾ ਸੰਕਟ

## ਪੰਜਾਬ ਦੇ ਦੋ-ਤਿਹਾਈ ਜ਼ਿਲ੍ਹਿਆਂ ਵਿੱਚ ਨੌਜਵਾਨਾਂ ਕੋਲ ਨਾ ਪੜ੍ਹਾਈ, ਨਾ ਰੁਜ਼ਗਾਰ, ਖੇਤੀ ਸੰਕਟ ਵਿਚਾਲੇ ਪ੍ਰਵਾਸ ਵੱਲ ਰੁਝਾਨ




ਮੌਜੂਦਾ ਵਿੱਤੀ ਵਰ੍ਹੇ ਦੌਰਾਨ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ 7.8 ਫ਼ੀਸਦੀ ਵਾਧੇ ਦੇ ਸਰਕਾਰੀ ਦਾਅਵੇ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਨਜ਼ਰ ਆ ਰਹੇ ਹਨ। ਜਿੱਥੇ ਇੱਕ ਪਾਸੇ ਸਰਕਾਰ ਅਰਥਵਿਵਸਥਾ ਦੀ ਮਜ਼ਬੂਤੀ ਦੇ ਅੰਕੜੇ ਪੇਸ਼ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ ਪੀਰੀਅਡਿਕ ਲੇਬਰ ਫੋਰਸ ਸਰਵੇ ਦੇ ਜ਼ਿਲ੍ਹਾ-ਪੱਧਰੀ ਅੰਕੜਿਆਂ ਨੇ ਚਿੰਤਾਜਨਕ ਸਥਿਤੀ ਦਾ ਖੁਲਾਸਾ ਕੀਤਾ ਹੈ। ਦੇਸ਼ ਦੇ ਲਗਭਗ 250 ਜ਼ਿਲ੍ਹਿਆਂ ਵਿੱਚ 15 ਤੋਂ 29 ਸਾਲ ਦੀ ਉਮਰ ਦੇ ਘੱਟੋ-ਘੱਟ 25 ਫ਼ੀਸਦੀ ਨੌਜਵਾਨ ਨੀਟ ਸ਼੍ਰੇਣੀ ਵਿੱਚ ਹਨ— ਅਰਥਾਤ ਉਹ ਨਾ ਤਾਂ ਕੋਈ ਨੌਕਰੀ ਕਰ ਰਹੇ ਹਨ, ਨਾ ਕਿਸੇ ਸਿੱਖਿਆ ਸੰਸਥਾ ਵਿੱਚ ਪੜ੍ਹ ਰਹੇ ਹਨ ਅਤੇ ਨਾ ਹੀ ਕੋਈ ਪੇਸ਼ੇਵਰ ਸਿਖਲਾਈ ਲੈ ਰਹੇ ਹਨ।

ਇਸ ਰਾਸ਼ਟਰੀ ਸੰਕਟ ਦਾ ਸਭ ਤੋਂ ਵੱਡਾ ਅਤੇ ਦੁਖਾਂਤਕ ਪ੍ਰਭਾਵ ਪੰਜਾਬ ਵਰਗੇ ਸਰਹੱਦੀ ਅਤੇ ਖੇਤੀ ਪ੍ਰਧਾਨ ਸੂਬੇ 'ਤੇ ਸਾਫ਼ ਦੇਖਣ ਨੂੰ ਮਿਲ ਰਿਹਾ ਹੈ।ਸਰਵੇਖਣ ਮੁਤਾਬਕ ਪੰਜਾਬ ਦੇ ਦੋ-ਤਿਹਾਈ ਜ਼ਿਲ੍ਹਿਆਂ ਵਿੱਚ ਇੱਕ-ਚੌਥਾਈ ਤੋਂ ਵੱਧ ਨੌਜਵਾਨ ਸਿੱਖਿਆ ਅਤੇ ਰੁਜ਼ਗਾਰ ਦੀ ਮੁੱਖ ਧਾਰਾ ਤੋਂ ਪੂਰੀ ਤਰ੍ਹਾਂ ਬਾਹਰ ਹੋ ਚੁੱਕੇ ਹਨ। ਪੰਜਾਬ ਦੇ ਸੰਦਰਭ ਵਿੱਚ ਇਹ ਮਸਲਾ ਹੋਰ ਵੀ ਸੰਵੇਦਨਸ਼ੀਲ ਬਣ ਜਾਂਦਾ ਹੈ।

ਸੂਬੇ ਦੀ ਖੇਤੀ ਵਿੱਚ ਲਾਗਤਾਂ ਵਧਣ ਅਤੇ ਮੁਨਾ.ਫ਼ਾ ਘਟਣ ਕਾਰਨ ਨਵੀਂ ਪੀੜ੍ਹੀ ਲਈ ਖੇਤੀਬਾੜੀ ਆਰਥਿਕ ਤੌਰ 'ਤੇ ਆਕਰਸ਼ਕ ਬਦਲ ਨਹੀਂ ਰਹੀ। ਵੱਡੇ ਉਦਯੋਗਾਂ ਦੀ ਘਾਟ ਅਤੇ ਮੌਜੂਦਾ ਕਾਰੋਬਾਰਾਂ ਦੇ ਸੰਕਟ ਕਾਰਨ ਡਿਗਰੀਆਂ ਹਾਸਲ ਕਰ ਚੁੱਕੇ ਨੌਜਵਾਨਾਂ ਲਈ ਢੁਕਵੇਂ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ।

ਚੰਗੇ ਰੁਜ਼ਗਾਰ ਦੀ ਅਣਹੋਂਦ ਕਾਰਨ ਪੰਜਾਬੀ ਨੌਜਵਾਨ ਜ਼ਮੀਨਾਂ-ਜਾਇਦਾਦਾਂ ਵੇਚ ਕੇ ਵਿਦੇਸ਼ ਜਾਣ ਲਈ ਮਜਬੂਰ ਹਨ। ਜਿਹੜੇ ਕਾਨੂੰਨੀ ਤਰੀਕੇ ਨਾਲ ਨਹੀਂ ਜਾ ਸਕਦੇ, ਉਹ ਡੰਕੀ ਰੂਟਾਂ ਅਤੇ ਵਿਦੇਸ਼ੀ ਠੱਗ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਆਪਣੀ ਜਾਨ-ਮਾਲ ਦਾ ਨੁਕਸਾਨ ਕਰਵਾ ਰਹੇ ਹਨ। ਇਜ਼ਰਾਈਲ ਅਤੇ ਕੰਬੋਡੀਆ ਵਰਗੇ ਮੁਲਕਾਂ ਵਿੱਚ ਜੋਖਮ ਭਰੇ ਹਾਲਾਤ ਵਿੱਚ ਕੰਮ ਕਰਨ ਜਾਣਾ ਇਸੇ ਮਜਬੂਰੀ ਦਾ ਪ੍ਰਤੱਖ ਸਬੂਤ ਹੈ। ਹੱਥਾਂ ਵਿੱਚ ਹੁਨਰ ਅਤੇ ਸਿੱਖਿਆ ਹੋਣ ਦੇ ਬਾਵਜੂਦ ਲੰਮੇ ਸਮੇਂ ਤੱਕ ਖਾਲੀ ਬੈਠਣਾ ਨੌਜਵਾਨਾਂ ਵਿੱਚ ਮਾਨਸਿਕ ਤਣਾਅ ਅਤੇ ਸਮਾਜਿਕ ਬੁਰਾਈਆਂ ਦਾ ਕਾਰਨ ਬਣ ਰਿਹਾ ਹੈ।ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਅਰਥਸ਼ਾਸਤਰੀ ਪ੍ਰੋ. ਅਰੁਣ ਕੁਮਾਰ ਮੁਤਾਬਕ ਜੀ.ਡੀ.ਪੀ. ਵਧਣ ਦਾ ਅਰਥ ਇਹ ਨਹੀਂ ਕਿ ਰੁਜ਼ਗਾਰ ਵੀ ਵਧ ਰਿਹਾ ਹੈ। ਸਰਕਾਰੀ ਅੰਕੜੇ ਵੱਡੀਆਂ ਕੰਪਨੀਆਂ ਦੇ ਵਪਾਰ ਨੂੰ ਦਰਸਾਉਂਦੇਹਨ। ਛੋਟੇ ਵਪਾਰੀ, ਦੁਕਾਨਦਾਰ ਅਤੇ ਪੇਂਡੂ ਕਾਰੋਬਾਰ ਲਗਾਤਾਰ ਪੱਛੜ ਰਹੇ ਹਨ। ਈ-ਕਾਮਰਸ ਕੰਪਨੀਆਂ ਦੇ ਪਸਾਰੇ ਨੇ ਪਿੰਡਾਂ ਅਤੇ ਸ਼ਹਿਰਾਂ ਦੇ ਛੋਟੇ ਦੁਕਾਨਦਾਰਾਂ ਦਾ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨੀਤੀ ਆਯੋਗ ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ 58.4 ਫ਼ੀਸਦੀ ਲੋਕ ਸਵੈ-ਰੁਜ਼ਗਾਰ ਵਿੱਚ ਹਨ, ਜਿਨ੍ਹਾਂ ਵਿੱਚੋਂ ਬਹੁਤੇ ਮਾਮੂਲੀ ਕਮਾਈ ਕਰ ਰਹੇ ਹਨ ਅਤੇ ਸਮਾਜਿਕ ਸੁਰੱਖਿਆ ਤੋਂ ਵਾਂਝੇ ਹਨ। ਨਿਯਮਿਤ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਸਿਰ.ਫ 21.7 ਫ਼ੀਸਦੀ ਹਿੱਸੇ ਕੋਲ ਹੀ ਹਨ।ਆਉਣ ਵਾਲੇ ਦੋ ਸਾਲਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਪ੍ਰਭਾਵ ਕਾਰਨ ਵੱਡੀਆਂ ਕੰਪਨੀਆਂ ਵਿੱਚ ਛਾਂਟੀਆਂ ਤੇਜ਼ ਹੋਣਗੀਆਂ, ਜਿਸ ਨਾਲ ਪੜ੍ਹੇ-ਲਿਖੇ ਤਕਨੀਕੀ ਨੌਜਵਾਨਾਂ ਲਈ ਵੀ ਰੁਜ਼ਗਾਰ ਦੇ ਮੌਕੇ ਹੋਰ ਸੁੰਗੜ ਜਾਣਗੇ।ਨੀਤੀ ਆਯੋਗ ਦੀ ਰਿਪੋਰਟ 'ਸਾਲ 2047 ਤੱਕ ਵਿਕਸਿਤ ਭਾਰਤ ਲਈ ਹੁਨਰ ਦਾ ਨਵਾਂ ਖ਼ਾਕਾ' ਮੁਤਾਬਕ, ਦੇਸ਼ ਵਿੱਚ ਲਗਭਗ 8.7 ਕਰੋੜ ਨੌਜਵਾਨ ਰੁਜ਼ਗਾਰ, ਸਿੱਖਿਆ ਅਤੇ ਪੇਸ਼ੇਵਰ ਹੁਨਰ ਤੋਂ ਵਾਂਝੇ ਹੋ ਕੇ ਮੁੱਖ ਧਾਰਾ ਤੋਂ ਪੂਰੀ ਤਰ੍ਹਾਂ ਬਾਹਰ ਹਨ।

(ਬਾਕੀ ਸਫ਼ਾ 26 'ਤੇ)




# ਮਹਿੰਗੀਆਂ ਦਵਾਈਆਂ ਦਾ ਮੱਕੜਜਾਲ

## ਮਰੀਜ਼ਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਦੇ ਹਨ ਮਹਿੰਗੀਆਂ ਅਤੇ ਨਕਲੀ ਦਵਾਈਆਂ ਦੇ ਵਪਾਰੀ

## ਇੱਕ 'ਉਦਯੋਗ' ਵਾਂਗ ਕੰਮ ਕਰ ਰਹੇ ਹਨ ਨਿੱਜੀ ਹਸਪਤਾਲ : ਸੁਪਰੀਮ ਕੋਰਟ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਇੱਕ ਪਾਸੇ ਭਾਰਤ ਦੇ ਦਵਾਈ ਉਦਯੋਗ ਨੂੰ ਵਿਸ਼ਵ ਦੀ 'ਨਵੀਂ ਫ਼ਾਰਮੇਸੀ' ਵਜੋਂ ਉਭਾਰਿਆ ਜਾ ਰਿਹਾ ਹੈ ਤਾਂ ਦੂਜੇ ਪਾਸੇ ਮਹਿੰਗੀਆਂ ਦਵਾਈਆਂ ਦਾ ਭੰਡਾਰ ਇੱਕ ਵਾਰ ਫ਼ਿਰ ਭਾਰਤੀ ਦਵਾਈਆਂ ਦੀ ਸਾਖ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਰਿਹਾ ਹੈ। ਸਿਰਫ਼ ਮਹਿੰਗੀਆਂ ਹੀ ਨਹੀਂ ਸਗੋਂ ਨਕਲੀ ਦਵਾਈਆਂ ਦੀ ਭਰਮਾਰ ਕਾਰਨ ਵੀ ਭਾਰਤ ਦਾ 'ਦਵਾਈ ਉਦਯੋਗ' ਇੱਕ ਵਾਰ ਫ਼ੇਰ ਚਰਚਾ ਵਿੱਚ ਹੈ।

ਇਸ ਧਰਤੀ 'ਤੇ ਸਭ ਤੋਂ ਖ਼ੂਬਸੂਰਤ ਚੀਜ਼ ਜ਼ਿੰਦਗੀ ਹੈ ਅਤੇ ਜ਼ਿੰਦਗੀ ਵਿੱਚ ਉਮੀਦ ਅਤੇ ਭਰੋਸਾ ਜ਼ਰੂਰੀ ਹੈ। ਜੇਕਰ ਉਮੀਦ ਅਤੇ ਭਰੋਸਾ ਟੁੱਟ ਜਾਵੇ ਤਾਂ ਸਾਡੀ ਜ਼ਿੰਦਗੀ ਵਿੱਚ ਨਿਰਾਸ਼ਾ ਹੀ ਆਉਂਦੀ ਹੈ। ਜੋ ਦਵਾਈ ਬਿਮਾਰ ਲਈ ਜੀਵਨ ਬਚਾਉਣ ਵਾਲੀ ਦਵਾਈ ਹੈ, ਜੇ ਉਹ ਦਵਾਈ ਬਹੁਤ ਮਹਿੰਗੀ ਹੈ ਤਾਂ ਮਰੀਜ਼ ਲਈ ਉਹ ਖ਼ਰੀਦਣੀ ਮੁਸ਼ਕਿਲ ਹੋ ਜਾਂਦੀ ਹੈ ਅਤੇ ਕਈ ਵਾਰ ਮਰੀਜ਼ ਆਪਣਾ ਇਲਾਜ ਕਰਵਾਉਂਦਾ ਹੋਇਆ ਮਹਿੰਗੀਆਂ ਦਵਾਈਆਂ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਵੱਡੇ ਖ਼ਰਚਿਆਂ ਕਾਰਨ ਕਰਜ਼ਾਈ ਵੀ ਹੋ ਜਾਂਦਾ ਹੈ।

ਲੰਘੇ ਦਿਨੀਂ ਭਾਰਤ ਦੀ ਸੁਪਰੀਮ ਕੋਰਟ ਨੇ ਹਸਪਤਾਲਾਂ ਵੱਲੋਂ ਮਰੀਜ਼ਾਂ ਤੋਂ ਕੈਂਸਰ ਦੀਆਂ ਦਵਾਈਆਂ ਦੀ ਕੀਮਤ 10 ਗੁਣਾ ਵਧ ਵਸੂਲਣ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਇਸ ਨੂੰ 'ਲੁੱਟ' ਕਿਹਾ ਅਤੇ ਸਾਰੀਆਂ ਦਵਾਈਆਂ 'ਤੇ ਇਕਸਾਰ 16 ਫ਼ੀਸਦੀ ਮਾਰਜਿਨ ਦੀ ਵਕਾਲਤ ਕੀਤੀ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਹਸਪਤਾਲਾਂ ਲਈ ਆਪਣੀਆਂ ਫ਼ਾਰਮੇਸੀਆਂ ਤੋਂ ਦਵਾਈਆਂ ਖਰੀਦਣਾ ਲਾਜ਼ਮੀ ਬਣਾਉਣ 'ਤੇ ਵਿਚਾਰ ਕਰੇ। ਇਹ ਕਹਿੰਦੇ ਹੋਏ ਕਿ ਇਹ ਪ੍ਰਣਾਲੀ ਆਮ ਆਦਮੀ ਨੂੰ ਨੁਕਸਾਨ ਪਹੁੰਚਾ ਰਹੀ ਹੈ, ਅਦਾਲਤ ਨੇ ਕਿਹਾ, 'ਇਹ ਸਰਾਸਰ ਲੁੱਟ ਹੈ। ਕੈਂਸਰ ਦੀ ਦਵਾਈ ਦੀ ਵੱਧ ਤੋਂ ਵੱਧ ਪ੍ਰਚੂਨ ਕੀਮਤ (ਐਮ.ਆਰ.ਪੀ.) 27,000 ਰੁਪਏ ਹੈ, ਜਦੋਂ ਕਿ ਇਹ ਪ੍ਰਚੂਨ ਵਿਕਰੇਤਾਵਾਂ ਨੂੰ 2,700 ਰੁਪਏ ਵਿੱਚ ਸਪਲਾਈ ਕੀਤੀ ਜਾਂਦੀ ਹੈ।' ਬੈਂਚ ਨੇ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰਦੇ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ, 'ਨਿੱਜੀ ਹਸਪਤਾਲ ਕਿਸੇ ਨੂੰ ਨਹੀਂ ਬਖ਼ਸ਼ਦੇ। ਉਹ ਲਾਸ਼ਾਂ ਨੂੰ ਵੀ ਲਿਜਾਉਣ ਦੀ ਇਜਾਜ਼ਤ ਨਹੀਂ ਦਿੰਦੇ।' ਸੁਣਵਾਈ ਦੀ ਸ਼ੁਰੂਆਤ ਵਿੱਚ, ਜਸਟਿਸ ਮਹਿਤਾ ਨੇ ਪੁੱਛਿਆ, 'ਇਹ ਫ਼ਰਕ ਕਿਉਂ ਹੈ? ਇਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਇਹ ਜ਼ਰੂਰੀ ਹੈ ਜਾਂ ਗ਼ੈਰ-ਜ਼ਰੂਰੀ? ਜਸਟਿਸ ਮਹਿਤਾ ਨੇ ਕਿਹਾ, 'ਸਵਾਲ ਇਹ ਹੈ ਕਿ ਦਵਾਈਆਂ ਦੀ ਕੀਮਤ 10 ਗੁਣਾ ਜ਼ਿਆਦਾ ਕਿਉਂ ਹੈ? ਇਹ ਵੱਡੀ ਰਕਮ ਕਿੱਥੇ ਜਾਂਦੀ ਹੈ? ਇਸ ਤੋਂ ਕਿਸ ਨੂੰ ਫ਼ਾਇਦਾ ਹੋ ਰਿਹਾ ਹੈ? ਸਾਲਿਸਿਟਰ ਜਨਰਲ ਨੇ ਕਿਹਾ ਕਿ ਇਹ ਫ਼ਾਇਦਾ ਫ਼ਾਰਮਾਸਿਊਟੀਕਲ ਕੰਪਨੀਆਂ ਨੂੰ ਨਹੀਂ ਜਾ ਰਿਹਾ, ਸਗੋਂ ਇਹ ਜਾਪਦਾ ਹੈ ਕਿ ਨਿੱਜੀ ਹਸਪਤਾਲਾਂ ਨੂੰ ਫ਼ਾਇਦਾ ਹੋ ਰਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਨਿੱਜੀ ਹਸਪਤਾਲ ਇੱਕ 'ਉਦਯੋਗ' ਵਾਂਗ ਕੰਮ ਕਰ ਰਹੇ ਹਨ। ਇਹ ਕੋਈ ਸੇਵਾ ਨਹੀਂ ਹੈ। ਆਮ ਆਦਮੀ ਨੂੰ ਇਹ ਸਭ ਕਿਉਂ ਸਹਿਣਾ ਪੈਂਦਾ ਹੈ? ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 12 ਅਕਤੂਬਰ ਦੀ ਤਰੀਕ ਤੈਅ ਕੀਤੀ ਅਤੇ ਕਿਹਾ ਕਿ ਉਹ ਇਸ ਮੁੱਦੇ 'ਤੇ ਕੇਂਦਰ ਸਰਕਾਰ ਦੇ ਜਵਾਬ ਨੂੰ ਸੁਣੇਗਾ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਕੈਂਸਰ ਦੀਆਂ ਦਵਾਈਆਂ ਦੀਆਂ ਬੇਹਤਾਸ਼ਾ ਵੱਧ ਕੀਮਤਾਂ ਇੱਕ ਤਰ੍ਹਾਂ ਨਾਲ 'ਗਰੀਬਾਂ ਦੀ ਨਸਲਕੁਸ਼ੀ' ਦੇ ਬਰਾਬਰ ਹਨ।




ਭਾਰਤ ਵਿੱਚ ਹਾਲ ਇਹ ਹੋ ਗਿਆ ਹੈ ਕਿ ਦਵਾਈਆਂ ਦੀਆਂ ਕੀਮਤਾਂ ਵਿੱਚ ਕੁਝ ਦਿਨਾਂ ਬਾਅਦ ਹੀ ਵਾਧਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਦੁਕਾਨਦਾਰ ਸਸਤੀਆਂ ਦਵਾਈਆਂ ਨੂੰ ਵੀ ਬਹੁਤ ਮਹਿੰਗੇ ਭਾਅ ਵੇਚਦੇ ਹਨ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਦਵਾਈਆਂ ਉੱਪਰ ਜੋ ਰੇਟ ਲਿਖਿਆ ਹੁੰਦਾ ਹੈ, ਉਸ ਵਿੱਚ ਦੁਕਾਨਦਾਰਾਂ ਲਈ ਕਾਫ਼ੀ ਜ਼ਿਆਦਾ ਮਾਰਜ਼ਨ ਰੱਖਿਆ ਹੁੰਦਾ ਹੈ। ਖਾਸ ਕਰਕੇ ਜਿਹੜੇ ਨਿੱਜੀ ਹਸਪਤਾਲਾਂ ਵਿੱਚ ਹੀ ਦਵਾਈਆਂ ਦੀਆਂ ਦੁਕਾਨਾਂ ਹੁੰਦੀਆਂ ਹਨ, ਉਨ੍ਹਾਂ ਦੁਕਾਨਾਂ 'ਤੇ ਅਕਸਰ ਦਵਾਈਆਂ ਮਹਿੰਗੀਆਂ ਵੇਚੀਆਂ ਜਾਂਦੀਆਂ ਹਨ। ਦਵਾਈਆਂ ਦੀ ਡੱਬੀ ਅਤੇ ਪੱਤਿਆਂ 'ਤੇ ਅਕਸਰ ਭਾਅ ਬਹੁਤ ਜ਼ਿਆਦਾ ਲਿਖਿਆ ਹੁੰਦਾ ਹੈ। ਜਿਸ ਕਾਰਨ ਦਵਾਈਆਂ ਵੇਚਣ ਵਾਲੇ ਦੁਕਾਨਦਾਰ ਮੋਟੀ ਕਮਾਈ ਕਰਦੇ ਹਨ। ਨਿੱਜੀ ਹਸਪਤਾਲਾਂ ਦੇ ਡਾਕਟਰ ਜਿਹੜੀ ਦਵਾਈ ਮਰੀਜ਼ ਲਈ ਲਿਖਦੇ ਹਨ, ਉਹ ਦਵਾਈ ਸਿਰਫ਼ ਉਸੇ ਹਸਪਤਾਲ ਦੇ ਅੰਦਰ ਸਥਿਤ ਦਵਾਈਆਂ ਦੀ ਦੁਕਾਨ ਤੋਂ ਮਿਲਦੀ ਹੈ, ਜੋ ਕਿ ਬਹੁਤ ਮਹਿੰਗੀ ਹੁੰਦੀ ਹੈ। ਮਾਰਕੀਟ ਵਿੱਚ ਸਥਿਤ ਦਵਾਈਆਂ ਦੀਆਂ ਦੁਕਾਨਾਂ 'ਤੇ ਅਕਸਰ ਉਹ ਦਵਾਈ ਨਹੀਂ ਮਿਲਦੀ। ਜਿਸ ਕਾਰਨ ਮਰੀਜ਼ ਨਿੱਜੀ ਹਸਪਤਾਲਾਂ ਵਿੱਚ ਸਥਿਤ ਦਵਾਈਆਂ ਦੀਆਂ ਦੁਕਾਨਾਂ ਤੋਂ ਹੀ ਦਵਾਈਆਂ ਖਰੀਦਣ ਲਈ ਮਜਬੂਰ ਹੁੰਦੇ ਹਨ। ਸਥਿਤੀ ਇਹ ਹੁੰਦੀ ਹੈ ਕਿ ਹਸਪਤਾਲ ਦੇ ਬਿਸਤਰੇ 'ਤੇ ਲੇਟੇ ਮਰੀਜ਼ ਲਈ ਗਲੂਕੋਜ਼ ਜਾਂ ਦਵਾਈ ਚੜ੍ਹਾਉਣ ਵਾਲਾ ਸੈੱਟ ਕੋਈ ਆਪਣੀ ਮਰਜ਼ੀ ਦੀ ਖਰੀਦਦਾਰੀ ਨਹੀਂ ਹੁੰਦੀ। ਇਹੀ ਹਾਲ ਟੀਕੇ ਭਾਵ ਸਰਿੰਜ ਦਾ ਹੈ। ਮਰੀਜ਼ ਕੋਲ ਨਾ ਤਾਂ ਕੀਮਤਾਂ ਦੀ ਤੁਲਨਾ ਕਰਨ ਦਾ ਕੋਈ ਮੌਕਾ ਹੁੰਦਾ ਹੈ, ਨਾ ਦਵਾਈਆਂ ਵੇਚਣ ਵਾਲੇ ਨਾਲ ਮੁੱਲ-ਭਾਅ ਕਰਨ ਦਾ ਅਤੇ ਨਾ ਹੀ ਉੱਥੋਂ ਵਾਪਸ ਜਾਣ ਦਾ ਕੋਈ ਰਾਹ ਹੁੰਦਾ ਹੈ। ਮਹਾਰਾਸ਼ਟਰ ਵਿੱਚ ਕਰਵਾਏ ਗਏ ਸੂਬਾ ਪੱਧਰੀ ਸਰਵੇਖਣ ਦੀ ਰਿਪੋਰਟ ਹੈਰਾਨੀਜਨਕ ਹੋਣ ਦੇ ਨਾਲ ਨਾਲ ਦਵਾਈ ਮਾਰਕੀਟ ਦੀ ਅਸਲੀਅਤ ਦਿਖਾਉਣ ਵਾਲੀ ਹੈ। ਇਸ ਸਰਵੇਖਣ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਹਸਪਤਾਲ ਵੱਲੋਂ 11 ਰੁਪਏ 5 ਪੈਸੇ ਵਿੱਚ ਖ਼ਰੀਦੇ ਗਏ ਇੱਕ ਆਈ.ਵੀ. ਇਨਫ਼ਿਊਜ਼ਨ ਸੈੱਟ ਦਾ ਵੱਧ ਤੋਂ ਵੱਧ ਪ੍ਰਚੂਨ ਮੁੱਲ ਭਾਵ ਐਮ.ਆਰ.ਪੀ 325 ਰੁਪਏ ਰੱਖਿਆ ਗਿਆ ਸੀ। ਇਸੇ ਤਰ੍ਹਾਂ 6 ਰੁਪਏ 75 ਪੈਸੇ ਵਿੱਚ ਖਰੀਦੀ ਗਈ ਸਰਿੰਜ ਦਾ ਐਮ. ਆਰ.ਪੀ.57 ਰੁਪਏ 20 ਪੈਸੇ ਸੀ। ਜਦੋਂ ਕਿ 29 ਰੁਪਏ 41 ਪੈਸੇ ਵਿੱਚ ਖ਼ਰੀਦੇ ਗਏ ਕੈਥੇਟਰ ਦਾ ਐੱਮ.ਆਰ.ਪੀ. 310 ਰੁਪਏ ਵਸੂਲਿਆ ਜਾ ਰਿਹਾ ਸੀ। ਪੰਜਾਬ ਵਿੱਚ ਵੀ ਮਹਾਰਾਸ਼ਟਰ ਵਰਗਾ ਹੀ ਹਾਲ ਹੈ। ਕੁਝ ਸਮਾਜ ਸੇਵਕਾਂ ਨੇ ਦੱਸਿਆ ਕਿ ਜਿਹੜੀ ਦਵਾਈ 7500 ਰੁਪਏ ਦੀ ਹੈ, ਉਸ ਦਾ ਪ੍ਰਿੰਟ ਰੇਟ 42566 ਰੁਪਏ ਹੈ। ਇਵੇਂ ਹੀ 950 ਰੁਪਏ ਦੀ ਦਵਾਈ ਦਾ ਪ੍ਰਿੰਟ 9900 ਰੁਪਏ ਹੈ। 20 ਰੁਪਏ ਵਾਲੀ ਦਵਾਈ ਦਾ ਪ੍ਰਿੰਟ 138 ਰੁਪਏ ਤੇ 1230 ਰੁਪਏ ਵਾਲੀ ਦਵਾਈ ਦਾ 12500 ਰੁਪਏ ਹੈ ਹੁਣ ਜੇ ਮਹਿੰਗੀਆਂ ਦਵਾਈਆਂ ਦੇ ਨਾਲ- ਨਾਲ ਨਕਲੀ ਦਵਾਈਆਂ ਬਾਰੇ ਜ਼ਿਕਰ ਨਾ ਕੀਤਾ ਤਾਂ ਗੱਲ ਅਧੂਰੀ ਰਹੇਗੀ। ਭਾਰਤ ਵਿੱਚ ਜਿੱਥੇ ਮਰੀਜ਼ ਮਹਿੰਗੀਆਂ ਦਵਾਈਆਂ ਕਾਰਨ ਪ੍ਰੇਸ਼ਾਨ ਹੁੰਦੇ ਹਨ, ਉਥੇ ਭਾਰਤ ਵਿੱਚ ਵਿਕਦੀਆਂ ਨਕਲੀ ਦਵਾਈਆਂ ਕਾਰਨ ਵੀ ਆਮ ਲੋਕ ਬਹੁਤ ਖੱਜਲ ਖੁਆਰ ਹੁੰਦੇ ਹਨ। ਇੱਕ ਸਰਵੇਖਣ ਮੁਤਾਬਿਕ ਭਾਰਤੀ ਬਾਜ਼ਾਰ ਵਿੱਚ 25 ਫ਼ੀਸਦੀ ਦਵਾਈਆਂ ਨਕਲੀ ਹਨ। ਨਕਲੀ ਦਵਾਈਆਂ ਦੀ ਵਰਤੋਂ ਕਾਰਨ ਦੁਨੀਆ ਭਰ ਵਿੱਚ ਹਰ ਸਾਲ 10 ਲੱਖ ਮੌਤਾਂ ਹੁੰਦੀਆਂ ਹਨ। ਜੋ ਦਵਾਈ ਬਿਮਾਰ ਲਈ ਜੀਵਨ ਬਚਾਉਣ ਵਾਲੀ ਦਵਾਈ ਹੈ, ਜੇ ਦਵਾਈ ਨਕਲੀ ਹੈ ਤਾਂ ਮਰੀਜ਼ ਲਈ ਜ਼ਹਿਰ ਵਾਂਗ ਹੈ। ਨਕਲੀ ਦਵਾਈ ਮਾਫ਼ੀਆ ਦਾ ਨੈੱਟਵਰਕ ਪੂਰੇ ਦੇਸ਼ ਵਿੱਚ ਕੈਂਸਰ ਵਾਂਗ ਫ਼ੈਲ ਰਿਹਾ ਹੈ।ਹਰ ਇੱਕ ਕੈਪਸੂਲ ਕੈਂਸਰ ਦੇ ਇਲਾਜ ਵਿੱਚ ਬਹੁਤ ਮਹੱਤਵਪੂਰਨ ਹੈ। ਅਜਿਹੇ 'ਚ ਜੇਕਰ ਕੈਂਸਰ ਵਰਗੀਆਂ ਬਿਮਾਰੀਆਂ ਲਈ ਨਕਲੀ ਦਵਾਈਆਂ ਬਾਜ਼ਾਰ 'ਚ ਉਪਲਬਧ ਹੋਣ ਤਾਂ ਜ਼ਰਾ ਸੋਚੋ ਕਿ ਕੈਂਸਰ ਦੇ ਮਰੀਜ਼ਾਂ ਦਾ ਕੀ ਹਾਲ ਹੋਵੇਗਾ।ਇਹੋ ਹੀ ਹਾਲ ਹੋਰ ਬਿਮਾਰੀਆਂ ਨੂੰ ਠੀਕ ਕਰਨ ਵਾਲੀਆਂ ਦਵਾਈਆਂ ਦਾ ਹੈ। ਕਾਨੂੰਨ ਅਨੁਸਾਰ ਨਕਲੀ ਦਵਾਈਆਂ ਦੀ ਖਰੀਦੋ-ਫ਼ਰੋਖਤ ਵਿੱਚ ਸ਼ਾਮਲ ਲੋਕਾਂ ਨੂੰ ਫ਼ੜਨਾ ਡਰੱਗ ਕੰਟਰੋਲ ਅਥਾਰਟੀ ਦੀ ਜ਼ਿੰਮੇਵਾਰੀ ਹੈ ਪਰ ਅਜਿਹਾ ਘੱਟ ਹੀ ਦੇਖਣ ਨੂੰ ਮਿਲਦਾ ਹੈ ਕਿ ਤੇਜ਼ੀ ਨਾਲ ਛਾਪੇਮਾਰੀ ਕੀਤੀ ਜਾਂਦੀ ਹੈ। ਜੇਕਰ ਇਹ ਵਿਭਾਗ ਲਗਾਤਾਰ ਜਾਂਚ ਕਰਵਾਏ ਤਾਂ ਨਕਲੀ ਦਵਾਈਆਂ ਵੇਚਣ ਵਾਲਿਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ।

(ਬਾਕੀ ਸਫ਼ਾ 27 'ਤੇ)




**ਇੱਕ ਪਾਸੇ ਸਰਕਾਰ ਆਮ ਲੋਕਾਂ ਨੂੰ ਸਸਤਾ ਅਤੇ ਵਧੀਆ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਦੇਣ ਦੇ ਦਾਅਵੇ ਕਰਦੀ ਹੈ ਪਰ ਭਾਰਤ ਦੇ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਡਿਸਪੈਂਸਰੀਆਂ ਦਾ ਜੋ ਹਾਲ ਹੈ, ਉਹ ਸਭ ਨੂੰ ਪਤਾ ਹੀ ਹੈ। ਚੰਗੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਬਹੁਤ ਭੀੜ ਹੋ ਜਾਂਦੀ ਹੈ, ਜਿਸ ਕਾਰਨ ਅਨੇਕਾਂ ਮਰੀਜ਼ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣ ਲਈ ਮਜਬੂਰ ਹੋ ਜਾਂਦੇ ਹਨ। ਦੂਜੇ ਪਾਸੇ ਕਈ ਸਰਕਾਰੀ ਹਸਪਤਾਲਾਂ ਵਿੱਚ ਮਾਹਿਰ ਡਾਕਟਰਾਂ ਅਤੇ ਦਵਾਈਆਂ ਦੀ ਵੀ ਘਾਟ ਹੁੰਦੀ ਹੈ, ਜਿਸ ਕਾਰਨ ਸਰਕਾਰੀ ਹਸਪਤਾਲਾਂ ਵਿੱਚ ਲੋਕ ਭਟਕਦੇ ਰਹਿੰਦੇ ਹਨ।**





ਦਰਪਣ ਝੂਠ ਨਹੀਂ ਬੋਲਦਾ

# ਦਰਿਆਵਾਂ 'ਚ ਘੁਲਿਆ ਜ਼ਹਿਰ: ਹਿਮਾਚਲ ਦੇ ਕੈਮੀਕਲਾਂ ਨੇ ਪਲੀਤ ਕੀਤਾ ਸਤਲੁਜ

## ➤ ਹਿਮਾਚਲ ਦੀਆਂ ਫੈਕਟਰੀਆਂ ਪੰਜਾਬ ਵਿੱਚ ਵੰਡ ਰਹੀਆਂ ਮੌਤ ➤ਪ੍ਰਦੂਸ਼ਣ ਬੋਰਡ ਦੀ ਕਾਰਗੁਜ਼ਾਰੀ 'ਤੇ ਉੱਠੇ ਸਵਾਲ

### ਕੀ ਸਾਫ਼ ਪਾਣੀ ਬਣੇਗਾ ਪੰਜਾਬ ਦਾ ਅਗਲਾ ਚੋਣ ਮੁੱਦਾ ?

ਹਿਮਾਚਲ ਦਾ ਬੱਦੀ ਸਨਅਤੀ ਖੇਤਰ ਪੰਜਾਬ ਲਈ ਕਾਲ ਬਣਦਾ ਜਾ ਰਿਹਾ ਹੈ। ਉੱਥੋਂ ਦੀਆਂ ਦਵਾਈਆਂ ਦੀਆਂ ਫੈਕਟਰੀਆਂ ਮੌਤ ਵੰਡ ਰਹੀਆਂ ਨੇ। ਸਰਸਾ ਨਦੀ ਵਿੱਚ ਸਿੱਧਾ ਕੈਮੀਕਲ ਵਹਾਇਆ ਜਾ ਰਿਹਾ ਹੈ। ਪਾਰਾ, ਕ੍ਰੋਮੀਅਮ ਅਤੇ ਤੇਜ਼ਾਬੀ ਅੰਸ਼ ਪਾਣੀ ਵਿੱਚ ਘੁਲ ਰਹੇ ਨੇ। ਉਹੀ ਸਰਸਾ ਨਦੀ ਟੱਲੇਵਾਲ ਕੋਲ ਸਤਲੁਜ ਵਿੱਚ ਆ ਰਲਦੀ ਹੈ। ਉੱਪਰੋਂ ਲੱਖਾਂ ਪਲਾਸਟਿਕ ਦੀਆਂ ਬੋਤਲਾਂ ਤਰਦੀਆਂ ਆਉਂਦੀਆਂ ਨੇ। ਪੰਜਾਬ ਦੀਆਂ ਨਹਿਰਾਂ ਵਿੱਚ ਜ਼ਹਿਰ ਘੁਲ ਗਿਆ ਹੈ। ਇਹ ਪਾਣੀ ਖੇਤਾਂ ਵਿੱਚ ਜਾਂਦਾ ਹੈ। ਇਹੋ ਪਾਣੀ ਨਲਕਿਆਂ ਵਿੱਚੋਂ ਨਿਕਲਦਾ ਹੈ। ਕੈਂਸਰ ਬੁਰੀ ਤਰ੍ਹਾਂ ਫੈਲ ਰਿਹਾ ਹੈ।

ਬਠਿੰਡਾ, ਸੰਗਰੂਰ ਤੇ ਮਲੇਰਕੋਟਲਾ ਦੇ ਹਾਲ ਵੇਖੇ ਨਹੀਂ ਜਾਂਦੇ। ਖੇਤਾਂ ਦੀ ਮਿੱਟੀ ਬਾਂਝ ਹੋ ਰਹੀ ਹੈ। ਫ਼ਸਲਾਂ ਵਿੱਚ ਜ਼ਹਿਰ ਰਲ ਗਿਆ। ਪੰਜਾਬੀਆਂ ਦੇ ਗੁਰਦੇ ਫੇਲ੍ਹ ਹੋ ਰਹੇ ਨੇ। ਛੋਟੇ-ਛੋਟੇ ਬੱਚੇ ਕੈਂਸਰ ਹਸਪਤਾਲਾਂ ਵਿੱਚ ਰੁਲ ਰਹੇ ਨੇ। ਬੀਕਾਨੇਰ ਵਾਲੀ ਗੱਡੀ ਕੈਂਸਰ ਦੇ ਮਰੀਜ਼ਾਂ ਨਾਲ ਪੰਜਾਬ ਤੋਂ ਭਰੀ ਜਾਂਦੀ ਹੈ।



ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਹੁਣ ਕਾਰਵਾਈ ਕਰਨ ਵਾਲਾ ਅਦਾਰਾ ਨਹੀਂ, ਸਿਰਫ਼ ਕਾਗ਼ਜ਼ੀ ਖ਼ਾਨਾਪੂਰਤੀ ਦਾ ਅੱਡਾ ਬਣ ਕੇ ਰਹਿ ਗਿਆ ਹੈ। ਸਰਕਾਰੀ ਅੰਕੜੇ ਖ਼ੁਦ ਇਸ ਦੀ ਨਾਕਾਮੀ ਦੀ ਗਵਾਹੀ ਭਰਦੇ ਹਨ ਕਿ ਪਾਣੀ ਨੂੰ ਗੰਧਲਾ ਕਰਨ ਵਾਲੇ 1,511 ਸਰੋਤਾਂ ਵਿੱਚੋਂ 900 ਤੋਂ ਵੱਧ ਅੱਜ ਵੀ ਬਿਨਾਂ ਰੋਕ-ਟੋਕ ਦਰਿਆਵਾਂ ਨੂੰ ਜ਼ਹਿਰੀਲਾ ਕਰ ਰਹੇ ਹਨ।

ਸਨਅਤਕਾਰਾਂ ਦੀ ਬੇਖ਼ੌਫ਼ੀ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਉਹ ਰਾਤ ਦੇ ਹਨੇਰੇ ਵਿੱਚ ਰਿਵਰਸ ਬੋਰਿੰਗ ਰਾਹੀਂ ਜ਼ਹਿਰੀਲਾ ਰਸਾਇਣਕ ਪਾਣੀ ਸਿੱਧਾ ਧਰਤੀ ਦੇ ਸੀਨੇ ਵਿੱਚ ਉਤਾਰ ਰਹੇ ਹਨ—ਇਹ ਆਉਣ ਵਾਲੀਆਂ ਨਸਲਾਂ ਲਈ ਪੀਣ ਵਾਲੇ ਪਾਣੀ ਦਾ ਸਦਾ ਲਈ ਖਾਤਮਾ ਹੈ ਪਰ ਪ੍ਰਸ਼ਾਸਨਿਕ ਅਧਿਕਾਰੀ ਜਨਤਕ ਜਵਾਬਦੇਹੀ ਤੋਂ ਪੂਰੀ ਤਰ੍ਹਾਂ ਭੱਜ ਚੁੱਕੇ ਹਨ। ਰੋਪੜ ਹੈੱਡਵਰਕਸ 'ਤੇ ਫਲੋਟਿੰਗ ਬੈਰੀਅਰ ਯਾਨੀ ਜਾਲੀਆਂ ਲਾਉਣਾ ਅਸਲ ਮਸਲੇ ਤੋਂ ਅੱਖਾਂ ਮੀਟਣ ਵਾਲਾ ਇੱਕ ਪ੍ਰਬੰਧਕੀ ਡਰਾਮਾ ਹੈ। ਜਾਲੀਆਂ ਸਤ੍ਹਾ 'ਤੇ ਤਰਦੇ ਪਲਾਸਟਿਕ ਅਤੇ ਕੂੜੇ ਨੂੰ ਤਾਂ ਸ਼ਾਇਦ ਰੋਕ ਲੈਣ, ਪਰ ਪਾਣੀ ਦੇ ਕਣ-ਕਣ ਵਿੱਚ ਘੁਲੇ ਹੋਏ ਤੇਜ਼ਾਬ, ਪਾਰੇ ਅਤੇ ਕੈਮੀਕਲ ਦਾ ਕੀ ਇਲਾਜ ਹੈ? ਜਦੋਂ ਤੱਕ ਜ਼ਹਿਰ ਦੇ ਸਰੋਤਾਂ ਨੂੰ ਮੁੱਢੋਂ ਬੰਦ ਕਰਨ ਦੀ ਇੱਛਾ-ਸ਼ਕਤੀ ਨਹੀਂ ਦਿਖਾਈ ਜਾਂਦੀ, ਉਦੋਂ ਤੱਕ ਇਹ ਆਰਜ਼ੀ ਦਿਖਾਵੇ ਪੰਜਾਬ ਨੂੰ ਕੈਂਸਰ ਅਤੇ ਬਿਮਾਰੀਆਂ ਦੀ ਦਲਦਲ ਵਿੱਚੋਂ ਕਦੇ ਨਹੀਂ ਕੱਢ ਸਕਦੇ।

ਤਿਉਹਾਰਾਂ ਦੇ ਨਾਂਅ 'ਤੇ ਦਰਿਆਵਾਂ ਵਿੱਚ ਪੂਜਾ ਦੇ ਨਾਮ ਉੱਪਰ ਸਮਾਨ ਸੁੱਟਿਆ ਜਾਂਦਾ ਹੈ। ਪਲਾਸਟਰ ਆਫ਼ ਪੈਰਿਸ ਦੀਆਂ ਮੂਰਤੀਆਂ ਸਤਲੁਜ ਵਿੱਚ ਰੋੜ੍ਹੀਆਂ ਜਾਂਦੀਆਂ ਨੇ। ਸਿੰਥੈਟਿਕ ਰੰਗ ਪਾਣੀ ਨੂੰ ਹੋਰ ਜ਼ਹਿਰੀਲਾ ਕਰਦੇ ਨੇ। ਪੂਜਾ ਸਮੱਗਰੀ ਦੇ ਲਿਫ਼ਾਫ਼ੇ ਪਾਣੀਆਂ ਦਾ ਸਾਹ ਘੁੱਟ ਰਹੇ ਨੇ। ਵਾਤਾਵਰਣ ਮਾਹਿਰਾਂ ਦਾ ਕਹਿਣਾ ਹੈ ਕਿ ਦਰਿਆਵਾਂ ਵਿੱਚ ਕੂੜਾ ਸੁੱਟਣ 'ਤੇ ਸਖ਼ਤ ਮਨਾਹੀ ਹੋਣੀ ਚਾਹੀਦੀ ਹੈ।

ਸਿੱਖ ਬੁੱਧੀਜੀਵੀ ਡਾਕਟਰ ਖ਼ੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਸਿਆਸੀ ਧਿਰਾਂ ਲਈ ਪਾਣੀ ਲੋਕ-ਹਿੱਤ ਦਾ ਵਿਸ਼ਾ ਨਹੀਂ, ਸਗੋਂ ਵੋਟਾਂ ਬਟੋਰਨ ਦਾ ਸਸਤਾ ਹੱਥਕੰਡਾ ਬਣ ਚੁੱਕਾ ਹੈ। ਚੋਣਾਂ ਵੇਲੇ ਨਹਿਰਾਂ ਅਤੇ ਦਰਿਆਈ ਹੱਕਾਂ ਦੇ ਨਾਂ 'ਤੇ ਭਾਵਨਾਤਮਕ ਰੌਲਾ ਤਾਂ ਪਾਇਆ ਜਾਂਦਾ ਹੈ, ਪਰ ਲੋਕਾਂ ਨੂੰ ਪੀਣਯੋਗ ਸਾਫ਼ ਪਾਣੀ ਦੇਣ ਦੀ ਜ਼ਿੰਮੇਵਾਰੀ ਤੋਂ ਹਰ ਕੋਈ ਭੱਜ ਜਾਂਦਾ ਹੈ। ਕੈਂਸਰ ਅਤੇ ਮੌਤਾਂ ਦੇ ਢੇਰ 'ਤੇ ਸਿਆਸਤ ਚਮਕਾਉਣ ਦਾ ਇਹ ਸਿਲਸਿਲਾ ਹੁਣ ਬੰਦ ਹੋਣਾ ਚਾਹੀਦਾ ਹੈ, ਜਿਸ ਲਈ ਵੋਟਰਾਂ ਨੂੰ ਲੀਡਰਾਂ ਤੋਂ ਜਵਾਬ ਮੰਗਦਿਆਂ 'ਸਾਫ਼ ਪਾਣੀ ਨਹੀਂ ਤਾਂ ਵੋਟ ਨਹੀਂ' ਦਾ ਸਪਸ਼ਟ ਫ਼ੈਸਲਾ ਲੈਣਾ ਪਵੇਗਾ। ਸਰਕਾਰ ਨੂੰ ਹਿਮਾਚਲ ਪ੍ਰਦੇਸ਼ ਪ੍ਰਸ਼ਾਸਨ ਨਾਲ ਸਖ਼ਤ ਰੁਖ਼ ਅਖ਼ਤਿਆਰ ਕਰਕੇ ਬੱਦੀ ਸਨਅਤੀ ਖੇਤਰ ਦੀਆਂ ਜ਼ਹਿਰ ਵੰਡਦੀਆਂ ਕੰਪਨੀਆਂ ਨੂੰ ਤੁਰੰਤ ਜੰਦਰੇ ਮਾਰਨੇ ਚਾਹੀਦੇ ਹਨ।

## ਵੋਟਰ ਸੂਚੀਆਂ 'ਤੇ ਸਿਆਸੀ ਘਮਸਾਨ ਭਾਰਤ 'ਚ ਸ਼ੁਰੂ

# ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ਵਿਰੁੱਧ ਦਿੱਲੀ ਤੋਂ ਮੁੰਬਈ ਤੱਕ ਸੜਕਾਂ 'ਤੇ ਉੱਤਰੀ ਵਿਰੋਧੀ ਧਿਰ

## ਲੱਖਾਂ ਨਾਗਰਿਕਾਂ ਤੋਂ ਵੋਟ ਦਾ ਅਧਿਕਾਰ ਖੋਹਣਾ ਸੰਵਿਧਾਨ ਦੇ ਮੂਲ ਢਾਂਚੇ 'ਤੇ ਸਿੱਧਾ ਹਮਲਾ: ਜਸਟਿਸ ਭੂਈਆਂ

ਦੇਸ਼ ਅੰਦਰ ਵੋਟਰ ਸੂਚੀਆਂ ਦੀ ਪਾਰਦਰਸ਼ਤਾ ਨੂੰ ਲੈ ਕੇ ਵੱਡੇ ਪੱਧਰ ਉਪਰ ਸਿਆਸੀ ਘਮਸਾਨ ਛਿੜ ਗਿਆ ਹੈ। ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਵਿਰੋਧੀ ਧਿਰਾਂ, ਕਾਨੂੰਨੀ ਮਾਹਿਰ ਅਤੇ ਸਮਾਜਿਕ ਸੰਗਠਨ ਸੜਕਾਂ 'ਤੇ ਉੱਤਰ ਆਏ ਹਨ। ਦੂਜੇ ਪਾਸੇ ਸੁਪਰੀਮ ਕੋਰਟ ਦੇ ਜੱਜ ਵੱਲੋਂ ਆਏ ਵੱਡੇ ਬਿਆਨ ਨੇ ਇਸ ਬਹਿਸ ਨੂੰ ਸੰਵਿਧਾਨਕ ਮੋੜ ਦੇ ਦਿੱਤਾ ਹੈ।

ਰਾਜਧਾਨੀ ਦਿੱਲੀ ਵਿੱਚ ਵਿਰੋਧ ਪ੍ਰਦਰਸ਼ਨਾਂ ਦਾ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ। ਇੰਡੀਆ ਗੇਟ ਤੋਂ ਲੈ ਕੇ ਜੰਤਰ-ਮੰਤਰ ਤੱਕ ਮਾਹੌਲ ਪੂਰੀ ਤਰ੍ਹਾਂ ਤਣਾਅਪੂਰਨ ਹੈ। ਪੁਲਿਸ ਨੇ ਪੂਰੇ ਇਲਾਕੇ ਵਿੱਚ ਬੈਰੀਕੇਡ ਲਗਾ ਕੇ ਛਾਉਣੀ ਬਣਾ ਦਿੱਤਾ ਹੈ। ਪੰਜ ਹਜ਼ਾਰ ਤੋਂ ਵੱਧ ਸੁਰੱਖਿਆ ਕਰਮੀ ਤਾਇਨਾਤ ਕੀਤੇ ਗਏ ਹਨ। ਅੰਦੋਲਨਕਾਰੀ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦਾ ਅਸਤੀਫ਼ਾ ਮੰਗ ਰਹੇ ਹਨ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਕੇਂਦਰ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਿਹਾ ਹੈ। ਬੀਤੇ ਦਿਨੀਂ ਵਿਦਿਆਰਥੀ ਜਥੇਬੰਦੀ 'ਆਇਸਾ', ਆਮ ਆਦਮੀ ਪਾਰਟੀ ਅਤੇ ਕਈ ਜਮਹੂਰੀ ਜਥੇਬੰਦੀਆਂ ਨੇ ਸੰਸਦ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਸੀ। ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਸੀ। ਇਸ ਦੌਰਾਨ ਪ੍ਰਦਰਸ਼ਨ ਕਰ ਰਹੀਆਂ ਮਹਿਲਾ ਪੱਤਰਕਾਰਾਂ ਅਤੇ ਵਿਦਿਆਰਥਣਾਂ ਨਾਲ ਪੁਲਿਸ ਵੱਲੋਂ ਬਦਸਲੂਕੀ ਦੇ ਦੋਸ਼ ਵੀ ਸਾਹਮਣੇ ਆਏ ਹਨ। ਇਸ ਘਟਨਾ ਨੇ ਅੰਦੋਲਨ ਨੂੰ ਹੋਰ ਭੜਕਾ ਦਿੱਤਾ ਸੀ। ਪ੍ਰੈੱਸ ਕਲੱਬ ਆਫ਼ ਇੰਡੀਆ ਅਤੇ ਕਈ ਆਗੂਆਂ ਨੇ ਪੁਲਿਸ ਦੀ ਜਾਲਮਾਨਾ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਹੈ।



ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਸੁਧਾਰ ਦੇ ਨਾਂਅ ਹੇਠ ਜਾਇਜ਼ ਵੋਟਰਾਂ ਦੇ ਨਾਂਅ ਕੱਟੇ ਜਾ ਰਹੇ ਹਨ। ਖ਼ਾਸ ਕਰਕੇ ਫ਼ਾਰਮ-7 ਦੀ ਦੁਰਵਰਤੋਂ ਕਰਕੇ ਗ਼ਰੀਬਾਂ ਅਤੇ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਨੇ ਇਸ ਨੂੰ ਵੋਟਾਂ ਦੀ ਸਿੱਧੀ ਚੋਰੀ ਕਰਾਰ ਦਿੱਤਾ ਹੈ। ਰਾਹੁਲ ਗਾਂਧੀ ਨੇ ਦੇਸ਼ ਭਰ ਵਿੱਚ ਹੋ ਰਹੇ ਪ੍ਰਦਰਸ਼ਨਾਂ ਨੂੰ ਇੱਕ ਮੰਚ 'ਤੇ ਲਿਆਉਣ ਲਈ 'ਸੱਤਿਆਗ੍ਰਹਿ' ਮੁਹਿੰਮ ਸ਼ੁਰੂ ਕੀਤੀ ਹੈ। ਵਿਰੋਧੀ ਆਗੂਆਂ ਦਾ ਕਹਿਣਾ ਹੈ ਕਿ ਵੋਟ ਦਾ ਹੱਕ ਖੋਹਣਾ ਲੋਕਤੰਤਰ ਦਾ ਕਤਲ ਹੈ। ਮੁੰਬਈ ਵਿੱਚ ਵੀ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ ਹਨ।

# ਅਮਰੀਕਾ ਦੇ ਓਹਾਇਓ 'ਚ ਸਵਾਮੀ ਨਾਰਾਇਣ ਮੰਦਰ 'ਤੇ ਇੱਟਾਂ ਨਾਲ ਹਮਲਾ

## ਪੂਜਾ ਕਰ ਰਹੇ ਸ਼ਰਧਾਲੂ ਵਾਲ-ਵਾਲ ਬਚੇ, ਐਫ.ਬੀ.ਆਈ. ਵੱਲੋਂ ਜਾਂਚ ਸ਼ੁਰੂ

ਅਮਰੀਕਾ ਵਿੱਚ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਨਫ਼ਰਤੀ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਚਿੰਤਾ ਦਾ ਵਿਸ਼ਾ ਬਣਦੀਆਂ ਜਾ ਰਹੀਆਂ ਹਨ। ਬੀਤੇ ਦਿਨੀਂ ਓਹਾਇਓ ਸੂਬੇ ਦੇ ਗ੍ਰੇਟਰ ਕਲੀਵਲੈਂਡ ਖੇਤਰ ਅਧੀਨ ਪੈਂਦੇ ਰਿਚਮੰਡ ਹਾਈਟਸ ਵਿੱਚ ਸਥਿਤ 'ਸ਼੍ਰੀ ਸਵਾਮ ਨਿਾਰਾਇਣ ਵਡਤਾਲ ਧਾਮ ਹਿੰਦੂ ਮੰਦਰ' ਨੂੰ ਅਣਪਛਾਤੇ ਸ਼ਰਾਰਤੀ ਅਨਸਰਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ। ਬੀਤੇ ਦਿਨੀਂ ਦੁਪਹਿਰ ਦੌਰਾਨ ਅਚਾਨਕ ਮੰਦਰ ਦੀ ਇਮਾਰਤ 'ਤੇ ਭਾਰੀ ਮਾਤਰਾ ਵਿੱਚ ਇੱਟਾਂ ਦੀ ਬਰਸਾਤ ਕੀਤੀ ਗਈ, ਜਿਸ ਕਾਰਨ ਇਮਾਰਤ ਦੀਆਂ ਖਿੜਕੀਆਂ ਦੇ ਸ਼ੀਸ਼ੇ ਚਕਨਾਚੂਰ ਹੋ ਗਏ ਅਤੇ ਜਾਇਦਾਦ ਦਾ ਭਾਰੀ ਨੁਕਸਾਨ ਹੋਇਆ ਸੀ। ਇਸ ਅਚਾਨਕ ਹੋਏ ਹਮਲੇ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਜਿਸ ਸਮੇਂ ਇਹ ਹਮਲਾ ਹੋਇਆ, ਉਸ ਵੇਲੇ ਮੰਦਰ ਦੇ ਅੰਦਰ ਰੋਜ਼ਾਨਾ ਵਾਂਗ ਧਾਰਮਿਕ ਰਸਮਾਂ ਚੱਲ ਰਹੀਆਂ ਸਨ। ਇਮਾਰਤ ਦੇ ਅੰਦਰ ਪੁਜਾਰੀਆਂ ਸਮੇਤ ਕਈ ਸ਼ਰਧਾਲੂ ਮੌਜੂਦ ਸਨ ਅਤੇ ਪੂਜਾ ਵਿੱਚ ਲੀਨ ਸਨ। ਅਚਾਨਕ ਖਿੜਕੀਆਂ ਦੇ ਸ਼ੀਸ਼ੇ ਟੁੱਟ ਕੇ ਅੰਦਰ ਡਿੱਗਣ ਕਾਰਨ ਅੰਦਰ ਮੌਜੂਦ ਸੰਗਤ ਵਿੱਚ ਹਫੜਾ-ਦਫੜੀ ਮਚ ਗਈ। ਖ਼ੁਸ਼ਕਿਸਮਤੀ ਇਹ ਰਹੀ ਕਿ ਸਾਰੇ ਲੋਕ ਵਾਲ-ਵਾਲ ਬਚ ਗਏ।

ਇਹ ਘਟਨਾ ਅਜਿਹੇ ਨਾਜ਼ੁਕ ਸਮੇਂ ਵਾਪਰੀ ਹੈ ਜਦੋਂ ਅਮਰੀਕਾ ਭਰ ਵਿੱਚ ਰਹਿੰਦਾ ਹਿੰਦੂ ਭਾਈਚਾਰਾ ਨਰਾਤਿਆਂ ਦੇ ਪਵਿੱਤਰ ਤਿਉਹਾਰ ਦੀ ਸ਼ੁਰੂਆਤ ਦੀਆਂ ਤਿਆਰੀਆਂ ਕਰ ਰਿਹਾ ਸੀ। ਇਸ ਤੋਂ ਇਲਾਵਾ ਅਕਤੂਬਰ ਮਹੀਨੇ ਦੌਰਾਨ ਅਮਰੀਕਾ ਵਿੱਚ 'ਹਿੰਦੂ ਹੈਰੀਟੇਜ ਮੰਥ' ਵੀ ਮਨਾਇਆ ਜਾ ਰਿਹਾ ਹੈ। ਅਜਿਹੇ ਸ਼ੁਭ ਅਤੇ ਅਹਿਮ ਮੌਕੇ 'ਤੇ ਪੂਜਾ ਸਥਾਨ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਏ ਜਾਣ ਕਾਰਨ ਸਥਾਨਕ ਪਰਵਾਸੀ ਹਿੰਦੂ ਭਾਈਚਾਰੇ ਵਿੱਚ ਭਾਰੀ ਰੋਸ ਅਤੇ ਅਸੁਰੱਖਿਆ ਦੀ ਭਾਵਨਾ ਫੈਲ ਗਈ ਹੈ। ਤਿਉਹਾਰਾਂ ਦੇ ਸੀਜ਼ਨ ਦੌਰਾਨ ਅਜਿਹੀ ਘਟਨਾ ਨੇ ਮੰਦਰ ਜਾਣ ਵਾਲੇ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਹਮਲੇ ਦੇ ਅਸਲ ਕਾਰਨਾਂ ਬਾਰੇ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋ ਸਕੀ ਹੈ। ਮੰਦਰ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਸਾਹਮਣੇ ਆਈ ਹੈ, ਜਿਸ ਵਿੱਚ ਹਮਲਾਵਰ ਤੇਜ਼ੀ ਨਾਲ ਮੰਦਰ ਵੱਲ ਇੱਟਾਂ ਸੁੱਟਦੇ ਦਿਖਾਈ ਦੇ ਰਹੇ ਹਨ। ਪੁਲਿਸ ਹੁਣ ਇਸ ਵੀਡੀਓ ਰਿਕਾਰਡਿੰਗ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਹਿੰਦੂ ਸੰਗਠਨਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਪਿਛਲੇ ਕੁਝ ਸਮੇਂ ਤੋਂ ਭਾਰਤੀਆਂ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਪ੍ਰਤੀ ਆਨਲਾਈਨ ਮੰਚਾਂ 'ਤੇ ਨਫ਼ਰਤੀ ਪ੍ਰਚਾਰ ਬਹੁਤ ਤੇਜ਼ੀ ਨਾਲ ਵਧਿਆ ਹੈ। ਉਨ੍ਹਾਂ ਅਨੁਸਾਰ ਇੰਟਰਨੈੱਟ 'ਤੇ ਫੈਲਾਈ ਜਾ ਰਹੀ ਇਹੀ ਜ਼ਹਿਰੀਲੀ ਸੋਚ ਹੁਣ ਜ਼ਮੀਨੀ ਪੱਧਰ 'ਤੇ ਹਿੰਸਾ ਦਾ ਰੂਪ ਲੈ ਕੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਦੂਜੇ ਪਾਸੇ, ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਹਮਲਾਵਰ ਗ੍ਰਿਫ਼ਤਾਰ ਨਹੀਂ ਹੁੰਦੇ ਅਤੇ ਉਨ੍ਹਾਂ ਦਾ ਮਕਸਦ ਸਪੱਸ਼ਟ ਨਹੀਂ ਹੁੰਦਾ, ਉਦੋਂ ਤੱਕ ਕਾਨੂੰਨੀ ਤੌਰ 'ਤੇ ਇਸ ਨੂੰ ਨਸਲੀ ਜਾਂ ਧਾਰਮਿਕ ਨਫ਼ਰਤ ਦਾ ਮਾਮਲਾ ਐਲਾਨਣਾ ਜਲਦਬਾਜ਼ੀ ਹੋਵੇਗੀ। ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਰਿਚਮੰਡ ਹਾਈਟਸ ਪੁਲਿਸ ਨੇ ਦੇਸ਼ ਦੀ ਸਰਵਉੱਚ ਜਾਂਚ ਏਜੰਸੀ ਐਫ.ਬੀ.ਆਈ. ਤੇ ਸਿਵਲ ਰਾਈਟਸ ਵਿਭਾਗ ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਹੈ।



(ਬਾਕੀ ਸਫ਼ਾ 26 'ਤੇ)

## 2027 ਦੀਆਂ ਚੋਣਾਂ ਸਿਰ 'ਤੇ

# 106 ਸਾਲਾ ਇਤਿਹਾਸ ਦੇ ਸਭ ਤੋਂ ਵੱਡੇ ਸਿਆਸੀ ਸੰਕਟ 'ਚ ਘਿਰਿਆ ਅਕਾਲੀ ਦਲ

## ਦਿੱਲੀ ਦੀ ਝਾਕ ਛੱਡ ਕੇ ਅਨੰਦਪੁਰ ਸਾਹਿਬ ਦੇ ਮਤੇ ਵੱਲ ਵਾਪਸੀ ਹੀ ਆਖ਼ਰੀ ਰਾਹ ?

## ਭਾਜਪਾ ਦੀ 'ਇਕੱਲੇ ਚੱਲੋ' ਨੀਤੀ ਨੇ ਬੰਦ ਕੀਤੇ ਰਾਹ, ਹੁਣ ਕੀ ਕਰਨਗੇ ਅਕਾਲੀ ਦਲ ਦੇ ਵੱਖ-ਵੱਖ ਧੜੇ ?

1920-21 ਵਿੱਚ ਗੁਰਦੁਆਰਾ ਸੁਧਾਰ ਲਹਿਰ ਦੀ ਕੁੱਖੋਂ ਜਨਮ ਲੈਣ ਵਾਲਾ ਸ਼੍ਰੋਮਣੀ ਅਕਾਲੀ ਦਲ ਕਦੇ ਭਾਰਤ ਦੇ ਆਜ਼ਾਦੀ ਸੰਘਰਸ਼ ਅਤੇ ਸੂਬਾਈ ਹੱਕਾਂ ਦੀ ਰਾਖੀ ਦੀ ਮੋਹਰੀ ਆਵਾਜ਼ ਮੰਨਿਆ ਜਾਂਦਾ ਸੀ। ਜਦੋਂ ਮਹਾਤਮਾ ਗਾਂਧੀ ਨੇ ਗੁਰਦੁਆਰਾ ਸੁਧਾਰ ਲਹਿਰ ਦੀ ਜਿੱਤ 'ਤੇ ਸਿੱਖ ਪੰਥ ਨੂੰ 'ਆਜ਼ਾਦੀ ਦੀ ਪਹਿਲੀ ਲੜਾਈ ਜਿੱਤਣ' ਦੀ ਇਤਿਹਾਸਕ ਤਾਰ ਭੇਜੀ ਸੀ, ਤਾਂ ਉਹ ਅਕਾਲੀ ਦਲ ਦੀ ਲੋਕ-ਪ੍ਰਤੀਬੱਧਤਾ ਦਾ ਸਿਖਰ ਸੀ। ਦੇਸ਼ ਦੀ ਵੰਡ ਵੇਲੇ ਪੰਜਾਬ ਦੇ ਅਹਿਮ ਹਿੱਸੇ ਨੂੰ ਭਾਰਤ ਵਿੱਚ ਸ਼ਾਮਲ ਕਰਵਾਉਣ ਵਿੱਚ ਅਕਾਲੀ ਦਲ ਦੇ 22 ਵਿਧਾਇਕਾਂ ਦੀ ਦੂਰਅੰਦੇਸ਼ੀ ਵੋਟ ਨੇ ਨਿਰਣਾਇਕ ਭੂਮਿਕਾ ਨਿਭਾਈ ਸੀ।

ਆਜ਼ਾਦੀ ਤੋਂ ਬਾਅਦ ਵੀ ਪੰਜਾਬੀ ਸੂਬਾ ਮੋਰਚਾ, 1975 ਵਿੱਚ ਐਮਰਜੈਂਸੀ ਵਿਰੁੱਧ ਜਮਹੂਰੀਅਤ ਬਚਾਉਣ ਲਈ ਵਿੱਢਿਆ ਗਿਆ ਅਣਥੱਕ ਸੰਘਰਸ਼ ਅਤੇ ਧਰਮ ਯੁੱਧ ਮੋਰਚਾ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਅਕਾਲੀ ਦਲ ਨੇ ਸੱਤਾ ਨਾਲੋਂ ਸਿਧਾਂਤਾਂ ਨੂੰ ਹਮੇਸ਼ਾ ਪਹਿਲ ਦਿੱਤੀ। ਪੰਜਾਬ 'ਤੇ 22 ਸਾਲ 3 ਮਹੀਨੇ ਰਾਜ ਕਰਨ ਵਾਲੀ ਇਹ ਸ਼ਾਨਾਮੱਤੀ ਪਾਰਟੀ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਤ 2019 ਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਲਗਾਤਾਰ ਪਛੜ ਗਈ ਸੀ। ਅੱਜ ਜਦੋਂ 2027 ਦੀਆਂ ਆਮ ਚੋਣਾਂ ਬਰੂਹਾਂ 'ਤੇ ਹਨ, ਅਕਾਲੀ ਦਲ ਰਾਜਨੀਤਕ, ਧਾਰਮਿਕ ਅਤੇ ਸੰਗਠਨਾਤਮਕ ਪੱਖੋਂ ਆਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਵੱਡੇ ਸੰਕਟ ਵਿੱਚ ਘਿਰਿਆ ਪ੍ਰਤੀਤ ਹੁੰਦਾ ਹੈ।

**ਵੱਖ-ਵੱਖ ਅਕਾਲੀ ਧੜਿਆਂ ਵੰਡੀ ਲੀਡਰਸ਼ਿਪ**

ਅਜੋਕੇ ਸਮੇਂ ਅਕਾਲੀ ਦਲ ਗੰਭੀਰ ਅੰਦਰੂਨੀ ਟਕਰਾਅ ਕਾਰਨ ਚਾਰ ਮੁੱਖ ਧੜਿਆਂ ਵਿੱਚ ਵੰਡਿਆ ਜਾ ਚੁੱਕਾ ਹੈ—ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ), ਅਕਾਲੀ ਦਲ (ਵਾਰਿਸ ਪੰਜਾਬ ਦੇ) ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)। ਇਸ ਖਿਲਾਰੇ ਕਾਰਨ ਰਵਾਇਤੀ ਪੰਥਕ ਵੋਟ ਬੈਂਕ ਬੁਰੀ ਤਰ੍ਹਾਂ ਤਾਰ-ਤਾਰ ਹੋ ਗਿਆ ਹੈ ਅਤੇ ਵਿਰੋਧੀ ਧਿਰਾਂ ਲਈ ਅਕਾਲੀ ਦਲ ਕੋਈ ਠੋਸ ਚੁਣੌਤੀ ਬਣਨ ਦੀ ਬਜਾਏ ਇੱਕ ਖਿੰਡਿਆ ਹੋਇਆ ਸਿਆਸੀ ਧੜਾ ਜਾਪਣ ਲੱਗ ਪਿਆ ਹੈ।

ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅੰਮ੍ਰਿਤਸਰ) ਆਪਣੀ ਵੱਖਰੀ ਖ਼ਾਲਿਸਤਾਨੀ ਵਿਚਾਰਧਾਰਾ ਕਾਰਨ ਕਿਸੇ ਵੀ ਗੱਠਜੋੜ ਤੋਂ ਕਿਨਾਰਾ ਕਰਕੇ ਇਕੱਲਿਆਂ ਚੱਲਣ ਦੀ ਨੀਤੀ 'ਤੇ ਅਡੋਲ ਹੈ। ਦੂਜੇ ਪਾਸੇ, ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਾਰਟੀ 'ਵਾਰਿਸ ਪੰਜਾਬ ਦੇ' ਪ੍ਰਤੀ ਸਿੱਖ ਨੌਜਵਾਨਾਂ ਅਤੇ ਭਾਵੁਕ ਵੋਟਰਾਂ ਵਿੱਚ ਹਮਦਰਦੀ ਦੀ ਇੱਕ ਲਹਿਰ ਦੇਖਣ ਨੂੰ ਮਿਲ ਰਹੀ ਹੈ। ਇਹ ਧੜਾ ਰਵਾਇਤੀ ਅਕਾਲੀ ਆਗੂਆਂ 'ਤੇ ਬੇਅਦਬੀਆਂ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦਿਆਂ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੇ ਸਿਆਸੀ ਸਮਝੌਤੇ ਤੋਂ ਸਾਫ਼ ਇਨਕਾਰੀ ਹੈ। ਅਜਿਹੀ ਸਥਿਤੀ ਵਿੱਚ ਰਵਾਇਤੀ ਅਕਾਲੀ ਖੇਮੇ ਆਪਣੀ ਹੋਂਦ ਅਤੇ ਪ੍ਰਸੰਗਿਕਤਾ ਬਚਾਉਣ ਲਈ ਅਸਮਰੱਥ ਜਾਪਦੇ ਹਨ।

**ਭਾਜਪਾ ਦੀ 'ਇਕੱਲੇ ਚੱਲੋ' ਨੀਤੀ ਅਤੇ ਅਕਾਲੀ ਦਲ ਦਾ ਸਿਆਸੀ ਭਵਿਖ ਦਾਅ ਉਪਰ**

ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਨਵਾਂ ਬਣਿਆ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਦੋਵੇਂ ਹੀ ਸੱਤਾ ਹਾਸਲ ਕਰਨ ਦੀ ਮਨੋਵਿਗਿਆਨਕ ਕਮਜ਼ੋਰੀ ਤਹਿਤ ਭਾਰਤੀ ਜਨਤਾ ਪਾਰਟੀ ਨਾਲ ਚੋਣ ਗੱਠਜੋੜ ਕਰਨ ਦੇ ਮੌਕੇ ਲੱਭ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਵਰਗੇ ਆਗੂ ਭਾਵੇਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ 18-ਨੁਕਾਤੀ ਸ਼ਰਤੀਆ ਏਜੰਡੇ ਦੀ ਗੱਲ ਕਰ ਰਹੇ ਹਨ ਅਤੇ ਬਾਦਲ ਧੜਾ ਪ੍ਰਧਾਨ ਮੰਤਰੀ ਨਾਲ ਰਾਬਤਾ ਬਣਾਉਣ ਦੇ ਜਤਨਾਂ ਵਿੱਚ ਹੈ, ਪਰ ਭਾਜਪਾ ਵੱਲੋਂ ਇਨ੍ਹਾਂ ਯਤਨਾਂ ਨੂੰ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ ਸੀ।



ਪੰਜਾਬ ਭਾਜਪਾ ਦੇ ਇੰਚਾਰਜ ਡਾ. ਸਤੀਸ਼ ਪੂਨੀਆ ਅਤੇ ਕੌਮੀ ਸੰਗਠਨ ਸਕੱਤਰ ਬੀ. ਐਲ. ਸੰਤੋਸ਼ ਨੇ ਸਪੱਸ਼ਟ ਐਲਾਨ ਕਰ ਦਿੱਤਾ ਹੈ ਕਿ ਪਾਰਟੀ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਇਕੱਲਿਆਂ ਹੀ ਚੋਣ ਲੜੇਗੀ। ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਵਰਗੇ ਸਥਾਨਕ ਆਗੂਆਂ ਵੱਲੋਂ ਗੱਠਜੋੜ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ ਭਾਜਪਾ ਹਾਈਕਮਾਂਡ ਅਕਾਲੀ ਦਲ ਦੇ ਮੋਢਿਆਂ 'ਤੇ ਸਵਾਰ ਹੋਣ ਦੀ ਥਾਂ ਪੰਜਾਬ ਵਿੱਚ ਆਪਣਾ ਸੁਤੰਤਰ ਆਧਾਰ ਵਧਾਉਣਾ ਚਾਹੁੰਦੀ ਹੈ। ਇਹ ਸਪੱਸ਼ਟ ਹੋ ਚੁੱਕਾ ਹੈ ਕਿ ਦਿੱਲੀ ਵੱਲ ਝਾਕ ਕੇ 'ਊਠ ਦੇ ਬੁੱਲ੍ਹ ਡਿੱਗਣ' ਦੀ ਉਡੀਕ ਕਰਨ ਦੀ ਨੀਤੀ ਨੇ ਅਕਾਲੀ ਦਲ ਨੂੰ ਆਤਮ-ਸਨਮਾਨ ਤੋਂ ਸੱਖਣਾ ਕਰ ਦਿੱਤਾ ਹੈ।

**ਆਨੰਦਪੁਰ ਸਾਹਿਬ ਦੇ ਮਤੇ ਵਲ ਪਰਤਣ ਦੀ ਲੋੜ:**

ਸੂਬਾਈ ਖ਼ੁਦਮੁਖ਼ਤਿਆਰੀ ਅਤੇ ਸੰਘੀ ਢਾਂਚੇ ਦਾ ਸਿਧਾਂਤਕ ਸੰਕਲਪ

ਅਕਾਲੀ ਦਲ ਸਾਹਮਣੇ ਸਭ ਤੋਂ ਵੱਡਾ ਸਿਧਾਂਤਕ ਸੁਆਲ 1973 ਦੇ ਆਨੰਦਪੁਰ ਸਾਹਿਬ ਦੇ ਮਤੇ ਵੱਲ ਮੁੜਨ ਦਾ ਹੈ। ਇਹ ਮਤਾ ਕੋਈ ਵੱਖਵਾਦੀ ਦਸਤਾਵੇਜ਼ ਨਹੀਂ, ਸਗੋਂ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਕੇਂਦਰ-ਰਾਜ ਸੰਬੰਧਾਂ ਦੇ ਪੁਨਰ-ਗਠਨ ਅਤੇ ਸੂਬਿਆਂ ਨੂੰ ਵਿੱਤੀ ਤੇ ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਦੇਣ ਦਾ ਸਭ ਤੋਂ ਵਿਗਿਆਨਕ ਤੇ ਸੰਘੀ ਰੋਡਮੈਪ ਸੀ। ਅੱਜ ਜਦੋਂ ਕੇਂਦਰ ਸਰਕਾਰ ਵਲੋਂ ਰਾਜਾਂ ਦੇ ਹੱਕਾਂ ਨੂੰ ਲਗਾਤਾਰ ਸੀਮਤ ਕੀਤਾ ਜਾ ਰਿਹਾ ਹੈ, ਅਕਾਲੀ ਦਲ ਨੂੰ ਆਪਣੀ ਸੰਘੀ ਪਛਾਣ ਨੂੰ ਮੁੜ ਉਭਾਰਨਾ ਪਵੇਗਾ।

ਸੁਖਦੇਵ ਸਿੰਘ ਸੀਨੀਅਰ ਪੱਤਰਕਾਰ ਦਾ ਕਹਿਣਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਕੋਈ ਵੱਖਵਾਦੀ ਦਸਤਾਵੇਜ਼ ਨਹੀਂ, ਸਗੋਂ ਇਹ ਪੰਜਾਬ ਦੇ ਹੱਕਾਂ ਦੀ ਰਾਖੀ ਅਤੇ ਦੇਸ਼ ਵਿੱਚ ਰਾਜਾਂ ਨੂੰ ਵੱਧ ਤਾਕਤਾਂ ਦਿਵਾਉਣ ਦਾ ਇੱਕ ਮਜ਼ਬੂਤ ਰੋਡਮੈਪ ਹੈ। ਅਜੋਕੇ ਦੌਰ ਵਿੱਚ ਇਸ ਨੂੰ ਨਵੇਂ ਰੂਪ ਵਿੱਚ ਲੋਕਾਂ ਸਾਹਮਣੇ ਲਿਆਉਣਾ ਬੇਹੱਦ ਜ਼ਰੂਰੀ ਹੈ।

ਸੁਖਦੇਵ ਸਿੰਘ ਸੀਨੀਅਰ ਪੱਤਰਕਾਰ ਦਾ ਕਹਿਣਾ ਹੈ ਕਿ ਇਸ ਦੇ ਚਾਰ ਮੁੱਖ ਨੁਕਤੇ ਇਸ ਪ੍ਰਕਾਰ ਹਨ: ਰਿਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਪਹਿਲਾ ਹੱਕ ਪੰਜਾਬ ਦਾ ਹੀ ਬਣਦਾ ਹੈ, ਇਸ ਬਾਰੇ ਕੋਈ ਨਿਘਰਿਆ ਸਮਝੌਤਾ ਨਹੀਂ ਕਰਨਾ ਚਾਹੀਦਾ।

ਚੰਡੀਗੜ੍ਹ ਪੂਰਨ ਤੌਰ 'ਤੇ ਪੰਜਾਬ ਦੇ ਹਵਾਲੇ ਕੀਤਾ ਜਾਵੇ ਅਤੇ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਸੂਬੇ ਵਿੱਚ ਵਾਪਸ ਸ਼ਾਮਲ ਕੀਤੇ ਜਾਣ।

ਕੇਂਦਰ ਸਰਕਾਰ ਜੋ ਟੈਕਸ ਇਕੱਠੇ ਕਰਦੀ ਹੈ, ਉਸ ਵਿੱਚੋਂ ਪੰਜਾਬ ਸਮੇਤ ਸਾਰੇ ਰਾਜਾਂ ਨੂੰ ਵੱਧ ਹਿੱਸਾ ਮਿਲੇ ਤਾਂ ਜੋ ਸੂਬੇ ਆਪਣੇ ਵਿਕਾਸ ਲਈ ਦਿੱਲੀ ਦੇ ਮੁਥਾਜ ਨਾ ਰਹਿਣ। ਦੇਸ਼ ਵਿੱਚ ਕੇਂਦਰ ਦੀ ਮਨਮਰਜ਼ੀ ਰੋਕ ਕੇ ਸੂਬਿਆਂ ਦੇ ਸੰਵਿਧਾਨਕ ਅਧਿਕਾਰ ਮਜ਼ਬੂਤ ਕੀਤੇ ਜਾਣ। ਇੱਕ ਹੋਰ ਸੀਨੀਅਰ ਪੱਤਰਕਾਰ ਸਤਨਾਮ ਮਾਣਕ ਦਾ ਕਹਿਣਾ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਇਸ ਮਤੇ ਨੂੰ ਕੇਵਲ ਧਾਰਮਿਕ ਦਾਇਰੇ ਵਿੱਚ ਰੱਖਣ ਦੀ ਥਾਂ ਪੰਜਾਬ ਦੇ ਹੱਕਾਂ, ਲੋਕਤੰਤਰ ਅਤੇ ਸੰਘੀ ਢਾਂਚੇ ਦੀ ਰਾਖੀ ਦਾ ਝੰਡਾ ਬਣਾ ਕੇ ਪੇਸ਼ ਕਰੇ, ਤਾਂ ਇਹ ਸਿਰਫ਼ ਸਿੱਖਾਂ ਦਾ ਹੀ ਨਹੀਂ, ਸਗੋਂ ਹਿੰਦੂ, ਮੁਸਲਿਮ, ਦਲਿਤ, ਕਿਸਾਨ, ਵਪਾਰੀ ਸਮੇਤ ਸਮੁੱਚੇ ਪੰਜਾਬੀਆਂ ਅਤੇ ਦੇਸ਼ ਦੀਆਂ ਹੋਰ ਖੇਤਰੀ ਪਾਰਟੀਆਂ ਦਾ ਸਾਂਝਾ ਲੋਕ-ਏਜੰਡਾ ਬਣ ਸਕਦਾ ਹੈ।

**ਜਨਤਕ ਪਸ਼ਚਾਤਾਪ ਅਤੇ ਅੰਦਰੂਨੀ ਸੁਧਾਰ ਕਰੇ ਅਕਾਲੀ ਦਲ**

ਜੇਕਰ ਸ਼੍ਰੋਮਣੀ ਅਕਾਲੀ ਦਲ ਅਸਲ ਅਰਥਾਂ ਵਿੱਚ ਪੁਨਰ-ਸੁਰਜੀਤ ਹੋਣਾ ਚਾਹੁੰਦਾ ਹੈ, ਤਾਂ ਉਸ ਨੂੰ ਬੀਤੇ ਸਮੇਂ ਵਿੱਚ ਹੋਈਆਂ ਗ਼ਲਤੀਆਂ ਨੂੰ ਖ਼ਿਮਾ-ਯਾਚਨਾ ਸਹਿਤ ਕਬੂਲਣਾ ਪਵੇਗਾ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ 2015 ਦੇ ਬੇਅਦਬੀ ਕਾਂਡ, ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ, ਡੇਰਾ ਮੁਖੀ ਨੂੰ ਦਿੱਤੀ ਗਈ ਵਿਵਾਦਤ ਮੁਆਫ਼ੀ ਅਤੇ ਪਰਿਵਾਰਵਾਦ ਦੀ ਅੰਨ੍ਹੀ ਗ੍ਰਿਫ਼ਤ ਵਿੱਚ ਪਾਰਟੀ ਸੰਸਥਾਵਾਂ ਨੂੰ ਕੈਦ ਕਰਨ ਦੇ ਫ਼ੈਸਲਿਆਂ ਨੇ ਪੰਥਕ ਮਨਾਂ ਨੂੰ ਡੂੰਘੀ ਸੱਟ ਮਾਰੀ ਸੀ।

ਲੀਡਰਸ਼ਿਪ ਨੂੰ ਬੰਦ ਕਮਰਿਆਂ ਦੀਆਂ ਮੀਟਿੰਗਾਂ ਛੱਡ ਕੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਅਤੇ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋ ਕੇ ਬਿਨਾਂ ਸ਼ਰਤ ਜਨਤਕ ਮੁਆਫ਼ੀ ਮੰਗਣੀ ਚਾਹੀਦੀ ਹੈ। ਪਾਰਟੀ ਅੰਦਰ ਲੋਕਤੰਤਰ ਬਹਾਲ ਕਰਕੇ ਟਕਸਾਲੀ ਅਤੇ ਜੁਝਾਰੂ ਵਰਕਰਾਂ ਨੂੰ ਅੱਗੇ ਲਿਆਂਦਾ ਜਾਵੇ ਅਤੇ ਪਾਰਟੀ ਨੂੰ ਕਿਸੇ ਇੱਕ ਪਰਿਵਾਰ ਜਾਂ ਸੀਮਤ ਧਨਾਢ ਟੋਲੇ ਦੇ ਨਿੱਜੀ ਹਿੱਤਾਂ ਤੋਂ ਮੁਕਤ ਕਰਵਾਇਆ ਜਾਵੇ।

(ਬਾਕੀ ਸਫ਼ਾ 27 'ਤੇ)

# ਪੰਜਾਬ ਦੀ ਰਾਜਨੀਤੀ 'ਚ ਬਣਨ ਲੱਗੇ ਨਵੇਂ ਸਮੀਕਰਨ

## ਵੱਖ-ਵੱਖ ਸਿਆਸੀ ਪਾਰਟੀਆਂ ਨੇ ਮਾਝੇ, ਮਾਲਵੇ ਅਤੇ ਦੋਆਬੇ ਲਈ ਬਣਾਈ ਵਿਸ਼ੇਸ਼ ਰਣਨੀਤੀ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਸਿਆਸੀ ਪਾਰਟੀਆਂ ਦੇ ਰਣਨੀਤੀਕਾਰ ਇੰਨੀ ਦਿਨੀਂ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਸੁਲਝਾਉਣ ਵਿੱਚ ਰੁੱਝੇ ਹੋਏ ਹਨ। ਇਸ ਦੌਰਾਨ ਕਿਹੜੇ ਪ੍ਰਭਾਵਸ਼ਾਲੀ ਸਮੀਕਰਨ ਬਣ ਸਕਦੇ ਹਨ ਅਤੇ ਕਿਸ ਤਰ੍ਹਾਂ ਇਨ੍ਹਾਂ ਨੂੰ ਅਪਣੇ ਪੱਖ ਵਿੱਚ ਕਰ ਕੇ ਚੋਣ ਮਾਹੌਲ ਬਣਾਇਆ ਜਾ ਸਕਦਾ ਹੈ, ਇਸ ਬਾਰੇ ਗੰਭੀਰ ਚਰਚਾ ਕੀਤੀ ਜਾ ਰਹੀ ਹੈ। ਇਸ ਰਣਨੀਤੀ ਦਾ ਮੁੱਖ ਮਕਸਦ ਸਾਰੀਆਂ ਪਾਰਟੀਆਂ ਵੱਲੋਂ ਸਰਕਾਰ ਬਣਾਉਣ ਲਈ ਲੋੜੀਂਦੇ ਬਹੁਮਤ ਦੇ ਅੰਕੜੇ ਤੱਕ ਪਹੁੰਚਣਾ ਹੈ। ਚੋਣਾਂ ਦੌਰਾਨ ਭਾਵੇਂ ਪੂਰੇ ਪੰਜਾਬ ਦੇ ਕੁੱਝ ਸਾਂਝੇ ਮੁੱਦੇ ਹੁੰਦੇ ਹਨ, ਪਰ ਸੂਬੇ ਦੇ ਤਿੰਨ ਪ੍ਰਮੁੱਖ ਖੇਤਰਾਂ ਮਾਲਵਾ, ਮਾਝਾ ਅਤੇ ਦੋਆਬਾ ਲਈ ਸਿਆਸੀ ਪਾਰਟੀਆਂ ਵੱਖੋ-ਵਖਰੀਆਂ ਚੋਣ ਰਣਨੀਤੀਆਂ ਤਿਆਰ ਕਰ ਰਹੀਆਂ ਹਨ। ਇਨ੍ਹਾਂ ਖੇਤਰਾਂ ਦੇ ਵੋਟਰਾਂ ਦੇ ਮਿਜ਼ਾਜ ਦਾ ਚੋਣ ਨਤੀਜਿਆਂ 'ਤੇ ਬਹੁਤ ਵੱਡਾ ਅਸਰ ਪੈਂਦਾ ਹੈ। ਦੂਜੇ ਪਾਸੇ, ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਇਨ੍ਹਾਂ ਸਮੀਕਰਨਾਂ ਨਾਲੋਂ ਵੱਧ ਅਪਣੇ 'ਵਿਕਾਸ ਮਾਡਲ' 'ਤੇ ਭਰੋਸਾ ਜਤਾ ਰਹੀ ਹੈ। ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਕਹਿਣਾ ਹੈ ਕਿ 2022 ਦੀਆਂ ਚੋਣਾਂ ਵਿਚ ਸਾਡੇ ਕੋਲ ਪੰਜਾਬੀਆਂ ਨੂੰ ਦਿਖਾਉਣ ਲਈ 'ਆਪ' ਸਰਕਾਰ ਦਾ ਦਿੱਲੀ ਮਾਡਲ ਸੀ, ਪਰ ਅੱਜ ਸਾਡੇ ਕੋਲ ਵੋਟਰਾਂ ਦੇ ਸਾਹਮਣੇ ਪੰਜਾਬ ਦਾ ਅਪਣਾ ਵਿਕਾਸ ਮਾਡਲ ਪੇਸ਼ ਕਰਨ ਲਈ ਮੌਜੂਦ ਹੈ।



ਅਸੀਂ ਇਸੇ ਮਾਡਲ ਦੇ ਦਮ 'ਤੇ ਜਨਤਾ ਦੀ ਕਚਹਿਰੀ ਵਿੱਚ ਜਾਵਾਂਗੇ ਅਤੇ ਜਨਤਾ ਇੱਕ ਵਾਰ ਫਿਰ ਇਸ 'ਤੇ ਮੋਹਰ ਲਾਏਗੀ। ਇਹ ਸਾਰੇ ਸਿਆਸੀ ਸਮੀਕਰਨਾਂ 'ਤੇ ਭਾਰੂ ਪਵੇਗਾ।

**ਮਾਲਵਾ: ਕਿਸਾਨ-ਕਿਸਾਨੀ ਦੇ ਮੁੱਦੇ ਕੇਂਦਰ ਵਿੱਚ**

ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ 69 ਸੀਟਾਂ ਇਕੱਲੇ ਮਾਲਵਾ ਖੇਤਰ ਵਿੱਚ ਹਨ, ਜੋ ਕਿ 15 ਜ਼ਿਲ੍ਹਿਆਂ ਵਿੱਚ ਫੈਲਿਆ ਹੋਇਆ ਹੈ। ਇਹ ਰਾਜ ਦਾ ਸਭ ਤੋਂ ਵੱਡਾ ਅਤੇ ਸਿਆਸੀ ਤੌਰ 'ਤੇ ਸਭ ਤੋਂ ਮਹੱਤਵਪੂਰਨ ਖੇਤਰ ਮੰਨਿਆ ਜਾਂਦਾ ਹੈ ਕਿਉਂਕਿ ਇਥੋਂ ਚਲਣ ਵਾਲੀ ਸਿਆਸੀ ਲਹਿਰ ਦਾ ਅਸਰ ਪੂਰੇ ਪੰਜਾਬ ਦੇ ਚੋਣ ਨਤੀਜਿਆਂ 'ਤੇ ਪੈਂਦਾ ਹੈ। ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਅਤੇ ਭਗਵੰਤ ਮਾਨ ਵਰਗੇ ਪ੍ਰਮੁੱਖ ਮੁੱਖ ਮੰਤਰੀ ਇਸੇ ਖੇਤਰ ਨਾਲ ਸਬੰਧਿਤ ਰਹੇ ਹਨ। ਸਾਲ 2022 ਵਿਚ 'ਆਪ' ਨੇ ਮਾਲਵਾ ਦੀਆਂ 69 ਵਿਚੋਂ 66 ਸੀਟਾਂ ਜਿੱਤ ਕੇ ਹੂੰਝਾ ਫੇਰਿਆ ਸੀ, ਜਦੋਂਕਿ ਕਾਂਗਰਸ ਨੂੰ 2 ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ਼ 1 ਸੀਟ ਮਿਲੀ ਸੀ। ਇਸ ਵਾਰ ਕਿਸਾਨ ਅਤੇ ਕਿਸਾਨੀ ਨਾਲ ਜੁੜੇ ਮੁੱਦੇ, ਜ਼ਮੀਨ ਹੇਠਲਾ ਪਾਣੀ, ਕੈਂਸਰ ਬੈਲਟ, ਬੇਰੁਜ਼ਗਾਰੀ ਅਤੇ ਨੌਜਵਾਨਾਂ ਦਾ ਵਿਦੇਸ਼ ਵੱਲ ਪਲਾਇਨ ਮੁੱਖ ਮੁੱਦਿਆਂ ਵਿਚ ਸ਼ਾਮਲ ਹਨ। ਸਾਰੀਆਂ ਪਾਰਟੀਆਂ ਮਾਲਵਾ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਵਿਸ਼ੇਸ਼ ਰਣਨੀਤੀ 'ਤੇ ਕੰਮ ਕਰ ਰਹੀਆਂ ਹਨ।

**ਮਾਝਾ: ਪੰਥਕ ਮੁੱਦਿਆਂ ਦੇ ਨਾਲ-ਨਾਲ ਸਰਹੱਦੀ ਖੇਤਰ ਦੀਆਂ ਚੁਣੌਤੀਆਂ**

ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ ਅਤੇ ਪਠਾਨਕੋਟ ਜ਼ਿਲ੍ਹਿਆਂ ਨੂੰ ਮਿਲਾ ਕੇ ਬਣੇ ਮਾਝਾ ਖੇਤਰ ਵਿੱਚ ਕੁਲ 25 ਵਿਧਾਨ ਸਭਾ ਸੀਟਾਂ ਹਨ। ਪੰਥਕ ਅਤੇ ਰਾਜਨੀਤਕ ਦ੍ਰਿਸ਼ਟੀ ਤੋਂ ਇਹ ਬਹੁਤ ਮਹੱਤਵਪੂਰਨ ਖੇਤਰ ਹੈ,

(ਬਾਕੀ ਸਫ਼ਾ 27 'ਤੇ)

ਬਹਿਰੀਨ ਵਾਲੀ ਬੀਬੀ ਦਾ ਮਾਮਲਾ

# ਸਰਾਵਾਂ ਦੇ ਰਿਕਾਰਡ ਵਿੱਚ ਛੇੜਛਾੜ ਦਾ ਖ਼ੁਲਾਸਾ, ਕਈ ਮੁਲਾਜ਼ਮ ਮੁਅੱਤਲ

## ਸ਼੍ਰੋਮਣੀ ਕਮੇਟੀ ਦੀ ਜਾਂਚ ਰਿਪੋਰਟ ਜਨਤਕ: 'ਸੋਸ਼ਲ ਮੀਡੀਆ ਟ੍ਰਾਇਲ' ਕਰਕੇ ਸੰਸਥਾ ਨੂੰ ਬਦਨਾਮ ਕਰਨ ਦੀ ਸਾਜ਼ਿਸ਼: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜੇ ਬਹਿਰੀਨ ਵਾਲੀ ਬੀਬੀ ਦੇ ਬਹੁ-ਚਰਚਿਤ ਵਿਵਾਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਮੁੱਢਲੀ ਪੜਤਾਲੀਆ ਰਿਪੋਰਟ ਜਨਤਕ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰੈੱਸ ਕਾਨਫਰੰਸ ਕਰਕੇ ਦਾਅਵਾ ਕੀਤਾ ਕਿ ਸਰਾਵਾਂ ਦੇ ਰਿਕਾਰਡ ਰਜਿਸਟਰਾਂ ਨਾਲ ਛੇੜਛਾੜ ਕਰਕੇ ਵਾਧੂ ਜਾਅਲੀ ਐਂਟਰੀਆਂ ਕੀਤੀਆਂ ਗਈਆਂ ਸਨ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਪੁਲਿਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਪੂਰੇ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ ਤੋਂ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਦੁਹਰਾਈ ਹੈ। ਦੂਜੇ ਪਾਸੇ, ਵਿਰੋਧੀ ਸਿਆਸੀ ਧਿਰਾਂ ਅਤੇ ਪੰਥਕ ਜਥੇਬੰਦੀਆਂ ਨੇ ਇਸ ਰਿਪੋਰਟ ਨੂੰ ਸੱਚ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਾਰ ਦਿੰਦਿਆਂ ਪ੍ਰਬੰਧਕਾਂ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕੀਤਾ ਹੈ।

**ਪ੍ਰਧਾਨ ਧਾਮੀ ਦਾ ਪੱਖ: ਸੀ.ਬੀ.ਆਈ. ਜਾਂਚ ਦੀ ਮੰਗ ਅਤੇ ਰਿਕਾਰਡ ਵਿੱਚ ਛੇੜਛਾੜ**

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੁਲਿਸ ਕੇਸ ਦਰਜ ਹੋਣ ਮਗਰੋਂ ਮਾਮਲੇ ਦੀ ਕਾਨੂੰਨੀ ਜਾਂਚ ਹੋਣੀ ਚਾਹੀਦੀ ਸੀ। ਪਰ ਯੋਜਨਾਬੱਧ ਤਰੀਕੇ ਨਾਲ ਇਸ ਦਾ 'ਸੋਸ਼ਲ ਮੀਡੀਆ ਟ੍ਰਾਇਲ' ਅਤੇ 'ਪੋਲੀਟੀਕਲ ਟ੍ਰਾਇਲ' ਸ਼ੁਰੂ ਕਰ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਵਰਗੀ ਸਰਵਉੱਚ ਧਾਰਮਿਕ ਸੰਸਥਾ ਦੀ ਸਾਖ ਨੂੰ ਢਾਹ ਲਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

ਧਾਮੀ ਨੇ ਸਰਾਵਾਂ ਦੇ ਰਜਿਸਟਰ ਮੀਡੀਆ ਸਾਹਮਣੇ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਬੀਬੀ ਦੇ 6 ਮਹੀਨੇ ਲਗਾਤਾਰ ਸਰਾਵਾਂ ਵਿੱਚ ਠਹਿਰਨ ਦਾ ਦਾਅਵਾ ਗ਼ਲਤ ਹੈ। ਉਹ ਵੱਖ-ਵੱਖ ਸਮਿਆਂ ਦੌਰਾਨ ਮਹਿਜ਼ 1-2 ਦਿਨਾਂ ਲਈ ਪੈਸੇ ਦੇ ਕੇ ਰੁਕੀ ਸੀ।

ਸ੍ਰੀ ਅਨੰਦਪੁਰ ਸਾਹਿਬ ਦੀਆਂ ਸਰਾਵਾਂ ਦੇ ਰਜਿਸਟਰ ਵਿੱਚ ਬਾਅਦ ਵਿੱਚ ਜਾਅਲੀ ਇੰਦਰਾਜ ਦਰਜ ਕੀਤੇ ਗਏ ਅਤੇ ਸੀਰੀਅਲ ਨੰਬਰ ਬਦਲੇ ਗਏ। ਬੀਬੀ ਨੂੰ ਕੋਈ ਵੀ ਆਈ.ਪੀ. ਸਹੂਲਤ, ਵਿਸ਼ੇਸ਼ ਗੱਡੀ ਜਾਂ ਮੁਲਾਜ਼ਮ ਨਹੀਂ ਦਿੱਤਾ ਗਿਆ।



ਬੀਬੀ ਨੂੰ ਮਾਨਸਿਕ ਸਿਹਤ ਸਬੰਧੀ ਬਿਮਾਰੀ ਦੇ ਇਲਾਜ ਲਈ ਅੰਤਰਿੰਗ ਕਮੇਟੀ ਦੀ ਪ੍ਰਵਾਨਗੀ ਨਾਲ 1 ਲੱਖ ਰੁਪਏ ਦੀ ਮਾਇਕ ਸਹਾਇਤਾ ਦਿੱਤੀ ਗਈ ਸੀ।

ਇਸ ਰਿਪੋਰਟ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਨੇ ਕਾਰਵਾਈ ਕਰਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਮੈਨੇਜਰ ਮਲਕੀਤ ਸਿੰਘ ਅਤੇ ਸਰਾਂ ਇੰਚਾਰਜ ਅਮਰੀਕ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ, ਜਦਕਿ ਇੱਕ ਹੈਲਪਰ ਦਾ ਤਬਾਦਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੂੰ ਸੇਵਾਮੁਕਤ ਅਤੇ ਡਰਾਈਵਰ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ।

**ਸੱਚ ਜਾਂ ਪਰਦਾਪੋਸ਼ੀ ? ਪੰਥਕ ਧਿਰਾਂ ਤੇ ਵਿਰੋਧੀਆਂ ਵੱਲੋਂ ਉਠਾਏ ਸਵਾਲ**

ਜਿੱਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇਸ ਵਿਵਾਦ ਨੂੰ ਸੰਸਥਾ ਵਿਰੁੱਧ ਸਾਜ਼ਿਸ਼ ਦੱਸ ਰਹੇ ਹਨ, ਉੱਥੇ ਹੀ ਸਿੱਖ ਹਲਕਿਆਂ ਅਤੇ ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਅੰਦਰੂਨੀ ਜਾਂਚ ਦੇ ਨਾਂ 'ਤੇ ਵੱਡੇ ਆਗੂਆਂ ਨੂੰ ਬਚਾਉਣ ਲਈ ਛੋਟੇ ਮੁਲਾਜ਼ਮਾਂ 'ਤੇ ਗਾਜ ਡੇਗੀ ਜਾ ਰਹੀ ਹੈ। ਆਮ ਆਦਮੀ ਪਾਰਟੀ ਅਤੇ ਪੰਥਕ ਵਿਸ਼ਲੇਸ਼ਕਾਂ ਨੇ ਇਸ ਰਿਪੋਰਟ ਦੀ ਭਰੋਸੇਯੋਗਤਾ 'ਤੇ ਸਿੱਧੇ ਸਵਾਲ ਦਾਗੇ ਹਨ।

ਅਲਾਇੰਸ ਆਫ਼ ਸਿੱਖ ਆਰਗੇਨਾਈਜ਼ੇਸ਼ਨ ਦੇ ਆਗੂ ਸੁਖਦੇਵ ਸਿੰਘ ਫਗਵਾੜਾ ਨੇ ਸ਼੍ਰੋਮਣੀ ਕਮੇਟੀ ਦੀ ਰਿਪੋਰਟ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਕਿਹਾ ਕਿ ਬੀਬੀ ਦੀ ਸਹਾਇਤਾ ਵਾਲੀ ਅਰਜ਼ੀ ਵਿੱਚ ਖ਼ੁਦ 6 ਮਹੀਨੇ ਲਗਾਤਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਰਹਿਣ ਦਾ ਜ਼ਿਕਰ ਹੈ, ਫਿਰ ਪ੍ਰਧਾਨ ਧਾਮੀ ਵੱਲੋਂ ਸਿਰਫ਼ 6-7 ਦਿਨਾਂ ਦੇ ਠਹਿਰਾਅ ਦੀ ਦਲੀਲ ਦੇਣਾ ਸਿੱਧੇ ਤੌਰ 'ਤੇ ਸੱਚ ਨੂੰ ਛੁਪਾਉਣ ਦਾ ਯਤਨ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਸੰਗਰੂਰ ਦੀ ਰਹਿਣ ਵਾਲੀ ਬੀਬੀ ਦੀ ਮਾਇਕ ਸਹਾਇਤਾ ਲਈ ਸਥਾਨਕ ਮੈਂਬਰ ਦੀ ਬਜਾਏ ਸ੍ਰੀ ਅਨੰਦਪੁਰ ਸਾਹਿਬ ਤੋਂ ਅਮਰਜੀਤ ਸਿੰਘ ਚਾਵਲਾ ਨੇ ਸਿਫ਼ਾਰਸ਼ ਕਿਸ ਹੈਸੀਅਤ ਵਿੱਚ ਕੀਤੀ। ਉਨ੍ਹਾਂ ਸੰਸਥਾ ਦੇ ਦੋਹਰੇ ਰੁਖ਼ 'ਤੇ ਉਂਗਲ ਚੁੱਕਦਿਆਂ ਪੁੱਛਿਆ ਕਿ ਜੇਕਰ ਕੋਈ ਗੱਡੀ ਜਾਂ ਮੁਲਾਜ਼ਮ ਨਹੀਂ ਦਿੱਤਾ ਗਿਆ ਸੀ ਤਾਂ ਫਿਰ ਡਰਾਈਵਰ ਨੂੰ ਮੁਅੱਤਲ ਕਰਨ ਪਿੱਛੇ ਕੀ ਕਾਰਨ ਸੀ ? ਫਗਵਾੜਾ ਨੇ ਇਹ ਵੀ ਦੋਸ਼ ਲਾਇਆ ਕਿ ਜਿਸ ਖਾਤੇ ਵਿੱਚੋਂ ਪੈਸੇ ਟਰਾਂਸਫਰ ਹੋਏ, ਉਸੇ ਸ਼ਾਖਾ ਦੇ ਅਧਿਕਾਰੀਆਂ ਨੂੰ ਜਾਂਚ ਕਮੇਟੀ ਵਿੱਚ ਸ਼ਾਮਲ ਕਰਨਾ ਨਿਰਪੱਖਤਾ ਨਾਲ ਮਜ਼ਾਕ ਹੈ। ਇਸ ਦੇ ਨਾਲ ਹੀ ਉਨ੍ਹਾਂ ਪ੍ਰਬੰਧਕਾਂ ਨੂੰ ਘੇਰਦਿਆਂ ਸਵਾਲ ਦਾਗ਼ਿਆ ਕਿ ਜੇਕਰ ਬੀਬੀ ਹੁਣ ਮਾਨਸਿਕ ਤੌਰ 'ਤੇ ਅਸਥਿਰ ਹੈ, ਤਾਂ ਪਹਿਲਾਂ ਉਸ ਦੇ ਬਿਆਨਾਂ ਦੇ ਆਧਾਰ 'ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਮਾਹੌਲ ਕਿਉਂ ਤਿਆਰ ਕੀਤਾ ਗਿਆ ਸੀ।

# ਬਾਬਾ ਲੱਖਾ ਸਿੰਘ ਨੇ ਕਾਰਜਕਾਰੀ ਜਥੇਦਾਰ ਨੂੰ ਸੌਂਪਿਆ ਆਪਣਾ ਸਪੱਸ਼ਟੀਕਰਨ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਦੋਖੀ ਤੇ ਖ਼ਾਲਸਾ ਪੰਥ ਵਿਰੋਧੀ ਐਲਾਨੇ ਗਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਨਿੱਜੀ ਤੌਰ 'ਤੇ ਮਿਲਣ ਦੇ ਵਿਵਾਦ ਚੱਲ ਰਹੇ ਵਿਵਾਦ ਦੇ ਸਾਰੇ ਮਾਮਲੇ 'ਤੇ ਬਾਰੇ ਬਾਬਾ ਲੱਖਾ ਸਿੰਘ ਨੇ ਆਪਣਾ ਪੱਖ ਅਤੇ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ ਬੀਤੇ ਸਮੇਂ ਪਾਸ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਗਟਾਏ ਇਤਰਾਜ਼ਾਂ ਤੇ ਚੱਲ ਰਹੇ ਮਾਮਲੇ ਦੇ ਬਾਵਜੂਦ ਉਸ ਨੂੰ ਸਲਾਹੁਣ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਨਿੱਜੀ ਰੂਪ ਵਿੱਚ ਮਿਲਣ ਦੇ ਮਾਮਲੇ ਵਿੱਚ ਨਾਨਕਸਰ ਕਲੇਰਾਂ ਜਗਰਾਉਂ ਲੁਧਿਆਣਾ ਤੋਂ ਬਾਬਾ ਲੱਖਾ ਸਿੰਘ ਨੂੰ ਪੱਤਰ ਜਾਰੀ ਕੀਤਾ ਗਿਆ ਸੀ।

ਬਾਬਾ ਲੱਖਾ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਬੇਅਦਬੀ ਸਬੰਧੀ ਕਾਨੂੰਨ ਦੀ ਉਨ੍ਹਾਂ ਸ਼ਲਾਘਾ ਨਹੀਂ ਕੀਤੀ ਸਗੋਂ ਸਰਕਾਰ ਨੇ ਆਪਣੇ ਪੱਧਰ ਉੱਤੇ ਉਨ੍ਹਾਂ ਦੇ ਹਵਾਲੇ ਨਾਲ ਬਿਆਨ ਜਾਰੀ ਕੀਤਾ।



ਦੱਸਣ ਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵੱਲੋਂ ਇਸ ਸੰਬੰਧ ਵਿੱਚ ਬਾਬਾ ਲੱਖਾ ਸਿੰਘ ਅਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਿਤ ਦੋ ਮੈਂਬਰਾਂ ਮਿੱਠੂ ਸਿੰਘ ਕਹਨੇਕੇ ਅਤੇ ਜਸਵੰਤ ਸਿੰਘ ਪੁੜੈਨ ਨੂੰ ਪੱਤਰ ਜਾਰੀ ਕੀਤੇ ਗਏ ਸਨ ਅਤੇ ਮੁੱਖ ਮੰਤਰੀ ਨਾਲ ਮੁਲਾਕਾਤ ਮਾਮਲੇ ਵਿੱਚ 10 ਦਿਨਾਂ ਵਿੱਚ ਆਪਣਾ ਸਪਸ਼ਟੀਕਰਨ ਸੌਂਪਣ ਦੇ ਆਦੇਸ਼ ਦਿੱਤੇ ਸਨ।

ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਅੱਜ ਸੌਂਪੇ ਆਪਣੇ ਸਪਸ਼ਟੀਕਰਨ ਵਿੱਚ ਬਾਬਾ ਲੱਖਾ ਸਿੰਘ ਨੇ ਮੰਨਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦੇ ਮੱਦੇਨਜ਼ਰ ਉਨ੍ਹਾਂ ਨੂੰ ਉਸ ਨਾਲ ਨਹੀਂ ਮਿਲਣਾ ਚਾਹੀਦਾ ਸੀ ਅਤੇ ਇਹ ਉਨ੍ਹਾਂ ਦੀ ਭੁੱਲ ਹੈ। ਉਨ੍ਹਾਂ ਕਿਹਾ ਕਿ ਮੁਲਾਕਾਤ ਦਾ ਕਾਰਨ ਨਾਨਕਸਰ ਸੰਪਰਦਾ ਵੱਲੋਂ ਚਲਾਏ ਜਾ ਰਹੇ ਹਸਪਤਾਲ ਦੇ ਪ੍ਰਬੰਧਾਂ ਸਬੰਧੀ ਕਾਰਜ ਸਨ, ਜਿਨ੍ਹਾਂ ਨੂੰ ਕਰਨ ਬਾਰੇ ਸਰਕਾਰੀ ਅਫ਼ਸਰਾਂ ਨੇ ਅਸਮਰੱਥਾ ਦਰਸਾਉਂਦਿਆਂ ਮੁੱਖ ਮੰਤਰੀ ਪਾਸੋਂ ਆਦੇਸ਼ ਕਰਵਾਉਣ ਬਾਰੇ ਕਿਹਾ ਸੀ, ਜਿਸ ਕਰਕੇ ਉਨ੍ਹਾਂ ਨੂੰ ਮੁੱਖ ਮੰਤਰੀ ਨੂੰ ਮਿਲਣਾ ਪਿਆ।

ਬਾਬਾ ਲੱਖਾ ਸਿੰਘ ਨੇ ਕਿਹਾ ਕਿ ਉਹ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ ਅਤੇ ਤਖ਼ਤ ਸਾਹਿਬ ਤੋਂ ਆਏ ਆਦੇਸ਼ ਨੂੰ ਸਿਰ ਝੁਕਾਉਂਦੇ ਹੋਏ ਸਿਰ ਮੱਥੇ ਮੰਨਦੇ ਹਨ।

ਬਾਬਾ ਲੱਖਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਬਣਾਏ ਬੇਅਦਬੀ ਕਾਨੂੰਨ ਦੀ ਸ਼ਲਾਘਾ ਨਹੀਂ ਕੀਤੀ। ਇਸ ਸਬੰਧੀ ਜੋ ਖ਼ਬਰਾਂ ਮੀਡੀਆ ਵਿੱਚ ਛਪੀਆਂ ਹਨ ਉਨ੍ਹਾਂ ਵੱਲੋਂ ਅਜਿਹਾ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਇਹ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ ਉੱਤੇ ਹੀ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਇੰਚਾਰਜ ਬਗੀਚਾ ਸਿੰਘ ਨੇ ਕਿਹਾ ਕਿ ਬਾਬਾ ਲੱਖਾ ਸਿੰਘ ਵੱਲੋਂ ਦਿੱਤਾ ਗਿਆ ਸਪਸ਼ਟੀਕਰਨ ਤੇ ਖਿਮਾ ਜਾਚਨਾ ਜਥੇਦਾਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ ਜਿਸ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰ ਕੇ ਫੈਸਲਾ ਕੀਤਾ ਜਾਵੇਗਾ।

# 8 ਸਾਲਾਂ ਦੀ ਬੇਮਿਆਦੀ ਹਿਰਾਸਤ ਮਗਰੋਂ ਜੱਗੀ ਜੌਹਲ ਦੀ ਹੋਈ ਰਿਹਾਈ

## ➢ਨਿੱਜੀ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਹੋਈ ਵੱਡੀ ਜਿੱਤ - ਵਕੀਲ ਮੰਝਪੁਰ ➢ਜੱਗੀ ਜੌਹਲ ਨੂੰ ਸਖ਼ਤ ਸ਼ਰਤਾਂ ਅਧੀਨ ਮਿਲੀ ਅੰਤ੍ਰਿਮ ਰਾਹਤ; ਪਾਸਪੋਰਟ ਜ਼ਬਤ, ਫਿਲਹਾਲ ਯੂ.ਕੇ. ਪਰਤਣ 'ਤੇ ਪਾਬੰਦੀ

ਨਵੀਂ ਦਿੱਲੀ/ਏ.ਟੀ.ਨਿਊਜ਼: ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਦੀ ਲਗਭਗ ਅੱਠ ਸਾਲਾਂ ਬਾਅਦ ਦਿੱਲੀ ਦੀ ਤਿਹਾੜ ਜੇਲ੍ਹ ਵਿੱਚੋਂ ਰਿਹਾਈ ਨੇ ਭਾਰਤ ਅਤੇ ਬਰਤਾਨੀਆ ਦੇ ਕੂਟਨੀਤਕ ਅਤੇ ਕਾਨੂੰਨੀ ਗਲਿਆਰਿਆਂ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਸਾਲ 2017 ਵਿੱਚ ਪੰਜਾਬ ਵਿੱਚ ਹੋਈਆਂ ਹਾਈ-ਪ੍ਰੋਫਾਈਲ ਟਾਰਗੇਟ ਕਿਲਿੰਗਾਂ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਦੇ ਗੰਭੀਰ ਇਲਜ਼ਾਮਾਂ ਤਹਿਤ ਹਿਰਾਸਤ ਵਿੱਚ ਲਏ ਗਏ ਜੌਹਲ ਨੂੰ ਦਿੱਲੀ ਹਾਈ ਕੋਰਟ ਨੇ ਵੱਡੀ ਰਾਹਤ ਦਿੰਦਿਆਂ ਜ਼ਮਾਨਤ ਦਿੱਤੀ ਹੈ। ਹਾਲਾਂਕਿ, ਇਹ ਰਿਹਾਈ ਸਿਰਫ਼ ਹਿਰਾਸਤ ਤੋਂ ਆਜ਼ਾਦੀ ਹੈ, ਦੋਸ਼ਾਂ ਤੋਂ ਬਰੀ ਹੋਣਾ ਨਹੀਂ।

**ਗ੍ਰਿਫ਼ਤਾਰੀ ਦਾ ਪਿਛੋਕੜ ਅਤੇ ਟਾਰਗੇਟ ਕਿਲਿੰਗਜ਼ ਦੇ ਮਾਮਲੇ**

ਸਕੌਟਲੈਂਡ ਦੇ ਡੰਬਰਟਨ ਦੇ ਵਸਨੀਕ ਜਗਤਾਰ ਸਿੰਘ ਜੌਹਲ ਅਕਤੂਬਰ 2017 ਵਿੱਚ ਆਪਣੇ ਵਿਆਹ ਲਈ ਪੰਜਾਬ ਆਏ ਸਨ। ਵਿਆਹ ਤੋਂ ਮਹਿਜ਼ 15 ਦਿਨਾਂ ਬਾਅਦ, 4 ਨਵੰਬਰ 2017 ਨੂੰ ਜਲੰਧਰ ਨੇੜਿਓਂ ਪੰਜਾਬ ਪੁਲਿਸ ਵੱਲੋਂ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਪੁਲਿਸ ਅਤੇ ਬਾਅਦ ਵਿੱਚ ਕੌਮੀ ਜਾਂਚ ਏਜੰਸੀ ਦਾ ਦਾਅਵਾ ਸੀ ਕਿ ਜੌਹਲ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਜੁੜੇ ਹੋਏ ਸਨ ਅਤੇ 2016-2017 ਦੌਰਾਨ ਪੰਜਾਬ ਵਿੱਚ ਆਰਐੱਸਐੱਸ ਆਗੂਆਂ, ਡੇਰਾ ਸਿਰਸਾ ਪ੍ਰੇਮੀਆਂ ਅਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਦੀਆਂ ਹੋਈਆਂ ਟਾਰਗੇਟ ਕਿਲਿੰਗਾਂ ਲਈ ਵਿਦੇਸ਼ਾਂ ਤੋਂ ਫੰਡਿੰਗ ਅਤੇ ਸਾਜ਼ਿਸ਼ ਰਚਣ ਦਾ ਹਿੱਸਾ ਸਨ।

ਦੂਜੇ ਪਾਸੇ, ਜੌਹਲ ਅਤੇ ਉਨ੍ਹਾਂ ਦੀ ਕਾਨੂੰਨੀ ਟੀਮ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਮਨਘੜਤ ਕਰਾਰ ਦਿੱਤਾ ਸੀ। ਜੌਹਲ ਨੇ ਹਿਰਾਸਤ ਦੌਰਾਨ ਭਾਰਤੀ ਜਾਂਚ ਏਜੰਸੀਆਂ 'ਤੇ ਸਰੀਰਕ ਅਤੇ ਮਾਨਸਿਕ ਤਸ਼ੱਦਦ ਕਰਨ ਦੇ ਗੰਭੀਰ ਦੋਸ਼ ਲਾਏ ਸਨ। ਇਨ੍ਹਾਂ ਨੂੰ ਭਾਰਤੀ ਅਧਿਕਾਰੀਆਂ ਨੇ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਸੀ ਕਿ ਸਾਰੀ ਜਾਂਚ ਕਾਨੂੰਨੀ ਦਾਇਰੇ ਅੰਦਰ ਹੀ ਚਲਾਈ ਗਈ ਹੈ।





**ਅਦਾਲਤ ਵੱਲੋਂ ਜ਼ਮਾਨਤ ਦੇਣ ਦੇ ਮੁੱਖ ਆਧਾਰ**

ਦਿੱਲੀ ਹਾਈ ਕੋਰਟ ਵੱਲੋਂ ਜੌਹਲ ਨੂੰ ਜ਼ਮਾਨਤ ਦੇਣ ਦਾ ਫੈਸਲਾ ਮਾਮਲੇ ਦੇ ਤੱਥਾਂ ਅਤੇ ਲੰਮੇ ਸਮੇਂ ਤੋਂ ਲਟਕ ਰਹੀ ਕਾਨੂੰਨੀ ਪ੍ਰਕਿਰਿਆ ਦਾ ਮੁਲਾਂਕਣ ਕਰਨ ਤੋਂ ਬਾਅਦ ਲਿਆ ਗਿਆ ਸੀ।

ਜੌਹਲ ਨਵੰਬਰ 2017 ਤੋਂ ਲਗਾਤਾਰ ਜੇਲ੍ਹ ਵਿੱਚ ਬੰਦ ਸਨ। ਐਨਆਈਏ ਵੱਲੋਂ ਦਰਜ ਦਰਜਨਾਂ ਗਵਾਹਾਂ ਦੀ ਗਵਾਹੀ ਹੋਣੀ ਅਜੇ ਬਾਕੀ ਹੈ, ਜਿਸ ਕਾਰਨ ਮੁਕੱਦਮਾ ਨੇੜਲੇ ਭਵਿੱਖ ਵਿੱਚ ਖ਼ਤਮ ਹੋਣ ਦੀ ਕੋਈ ਉਮੀਦ ਨਹੀਂ ਦਿਖਾਈ ਦਿੱਤੀ ਸੀ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਮੁਕੱਦਮੇ ਦੀ ਸੁਣਵਾਈ ਬਿਨਾਂ ਕਿਸੇ ਠੋਸ ਕਾਰਨ ਲੰਮੀ ਖਿੱਚਣਾ ਸੰਵਿਧਾਨ ਦੀ ਧਾਰਾ 21 ਅਧੀਨ ਮਿਲੇ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਹੈ।

**ਕਈ ਮਾਮਲਿਆਂ ਵਿੱਚ ਬਰੀ ਹੋਣਾ: ਵਕੀਲ ਜਸਪਾਲ ਸਿੰਘ**

ਮੰਝਪੁਰ ਅਨੁਸਾਰ ਜੌਹਲ 'ਤੇ ਕੁੱਲ 11 ਮਾਮਲੇ ਸਨ, ਜਿਨ੍ਹਾਂ ਵਿੱਚੋਂ 3 ਮਾਮਲਿਆਂ (ਜਿਸ ਵਿੱਚ ਮੋਗਾ ਅਦਾਲਤ ਦਾ ਫੈਸਲਾ ਸ਼ਾਮਲ ਹੈ) ਵਿੱਚ ਉਹ ਪਹਿਲਾਂ ਹੀ ਬਰੀ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜ਼ਮਾਨਤ ਮਿਲਣ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਰਿਵਾਰ ਅਤੇ ਉਨ੍ਹਾਂ ਲਈ ਬੇਹੱਦ ਲੰਮਾ ਅਤੇ ਦਰਦਨਾਕ ਸਮਾਂ ਰਿਹਾ ਹੈ, ਅਤੇ ਦਿੱਲੀ ਹਾਈ ਕੋਰਟ ਵੱਲੋਂ ਟ੍ਰਾਇਲ ਕੋਰਟ ਦੇ ਪੁਰਾਣੇ ਹੁਕਮਾਂ ਨੂੰ ਰੱਦ ਕਰਕੇ ਜ਼ਮਾਨਤ ਦੇਣਾ ਇੱਕ ਵੱਡੀ ਕਾਨੂੰਨੀ ਸਫ਼ਲਤਾ ਹੈ।

ਸਰਕਾਰੀ ਪੱਖ ਨੇ ਦਲੀਲ ਦਿੱਤੀ ਸੀ ਕਿ ਜੌਹਲ ਦੇ ਵਿਦੇਸ਼ੀ ਨਾਗਰਿਕ ਹੋਣ ਕਰਕੇ ਉਨ੍ਹਾਂ ਦੇ ਦੇਸ਼ ਛੱਡ ਕੇ ਭੱਜਣ ਦਾ ਖ਼ਤਰਾ ਹੈ। ਹਾਲਾਂਕਿ, ਅਦਾਲਤ ਦਾ ਮੰਨਣਾ ਸੀ ਕਿ ਜੇਲ੍ਹ ਵਿੱਚ ਰੱਖਣਾ ਹੀ ਮੁਲਜ਼ਮ ਨੂੰ ਭੱਜਣ ਤੋਂ ਰੋਕਣ ਦਾ ਇੱਕੋ-ਇੱਕ ਹੱਲ ਨਹੀਂ ਹੈ। ਪਾਸਪੋਰਟ ਜ਼ਬਤ ਕਰਨਾ, ਨਿਯਮਤ ਹਾਜ਼ਰੀ ਲਗਵਾਉਣੀ ਅਤੇ ਜ਼ਮਾਨਤੀ ਮੁਚੱਲਕੇ ਭਰਵਾਉਣ ਵਰਗੀਆਂ ਸਖ਼ਤ ਸ਼ਰਤਾਂ ਲਗਾ ਕੇ ਫ਼ਰਾਰ ਹੋਣ ਦੇ ਖ਼ਤਰੇ ਨੂੰ ਨੱਥ ਪਾਈ ਜਾ ਸਕਦੀ ਹੈ ਅਤੇ ਨਾਲ ਹੀ ਮੁਲਜ਼ਮ ਦੀ ਜ਼ਮਾਨਤ ਦਾ ਹੱਕ ਵੀ ਬਹਾਲ ਰੱਖਿਆ ਜਾ ਸਕਦਾ ਹੈ।

**ਕੀ ਜੱਗੀ ਜੌਹਲ ਵਾਪਸ ਸਕੌਟਲੈਂਡ (ਯੂ.ਕੇ.) ਪਰਤ ਸਕਣਗੇ ?**

ਅਦਾਲਤ ਦੇ ਹੁਕਮਾਂ ਅਨੁਸਾਰ, ਜੌਹਲ ਦਾ ਤੁਰੰਤ ਆਪਣੇ ਦੇਸ਼ ਵਾਪਸ ਜਾਣਾ ਸੰਭਵ ਨਹੀਂ ਹੈ। ਉਹ ਫਿਲਹਾਲ ਭਾਰਤ ਵਿੱਚ ਹੀ ਰਹਿਣਗੇ। ਉਨ੍ਹਾਂ ਦੀ ਜ਼ਮਾਨਤ ਮਹਿਜ਼ ਜੇਲ੍ਹ ਤੋਂ ਰਿਹਾਈ ਹੈ, ਭਾਰਤ ਛੱਡਣ ਦਾ ਪਰਵਾਨਾ ਨਹੀਂ। ਜਦੋਂ ਤੱਕ ਬਾਕੀ ਬਚੇ ਸਾਰੇ ਅੱਠ ਮਾਮਲਿਆਂ ਦੀ ਸੁਣਵਾਈ ਪੂਰੀ ਨਹੀਂ ਹੁੰਦੀ ਜਾਂ ਅਦਾਲਤ ਖ਼ੁਦ ਉਨ੍ਹਾਂ ਨੂੰ (ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

### ਖੇਡਾਂ ਤੇ ਸਿਆਸਤ 'ਚ ਖਿਡਾਰੀਆਂ ਦੀ ਇਤਿਹਾਸਕ ਜਿੱਤ

ਅੱਜ-ਕੱਲ੍ਹ ਭਾਰਤ ਦੇ ਮੌਜੂਦਾ ਅਤੇ ਸਾਬਕਾ ਖਿਡਾਰੀ ਮੀਡੀਆ ਦੀਆਂ ਸੁਰਖ਼ੀਆਂ ਬਣੇ ਹੋਏ ਹਨ। ਇਸ ਦਾ ਕਾਰਨ ਇਹ ਹੈ ਕਿ ਇੱਕ ਪਾਸੇ ਏਸ਼ੀਆਈ ਖੇਡਾਂ ਵਿੱਚ ਭਾਰਤ ਦੇ ਖਿਡਾਰੀਆਂ ਅਤੇ ਖਿਡਾਰਨਾਂ ਨੇ ਦੇਸ਼ ਲਈ ਮੈਡਲਾਂ ਦੀ ਝੜੀ ਲਗਾ ਦਿੱਤੀ ਹੈ, ਉੱਥੇ ਦੂਜੇ ਪਾਸੇ ਸਿਆਸਤ 'ਚ ਵੀ ਖਿਡਾਰੀ ਛਾਅ ਗਏ ਹਨ। ਏਸ਼ੀਆਈ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਨੇ ਲਗਾਤਾਰ ਕੁੱਲ 85 ਤਗਮੇ (21 ਸੋਨੇ, 27 ਚਾਂਦੀ ਅਤੇ 37 ਕਾਂਸੀ ਦੇ ਤਗ਼ਮੇ) ਜਿੱਤ ਕੇ ਅਤੇ ਤਗਮਾ ਸੂਚੀ ਵਿੱਚ ਚੌਥੇ ਨੰਬਰ 'ਤੇ ਆ ਕੇ ਪੂਰੇ ਵਿਸ਼ਵ ਅੱਗੇ ਭਾਰਤ ਦੀ ਖੇਡ ਸਮਰੱਥਾ ਦਾ ਲੋਹਾ ਮਨਵਾਇਆ ਹੈ। ਇਸ ਦੇ ਨਾਲ ਸਿਆਸੀ ਮੈਦਾਨ ਵਿੱਚ ਵੀ ਸਾਬਕਾ ਖਿਡਾਰੀ ਵੱਡੀਆਂ ਪ੍ਰਾਪਤੀਆਂ ਕਰਕੇ ਇਤਿਹਾਸ ਸਿਰਜ ਰਹੇ ਹਨ। ਇਸ ਵਾਰ ਏਸ਼ੀਆਈ ਖੇਡਾਂ ਦੌਰਾਨ ਕੁੱਲ 212 ਰਿਕਾਰਡ (ਜਿਨ੍ਹਾਂ ਵਿੱਚ 54 ਵਿਸ਼ਵ ਅਤੇ 89 ਏਸ਼ਿਆਈ ਰਿਕਾਰਡ ਸ਼ਾਮਲ ਹਨ) ਟੁੱਟੇ।ਪੁਰਾਣੇ ਮਾਹਿਰ ਖਿਡਾਰੀਆਂ ਦੇ ਰਿਕਾਰਡਾਂ ਨੂੰ ਤੋੜ ਕੇ ਨਵੇਂ ਉਭਰਦੇ ਖਿਡਾਰੀਆਂ ਨੇ ਆਪਣੀ ਖੇਡ ਕਲਾ ਰਾਹੀਂ ਆਪਣੇ ਮੁਲਕਾਂ ਦਾ ਨਾਂਅ ਚਮਕਾਇਆ, ਉੱਥੇ ਪੰਜਾਬ ਦੀ ਸਿਆਸਤ ਵਿੱਚ ਕਾਂਗਰਸ ਦਾ ਸੂਬਾ ਪ੍ਰਧਾਨ ਬਣ ਕੇ ਸਾਬਕਾ ਉਲੰਪੀਅਨ ਪਰਗਟ ਸਿੰਘ ਨੇ ਸਿਆਸੀ ਰਿਕਾਰਡ ਬਣਾ ਦਿੱਤਾ, ਜਿਸ ਕਾਰਨ ਸਿਆਸੀ ਗਲਿਆਰਿਆਂ 'ਚ ਵੀ ਖਿਡਾਰੀਆਂ ਦੀ ਤੂਤੀ ਬੋਲਣ ਲੱਗ ਪਈ ਹੈ। ਭਾਵੇਂ ਇਸ ਤੋਂ ਪਹਿਲਾਂ ਪ੍ਰਸਿੱਧ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਵੀ ਪੰਜਾਬ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ ਪਰ ਹੁਣ ਹਾਕੀ ਖਿਡਾਰੀ ਰਹੇ ਪਰਗਟ ਸਿੰਘ ਦੀ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਨਿਯੁਕਤੀ ਨੂੰ ਬਹੁਤ ਅਹਿਮੀਅਤ ਦਿੱਤੀ ਜਾ ਰਹੀ ਹੈ। ਖਾਸ ਗੱਲ ਇਹ ਵੀ ਹੈ ਕਿ ਪੰਜਾਬ ਕਾਂਗਰਸ 'ਚ ਸਿਆਸੀ ਆਗੂਆਂ ਦੀ ਧੜੇਬਾਜ਼ੀ ਦੇ ਮੌਜੂਦ ਹੋਣ ਦੇ ਬਾਵਜੂਦ ਸਾਬਕਾ ਖਿਡਾਰੀ ਪਰਗਟ ਸਿੰਘ ਕਾਮਯਾਬ ਹੋ ਗਏ ਹਨ। ਇੱਕ ਤਰ੍ਹਾਂ ਉਨ੍ਹਾਂ ਨੇ ਪੰਜਾਬ ਕਾਂਗਰਸ ਵਿੱਚ ਪੰਜਾਬ ਇਕਾਈ ਦੇ ਪ੍ਰਧਾਨਗੀ ਦੀ ਦੌੜ ਵਿੱਚ ਸਿਆਸੀ ਆਗੂਆਂ ਨੂੰ ਠਿੱਬੀ ਲਗਾ ਦਿੱਤੀ ਹੈ।

ਪਰਗਟ ਸਿੰਘ ਦਾ ਸਿਆਸੀ ਸਫ਼ਰ ਰਵਾਇਤੀ ਕਾਂਗਰਸੀ ਆਗੂਆਂ ਨਾਲੋਂ ਵੱਖਰਾ ਰਿਹਾ ਹੈ। ਉਹ ਪਹਿਲਾਂ ਹਾਕੀ ਦੇ ਮੈਦਾਨ ਵਿੱਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਹਨ ਅਤੇ ਉਲੰਪਿਕ ਖੇਡਾਂ ਵਿੱਚ ਵੀ ਦੇਸ਼ ਦੀ ਅਗਵਾਈ ਕੀਤੀ। ਖੇਡਾਂ ਤੋਂ ਬਾਅਦ ਉਨ੍ਹਾਂ ਨੇ ਪੁਲਿਸ ਅਧਿਕਾਰੀ ਵਜੋਂ ਵੀ ਕੰਮ ਕੀਤਾ ਅਤੇ ਫਿਰ ਸਰਗਰਮ ਸਿਆਸਤ ਵਿੱਚ ਕਦਮ ਰੱਖਿਆ। ਉਨ੍ਹਾਂ ਨੇ ਦਸੰਬਰ 2016 ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਕੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣਾ ਸਿਆਸੀ ਰਾਹ ਬਦਲਿਆ। ਇਸ ਤੋਂ ਪਹਿਲਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਸਨ। 2017 ਦੀਆਂ ਚੋਣਾਂ ਵਿੱਚ ਉਹ ਜਲੰਧਰ ਕੈਂਟ ਤੋਂ ਕਾਂਗਰਸ ਦੀ ਟਿਕਟ 'ਤੇ ਜਿੱਤੇ ਅਤੇ ਬਾਅਦ ਵਿੱਚ ਸੂਬਾ ਸਰਕਾਰ ਵਿੱਚ ਮੰਤਰੀ ਵੀ ਰਹੇ। ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਕਰੀਬ ਇੱਕ ਦਹਾਕੇ ਦੇ ਅੰਦਰ ਹੀ ਉਨ੍ਹਾਂ ਨੂੰ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਮਿਲੀ ਹੈ।

ਖਿਡਾਰੀਆਂ ਬਾਰੇ ਮਸ਼ਹੂਰ ਹੈ ਕਿ ਇਹ ਪੂਰੇ ਅਨੁਸ਼ਾਸਨ ਵਿੱਚ ਰਹਿੰਦੇ ਹਨ ਅਤੇ ਖੇਡ ਨਿਯਮਾਂ ਅਤੇ ਕਾਨੂੰਨਾਂ ਦੀ ਪੂਰੀ ਪਾਲਣਾ ਕਰਦੇ ਹਨ। ਖੇਡ ਟੀਮਾਂ 'ਚ ਕਪਤਾਨ ਰਹੇ ਖਿਡਾਰੀਆਂ ਨੂੰ ਪੂਰੀ ਟੀਮ ਨੂੰ ਇੱਕ ਜੁੱਟ ਰੱਖਣ ਅਤੇ ਪੂਰੀ ਟੀਮ ਦੇ ਸਹਿਯੋਗ ਨਾਲ ਜਿੱਤ ਹਾਸਲ ਕਰਨ ਦਾ ਪੂਰਾ ਤਜਰਬਾ ਹੁੰਦਾ ਹੈ। ਪਰਗਟ ਸਿੰਘ ਵੀ ਲੰਬਾ ਸਮਾਂ ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਹਨ, ਜਿਸ ਕਾਰਨ ਉਹਨਾਂ ਵਿੱਚ ਅਗਵਾਈ ਕਰਨ ਦਾ ਚੰਗਾ ਤਜਰਬਾ ਹੈ, ਜਿਸ ਨੂੰ ਉਹ ਹੁਣ ਸਿਆਸਤ ਵਿੱਚ ਵੀ ਵਰਤਣਗੇ। ਕਾਂਗਰਸ ਦੇ ਪੰਜਾਬ ਪ੍ਰਧਾਨ ਬਣਨ ਤੋਂ ਬਾਅਦ ਪਰਗਟ ਸਿੰਘ ਦੀ ਨਵੀਂ ਸਿਆਸੀ ਪਾਰੀ ਦੀ ਸ਼ੁਰੂਆਤ ਹੋ ਗਈ ਹੈ। ਪਰਗਟ ਸਿੰਘ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਖੇਡ ਟੀਮ ਅਤੇ ਸਿਆਸੀ ਟੀਮ ਵਿੱਚ ਕਿਵੇਂ ਅੰਦਰੂਨੀ ਤਾਲਮੇਲ ਬੈਠਾਉਣਾ ਹੁੰਦਾ ਹੈ ਤਾਂ ਕਿ ਖੇਡ ਅਤੇ ਸਿਆਸੀ ਖੇਤਰ ਦੀਆਂ ਟੀਮਾਂ ਦੇ ਸਾਰੇ ਮੈਂਬਰ ਸੰਤੁਸ਼ਟ ਹੋਣ ਅਤੇ ਹਰ ਪਾਸੇ ਜਿੱਤਾਂ ਪ੍ਰਾਪਤ ਕਰਨ।

ਪਰਗਟ ਸਿੰਘ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਤੋਂ ਬਾਅਦ ਐਲਾਨ ਕੀਤਾ ਹੈ ਕਿ ਉਹ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਸਾਰੇ ਕਾਂਗਰਸ ਆਗੂਆਂ ਨੂੰ ਆਪਣੇ ਨਾਲ ਲੈ ਕੇ ਚੱਲਣਗੇ। ਪਰਗਟ ਸਿੰਘ ਚੰਨਣ ਸਰਕਾਰ ਸਮੇਂ ਪੰਜਾਬ ਦੇ ਖੇਡ ਮੰਤਰੀ ਵੀ ਰਹਿ ਚੁੱਕੇ ਹਨ। ਇਸ ਕਰਕੇ ਉਨ੍ਹਾਂ ਨੂੰ ਸਿਆਸਤ ਦਾ ਵੀ ਵੱਡਾ ਤਜਰਬਾ ਹੈ।

ਦੇਸ਼ ਦੀ ਸਿਆਸਤ ਵਿੱਚ ਹੋਰ ਵੀ ਅਨੇਕਾਂ ਸਾਬਕਾ ਖਿਡਾਰੀ ਸਰਗਰਮ ਹਨ, ਜੋ ਕਿ ਹੁਣ ਸਿਆਸੀ ਮੈਦਾਨ ਵਿੱਚ ਅਹਿਮ ਪ੍ਰਾਪਤੀਆਂ ਕਰ ਰਹੇ ਹਨ। ਹੁਣ ਉਹ ਸਮਾਂ ਨਹੀਂ ਰਿਹਾ, ਜਦੋਂ ਸਿਆਸਤ ਕੁਝ ਪ੍ਰਮੁੱਖ ਚਿਹਰਿਆਂ ਦੇ ਆਲ਼ੇ ਦੁਆਲ਼ੇ ਹੀ ਘੁੰਮਦੀ ਸੀ, ਜਿਸ ਕਰਕੇ ਇੱਕ ਨੇਤਾ ਦਾ ਪੁੱਤਰ ਵੀ ਨੇਤਾ ਬਣ ਜਾਂਦਾ ਸੀ ਪਰ ਹੁਣ ਸਿਆਸਤ ਵਿੱਚ ਖਿਡਾਰੀਆਂ ਅਤੇ ਕਾਮੇਡੀਅਨਾਂ ਦੀ ਵੀ ਐਂਟਰੀ ਹੋ ਚੁੱਕੀ ਹੈ। ਜਿਸ ਦੀ ਉਦਾਹਰਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਦਿੱਤੀ ਜਾ ਸਕਦੀ ਹੈ। ਭਗਵੰਤ ਮਾਨ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਕਾਮੇਡੀਅਨ ਸਨ। ਜੇ ਗੱਲ ਅੰਤਰਰਾਸ਼ਟਰੀ ਪੱਧਰ ਦੀ ਕੀਤੀ ਜਾਵੇ ਤਾਂ ਆਲਮੀ ਪੱਧਰ 'ਤੇ ਵੀ ਅਨੇਕਾਂ ਖਿਡਾਰੀ ਅਤੇ ਕਾਮੇਡੀਅਨ ਸਿਆਸਤ ਵਿੱਚ ਵੱਡੇ ਧਮਾਕੇ ਕਰ ਚੁੱਕੇ ਹਨ। ਯੂਕ੍ਰੇਨ ਦੇ ਰਾਸ਼ਟਰਪਤੀ ਜੈਲੇਂਸਕੀ ਵੀ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਕਾਮੇਡੀਅਨ ਸਨ। ਇਹ ਜੈਲੇਂਸਕੀ ਦੀ ਵੱਡੀ ਪ੍ਰਾਪਤੀ ਹੈ ਕਿ ਉਹ ਕਈ ਸਾਲਾਂ ਤੋਂ ਰੂਸ ਨਾਲ ਚੱਲ ਰਹੀ ਯੂਕ੍ਰੇਨ ਦੀ ਜੰਗ ਵਿੱਚ ਪੂਰੀ ਤਿਆਰੀ ਨਾਲ ਡਟੇ ਹੋਏ ਹਨ ਅਤੇ ਉਹਨਾਂ ਨੇ ਅਜੇ ਤੱਕ ਹਾਰ ਨਹੀਂ ਮੰਨੀ ਸਗੋਂ ਯੂਕ੍ਰੇਨ ਦੀ ਜਿੱਤ ਲਈ ਲਗਾਤਾਰ ਸਰਗਰਮ ਹਨ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਜਿਹੜੇ ਭਾਰਤੀ ਖਿਡਾਰੀਆਂ ਨੇ ਏਸ਼ੀਅਨ ਖੇਡਾਂ ਵਿੱਚ ਤਗਮੇ ਜਿੱਤੇ ਹਨ, ਉਹ ਅਗਲੀਆਂ ਉਲੰਪਿਕ ਖੇਡਾਂ 'ਚ ਕੀ ਕਾਰਗੁਜ਼ਾਰੀ ਦਿਖਾਉਂਦੇ ਹਨ। ਇਸ ਦੇ ਨਾਲ ਹੀ ਪੰਜਾਬ ਦੀ ਸਿਆਸਤ 'ਚ ਪੰਜਾਬ ਕਾਂਗਰਸ ਦੇ ਨਵਨਿਯੁਕਤ ਪ੍ਰਧਾਨ ਦੀ ਕਾਰਗੁਜ਼ਾਰੀ ਵੀ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੂਰੀ ਤਰ੍ਹਾਂ ਪਰਖੀ ਜਾਵੇਗੀ ਕਿ ਉਹ ਕਾਂਗਰਸ ਦੀ ਅਗਵਾਈ ਕਰਨ ਅਤੇ ਜਿੱਤ ਪ੍ਰਾਪਤ ਕਰਨ ਵਿੱਚ ਕਿੰਨੇ ਕੁ ਕਾਮਯਾਬ ਰਹਿੰਦੇ ਹਨ।

# ਪੰਜਾਬ ਨੂੰ ਜਾਤੀਵਾਦੀ ਅਤੇ ਫ਼ਿਰਕੂ ਸਿਆਸਤ ਤੋਂ ਬਚਾਉਣ ਦੀ ਲੋੜ

## ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਕਾਰਨ ਸਿਆਸਤ 'ਚ ਬਣ ਰਹੇ ਹਨ ਨਵੇਂ ਸਮੀਕਰਨ

ਅਸ਼ਵਨੀ ਕੁਮਾਰ



ਸਾਲ 2027 ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸੂਬੇ ਦੇ ਉਥਲ-ਪੁਥਲ ਭਰੇ ਸਿਆਸੀ ਇਤਿਹਾਸ ਵਿੱਚ ਫ਼ੈਸਲਾਕੁਨ ਮੋੜ ਸਾਬਿਤ ਹੋ ਸਕਦੀਆਂ ਹਨ। ਮੌਜੂਦਾ ਸਿਆਸੀ ਮਾਹੌਲ ਦੇ ਮੱਦੇਨਜ਼ਰ ਇਹ ਚੋਣਾਂ ਸਿਆਸੀ ਮੁਕਾਬਲੇ ਦੇ ਢੰਗ ਅਤੇ ਸਮੀਕਰਨਾਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਸਕਦੀਆਂ ਹਨ। ਆਜ਼ਾਦੀ ਮਗਰੋਂ ਪਹਿਲੀ ਵਾਰ ਪੰਜ ਪ੍ਰਮੁੱਖ ਸਿਆਸੀ ਪਾਰਟੀਆਂ ਸੱਤਾ ਲਈ ਚੋਣ ਮੈਦਾਨ ਵਿੱਚ ਆਹਮੋ-ਸਾਹਮਣੇ ਹੋਣਗੀਆਂ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਚੁਣੌਤੀ ਦੇ ਰਹੀਆਂ ਚਾਰ ਵਿਰੋਧੀ ਪਾਰਟੀਆਂ ਵਿੱਚ 'ਵਾਰਿਸ ਪੰਜਾਬ ਦੇ' ਵੀ ਸ਼ਾਮਿਲ ਹੈ। ਇਹ ਇੱਕ ਨਵੀਂ ਸਿਆਸੀ ਜਥੇਬੰਦੀ ਹੈ, ਜਿਸ ਨੇ ਆਪਣੇ ਸੁਧਾਰਵਾਦੀ ਰੁਖ਼ ਅਤੇ ਸਿਆਸੀ ਬਦਲਾਅ ਦੇ ਵਾਅਦੇ ਕਾਰਨ ਪੇਂਡੂ ਸਿੱਖ ਨੌਜਵਾਨਾਂ ਵਿੱਚ ਕਾਫ਼ੀ ਪਕੜ ਬਣਾਈ ਹੈ। ਇਹ ਹਾਲਾਤ ਰਵਾਇਤੀ ਸਿਆਸੀ ਪਾਰਟੀਆਂ ਪ੍ਰਤੀ ਲੋਕਾਂ ਦੀ ਘਟ ਰਹੀ ਦਿਲਚਸਪੀ ਵੱਲ ਵੀ ਇਸ਼ਾਰਾ ਕਰਦੇ ਹਨ।

ਸਿਆਸਤ ਦੀ ਆਦਰਸ਼ਵਾਦੀ ਕਲਪਨਾ ਤੋਂ ਕਾਫ਼ੀ ਹਰਮਨਪਿਆਰਤਾ ਹਾਸਿਲ ਕਰਨ ਵਾਲੀ ਇਹ ਨਵੀਂ ਸਿਆਸੀ ਤਾਕਤ ਹੋਰ ਪਾਰਟੀਆਂ, ਖ਼ਾਸਕਰ ਅਕਾਲੀ ਦਲ ਦੇ ਵੋਟ ਬੈਂਕ ਵਿੱਚ ਕਮੀ ਲਿਆ ਸਕਦੀ ਹੈ। ਹਾਲਾਂਕਿ ਸੰਭਵ ਹੈ ਕਿ ਇਹ ਸੱਤਾਧਾਰੀ ਪਾਰਟੀ ਲਈ ਗੰਭੀਰ ਚੁਣੌਤੀ ਪੇਸ਼ ਕਰਨ ਦੀ ਸਥਿਤੀ ਵਿੱਚ ਨਾ ਹੋਵੇ। ਫਿਰ ਵੀ ਚੋਣ ਮੈਦਾਨ ਵਿੱਚ ਇਸ ਦੀ ਸਪੱਸ਼ਟ ਮੌਜੂਦਗੀ ਨੇ ਪੰਜਾਬ ਦੇ ਸਿਆਸੀ ਤਵਾਜ਼ਨ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਗਰਮ ਖ਼ਿਆਲੀ ਸਿਆਸਤ ਦੀ ਵਾਪਸੀ ਬਾਰੇ ਤੌਖ਼ਲਿਆਂ ਨੂੰ ਮੁੜ ਜਨਮ ਦਿੱਤਾ ਹੈ। ਆਪਣਾ ਸਿਆਸੀ ਆਧਾਰ ਮੁੜ ਤਲਾਸ਼ ਰਿਹਾ ਅਕਾਲੀ ਦਲ, ਤੇਜ਼ੀ ਨਾਲ ਉੱਭਰ ਰਹੀ ਭਾਜਪਾ ਅਤੇ ਕਾਂਗਰਸ ਵੱਲੋਂ ਆਪਸੀ ਖਿੱਚੋਤਾਣ ਕਾਰਨ ਆਪਣੇ ਆਪ ਨੂੰ ਪਹੁੰਚਾਇਆ ਗਿਆ ਸਿਆਸੀ ਨੁਕਸਾਨ- ਇਨ੍ਹਾਂ ਸਾਰਿਆਂ ਨੇ ਮਿਲ ਕੇ ਪੰਜਾਬ ਦੀ ਸਿਆਸਤ ਨੂੰ ਬਦਲ ਦਿੱਤਾ ਹੈ।

ਇਸ ਦੇ ਨਾਲ ਹੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵੀ ਗੱਠਜੋੜ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਦੇ ਸਿਆਸੀ ਸਮੀਕਰਨਾਂ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ ਅਤੇ 'ਆਪ' ਸਾਹਮਣੇ ਇੱਕ ਮੁੱਖ ਚੁਣੌਤੀ ਵਜੋਂ ਉੱਭਰ ਸਕਦਾ ਹੈ। ਇਨ੍ਹਾਂ ਹਾਲਾਤ ਵਿੱਚ ਖਿੰਡੇ ਹੋਏ ਜਨਮਤ ਅਤੇ ਉਸ ਤੋਂ ਪੈਦਾ ਹੋਣ ਵਾਲੀ ਸਿਆਸੀ ਅਸਥਿਰਤਾ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦਾ ਸੂਬੇ ਦੇ ਵਿਕਾਸ ਦੀਆਂ ਲੋੜਾਂ 'ਤੇ ਗੰਭੀਰ ਅਸਰ ਪੈ ਸਕਦਾ ਹੈ। ਪੰਜਾਬ ਦੀ ਵੱਖ-ਵੱਖ ਵਿਕਾਸ ਪੈਮਾਨਿਆਂ ਵਿੱਚ ਸਾਲਾਂ ਤੋਂ ਦਰਜ ਹੋ ਰਹੀ ਗਿਰਾਵਟ ਨੂੰ ਉਦੋਂ ਤੱਕ ਨਹੀਂ ਰੋਕਿਆ ਜਾ ਸਕਦਾ, ਜਦੋਂ ਤੱਕ ਸੂਬੇ ਦੇ ਨਵੀਨੀਕਰਨ ਅਤੇ ਮੁੜ ਉਭਾਰ ਲਈ ਲੋੜੀਂਦੀਆਂ ਅਹਿਮ ਨੀਤੀਆਂ 'ਤੇ ਵਿਆਪਕ ਸਿਆਸੀ ਸਹਿਮਤੀ ਨਹੀਂ ਬਣਦੀ।

ਜ਼ਮੀਨੀ ਹਾਲਾਤ ਅਤੇ ਇੱਕ ਮਜ਼ਬੂਤ ਜਮਹੂਰੀਅਤ ਦੀਆਂ ਲੋੜਾਂ ਸਿਆਸੀ ਵਿਚਾਰ-ਵਟਾਂਦਰੇ ਵਿੱਚ ਸ਼ਾਲੀਨਤਾ ਅਤੇ ਆਪਸੀ ਰਿਸ਼ਤਿਆਂ ਵਿੱਚ ਮਰਿਆਦਾ ਤੇ ਸਦਭਾਵਨਾ ਦੀ ਵਾਪਸੀ ਦੀ ਮੰਗ ਕਰਦੀਆਂ ਹਨ। ਸਿਆਸੀ ਆਗੂਆਂ ਦਰਮਿਆਨ ਸੁਹਿਰਦ ਸੰਚਾਰ ਦੇ ਰਾਹ ਖੁੱਲ੍ਹੇ ਰਹਿਣੇ ਬਹੁਤ ਜ਼ਰੂਰੀ ਹਨ ਕਿਉਂਕਿ ਸੂਬੇ ਦੇ ਵਿਕਾਸ ਲਈ ਸੂਝ ਭਰੀਆਂ ਨੀਤੀਆਂ 'ਤੇ ਵਿਆਪਕ ਸਹਿਮਤੀ ਬਣਾਉਣ ਲਈ ਆਗੂਆਂ ਵਿਚਕਾਰ ਸਹਿਯੋਗ ਅਤੇ ਤਾਲਮੇਲ ਲਾਜ਼ਮੀ ਹੈ। ਸੋਸ਼ਲ ਮੀਡੀਆ 'ਤੇ ਸਿਆਸੀ ਆਗੂਆਂ ਵਿਚਕਾਰ ਹੋਣ ਵਾਲੀ ਕੌੜੀ-ਕੁਸੈਲੀ ਜਨਤਕ ਬਹਿਸ, ਜੋ ਹੁਣ ਇੱਕ ਅਮੁੱਕ ਤਮਾਸ਼ੇ ਦਾ ਰੂਪ ਧਾਰ ਚੁੱਕੀ ਹੈ, ਨੇ ਨਾਗਰਿਕਾਂ ਲਈ ਆਦਰਸ਼ ਬਣਨ ਵਾਲੇ ਵਿਅਕਤੀਆਂ ਵਜੋਂ ਉਨ੍ਹਾਂ ਦੀ ਨਿੱਜੀ ਭਰੋਸੇਯੋਗਤਾ ਨੂੰ ਘਟਾਇਆ ਹੈ ਅਤੇ ਜਮਹੂਰੀਅਤ ਦੇ ਰਖਵਾਲਿਆਂ ਵਜੋਂ ਸਿਆਸੀ ਪਾਰਟੀਆਂ ਦੀ ਸਾਖ਼ ਨੂੰ ਵੀ ਕਮਜ਼ੋਰ ਕੀਤਾ ਹੈ।

ਕਿਸੇ ਦੀ ਸਾਖ਼ ਨੂੰ ਬਿਨਾਂ ਸੋਚੇ-ਸਮਝੇ ਢਾਹ ਲਾਉਣਾ ਅਤੇ ਵਿਅਕਤੀਆਂ ਦੇ ਮਾਣ ਨੂੰ ਵਾਰ-ਵਾਰ ਠੇਸ ਪਹੁੰਚਾਉਣਾ ਜਮਹੂਰੀ ਵਿਚਾਰ-ਚਰਚਾ ਦੇ ਬੁਨਿਆਦੀ ਅਸੂਲਾਂ ਦੀ ਉਲੰਘਣਾ ਹੈ। ਇੱਕ ਵਾਰ ਕਹੇ ਗਏ ਸ਼ਬਦ ਸਿਰਫ਼ ਸਮਾਂ ਬੀਤਣ ਨਾਲ ਖ਼ਤਮ ਨਹੀਂ ਹੋ ਜਾਂਦੇ। ਕੌੜੇ ਸ਼ਬਦਾਂ ਨਾਲ ਪਹੁੰਚੀ ਠੇਸ ਰੂਹ ਨੂੰ ਅਜਿਹਾ ਜ਼ਖ਼ਮ ਲਗਾ ਜਾਂਦੀ ਹੈ, ਜੋ ਆਸਾਨੀ ਨਾਲ ਨਹੀਂ ਭਰਦਾ। ਹਿੰਸਕ ਜਾਂ ਡਰ ਪੈਦਾ ਕਰਨ ਵਾਲੇ ਲਹਿਜੇ ਵਿੱਚ ਕੀਤੀ ਗਈ ਗੱਲਬਾਤ ਲੋਕਤੰਤਰ ਦੀ ਉਸ ਨਰਮੀ ਅਤੇ ਪ੍ਰਭਾਵਸ਼ਾਲੀ ਅਪੀਲ ਨੂੰ ਕਮਜ਼ੋਰ ਕਰਦੀ ਹੈ, ਜੋ ਸਿਆਸੀ ਅਤੇ ਸਮਾਜਿਕ ਜੀਵਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿੱਚ ਇਸ ਦੀਆਂ ਕੇਂਦਰੀ ਖ਼ੂਬੀਆਂ ਹਨ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਜਨਤਕ ਵਿਚਾਰ-ਵਟਾਂਦਰੇ ਦਾ ਪੱਧਰ ਉੱਚਾ ਚੁੱਕਿਆ ਜਾਵੇ ਅਤੇ ਇਸ ਨੂੰ ਤਲਖ਼ੀ, ਬਦਨਾਮੀ ਤੇ ਨਿੱਜੀ ਦੁਸ਼ਮਣੀ ਤੋਂ ਫੈਸਲਾਕੁੰਨ ਢੰਗ ਨਾਲ ਦੂਰ ਲਿਜਾਇਆ ਜਾਵੇ।

ਖੁਸ਼ਹਾਲ ਸੂਬੇ ਵਜੋਂ ਪੰਜਾਬ ਦੇ ਮੁੜ ਉਭਾਰ ਲਈ ਅਜਿਹੀ ਖੁੱਲ੍ਹੇ ਦਿਲ ਵਾਲੀ ਲੀਡਰਸ਼ਿਪ ਦੀ ਲੋੜ ਹੈ, ਜੋ ਲੰਮੇ ਸਮੇਂ ਤੋਂ ਸੂਬੇ ਦੀ ਸਿਆਸਤ ਨੂੰ ਪ੍ਰਭਾਵਿਤ ਕਰ ਰਹੀ ਤੰਗਦਿਲੀ ਅਤੇ ਤੰਗਨਜ਼ਰੀ ਤੋਂ ਉੱਪਰ ਉੱਠ ਸਕੇ। ਅੱਜ ਸਭ ਤੋਂ ਵੱਡੀ ਲੋੜ ਅਜਿਹੇ ਆਗੂਆਂ ਨੂੰ ਲੱਭਣ ਦੀ ਹੈ, ਜੋ ਆਪਣੇ ਆਪ ਤੋਂ ਉੱਪਰ ਉੱਠ ਕੇ ਹਾਸ਼ੀਏ 'ਤੇ ਧੱਕੇ ਅਤੇ ਹੱਕਾਂ ਤੋਂ ਵਾਂਝੇ ਲੋਕਾਂ ਪ੍ਰਤੀ ਦਇਆ ਤੇ ਸੰਵੇਦਨਾ ਨੂੰ ਸ਼ਾਸਨ ਦੀ ਮੂਲ ਭਾਵਨਾ ਬਣਾ ਸਕਣ ਅਤੇ ਸਿਰਫ਼ ਸੱਤਾ ਹਾਸਲ ਕਰਨ ਦੇ ਲਾਲਚ ਤੋਂ ਖ਼ੁਦ ਨੂੰ ਬਚਾ ਸਕਣ। ਸਾਨੂੰ ਅਜਿਹੇ ਆਗੂਆਂ ਦੀ ਭਾਲ ਕਰਨੀ ਚਾਹੀਦੀ ਹੈ, ਜੋ ਦਬਦਬੇ ਵਾਲੀ ਤਾਕਤ ਨੂੰ ਲੋਕਾਂ ਦੀ ਤਾਕਤ ਨਾ ਸਮਝਣ ਅਤੇ ਉਨ੍ਹਾਂ ਲੋਕਾਂ ਤੋਂ ਦੂਰ ਰਹਿਣ ਜਿਨ੍ਹਾਂ ਦੀ ਲੀਡਰਸ਼ਿਪ ਦਾ ਦਾਅਵਾ ਤਾਕਤ ਦੇ ਨੰਗੇ ਪ੍ਰਦਰਸ਼ਨ ਅਤੇ ਸਮਰਥਕਾਂ ਦੇ ਭੇਸ ਵਾਲੇ ਸੌੜੇ ਹਿੱਤਾਂ ਵਾਲੇ ਲੋਕਾਂ ਦੀ ਖੁਸ਼ਾਮਦ 'ਤੇ ਟਿਕਿਆ ਹੋਵੇ। ਲੋਕਾਂ ਦੇ ਦੁੱਖਾਂ ਅਤੇ ਬੇਇਨਸਾਫ਼ੀ ਪ੍ਰਤੀ ਬੇਪਰਵਾਹ ਹੰਕਾਰੀ ਸੱਤਾ ਦਾ ਵਿਰੋਧ ਕਰਨਾ ਨਾਗਰਿਕਾਂ ਦਾ ਨੈਤਿਕ ਫ਼ਰਜ਼ ਹੈ। ਜਮਹੂਰੀਅਤ ਆਖ਼ਰਕਾਰ ਉਨ੍ਹਾਂ ਆਗੂਆਂ ਦੇ ਸਹਾਰੇ ਕਾਇਮ ਰਹਿੰਦੀ ਹੈ, ਜੋ ਪੀੜਤ ਅਤੇ ਕਮਜ਼ੋਰ ਲੋਕਾਂ ਦੀਆਂ ਅੱਖਾਂ ਵਿੱਚ ਰੁਕੇ ਹੋਏ ਹੰਝੂ ਦੇਖ ਸਕਣ ਅਤੇ ਉਨ੍ਹਾਂ ਦੇ ਦੱਬੇ ਹੋਏ ਹਉਕੇ ਸੁਣ ਸਕਣ। ਪੰਜਾਬ ਦੇ ਬਹਾਦਰ ਅਤੇ ਜ਼ਿੰਦਾਦਿਲ ਲੋਕ, ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਂਦੇ ਹਨ, ਆਪਣੇ ਚੁਣੇ ਹੋਏ ਨੁਮਾਇੰਦਿਆਂ ਤੋਂ ਅਜਿਹੇ ਸ਼ਾਸਨ ਦੇ ਹੱਕਦਾਰ ਹਨ ਜਿਸ ਦੀ ਬੁਨਿਆਦ ਕਾਨੂੰਨ ਅਤੇ ਇਨਸਾਫ਼ 'ਤੇ ਟਿਕੀ ਹੋਵੇ। ਦਰਅਸਲ, ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਲੋਕਾਂ ਨੂੰ ਖ਼ੁਦ ਵੀ ਕਾਨੂੰਨ ਨਾਲ ਬੱਝੇ ਹੋਣਾ ਚਾਹੀਦਾ ਹੈ ਅਤੇ ਅਜਿਹਾ ਦਿਸਣਾ ਵੀ ਚਾਹੀਦਾ ਹੈ।

ਇੱਕ ਜੀਵੰਤ ਜਮਹੂਰੀਅਤ ਦੀ ਅਸਲ ਕਸਵੱਟੀ ਇਸ ਦੀਆਂ ਪ੍ਰਕਿਰਿਆਵਾਂ ਦੀ ਪਵਿੱਤਰਤਾ ਹੈ, ਅਜਿਹੀਆਂ ਪ੍ਰਕਿਰਿਆਵਾਂ ਜੋ ਵਿਚਾਰਾਂ ਦੀ ਆਜ਼ਾਦ ਮੁਕਾਬਲੇਬਾਜ਼ੀ ਰਾਹੀਂ ਪ੍ਰੇਰਣਾਦਾਇਕ ਲੀਡਰਸ਼ਿਪ ਨੂੰ ਜਨਮ ਦੇ ਸਕਣ। ਅਜਿਹੀ ਲੀਡਰਸ਼ਿਪ 'ਚਤੁਰ ਵਿਅਕਤੀ ਦੇ ਹੰਕਾਰ' ਉੱਤੇ ਨਹੀਂ ਸਗੋਂ ਮਨੁੱਖੀ ਜੀਵਨ ਦੀ ਸਮੁੱਚੀ ਹਕੀਕਤ ਦੀ ਸਮਝ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਅਸੀਂ ਜਾਣਦੇ ਹਾਂ ਕਿ ਜਮਹੂਰੀਅਤ ਸਾਡੇ ਸਮਿਆਂ ਦੇ ਨੈਤਿਕ ਸਵਾਲਾਂ 'ਤੇ ਜਨਤਕ ਤਰਕ ਅਤੇ ਵਿਚਾਰ-ਵਟਾਂਦਰੇ ਦਾ ਨਾਮ ਹੈ। ਪੰਜਾਬ ਜਦੋਂ ਆਪਣੀ ਗੁਆਚੀ ਹੋਈ ਸ਼ਾਨ ਨੂੰ ਮੁੜ ਹਾਸਲ ਕਰਨ ਲਈ ਸੰਘਰਸ਼ ਕਰ ਰਿਹਾ ਹੈ ਤਾਂ ਇਸ ਨੂੰ ਅਜਿਹੇ ਆਗੂਆਂ ਦੀ ਅਗਵਾਈ ਹੇਠਲੀ ਸਰਕਾਰ ਦੀ ਲੋੜ ਹੈ, ਜਿਨ੍ਹਾਂ ਵਿੱਚ 'ਦਲੇਰ ਆਦਰਸ਼ਵਾਦ' ਹੋਵੇ, ਅਜਿਹੇ ਆਗੂ ਜੋ ਅਜਿਹੀ ਦਿਸ਼ਾ ਤੈਅ ਕਰ ਸਕਣ ਜਿਸ ਨਾਲ ਲੋਕਾਂ ਵਿੱਚ ਆਸ ਮੁੜ ਜਾਗੇ ਅਤੇ ਰੁਜ਼ਗਾਰ ਪੈਦਾ ਕਰਨ, ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਸਾਰਥਿਕ ਨੀਤੀਆਂ ਬਣਾਉਣ, ਸੂਬੇ ਦੀ ਤਾਕਤ ਦੇ ਘੋਰ ਦੁਰਵਰਤੋਂ ਤੇ ਉੱਚ ਪੱਧਰ 'ਤੇ ਭ੍ਰਿਸ਼ਟਾਚਾਰ ਉੱਤੇ ਕਾਰਗਰ ਰੋਕ ਲਗਾਉਣ, ਸੂਬੇ ਦੀ ਖੇਤੀਬਾੜੀ ਅਰਥਵਿਵਸਥਾ ਦੇ ਪੁਨਰਗਠਨ ਨਾਲ ਜੁੜੇ ਗੁੰਝਲਦਾਰ ਸਵਾਲਾਂ ਦਾ ਸੋਚ-ਵਿਚਾਰ ਨਾਲ ਜਵਾਬ ਦੇਣ, ਵਾਤਾਵਰਣ ਦੀ ਰੱਖਿਆ ਕਰਨ ਅਤੇ ਸਾਂਝੀ ਵਿਰਾਸਤ 'ਤੇ ਆਧਾਰਿਤ ਸਮਾਜਿਕ ਸਦਭਾਵਨਾ ਨੂੰ ਕਾਇਮ ਰੱਖਣ ਰਾਹੀਂ ਉਸ ਆਸ ਨੂੰ ਠੋਸ ਰੂਪ ਦਿੱਤਾ ਜਾ ਸਕੇ।

ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਕੀ ਅਸੀਂ ਇਹ ਆਸ ਕਰ ਸਕਦੇ ਹਾਂ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਪਾਰਟੀਆਂ ਜਾਤੀਵਾਦੀ ਅਤੇ ਫ਼ਿਰਕੂ ਸਿਆਸਤ ਤੋਂ ਉੱਪਰ ਉੱਠਣਗੀਆਂ? ਕੀ ਉਹ ਅਜਿਹੇ ਆਗੂਆਂ ਨੂੰ ਸਾਹਮਣੇ ਲਿਆ ਸਕਦੀਆਂ ਹਨ ਜਿਨ੍ਹਾਂ ਕੋਲ ਉਹ ਨੈਤਿਕ ਭਰੋਸੇਯੋਗਤਾ ਹੋਵੇ ਜੋ ਮਾਣਮੱਤੀ ਅਤੇ ਬਹਾਦਰ ਜਨਤਾ ਨਾਲ ਇਮਾਨਦਾਰੀ ਨਾਲ ਗੱਲ ਕਰ ਸਕਣ ਅਤੇ ਉਸ ਨੂੰ ਇੱਜ਼ਤ ਨਾਲ ਜੀਵਨ ਬਤੀਤ ਕਰਨ ਦਾ ਮੌਕਾ ਦੇਣ ਦਾ ਵਾਅਦਾ ਵਫ਼ਾ ਕਰ ਸਕਣ? ਜਾਂ ਫਿਰ ਪੰਜਾਬ ਨੂੰ ਅਜਿਹੇ ਲੋਕਾਂ ਦਾ ਬੋਝ ਝੱਲਦੇ ਰਹਿਣਾ ਪਵੇਗਾ, ਜਿਨ੍ਹਾਂ ਲਈ ਸਿਆਸਤ ਸਹੀ ਅਤੇ ਗ਼ਲਤ ਦੀ ਕਿਸੇ ਭਾਵਨਾ ਦੀ ਥਾਂ ਸਿਰਫ਼ ਸੱਤਾ ਪ੍ਰਾਪਤੀ ਦਾ ਸਾਧਨ ਹੈ? ਇਨ੍ਹਾਂ ਸਾਰੇ ਸਵਾਲਾਂ ਦਾ ਸਾਹਮਣਾ ਸੂਬੇ ਦੀਆਂ ਸਿਆਸੀ ਪਾਰਟੀਆਂ ਅਤੇ ਆਗੂਆਂ ਨੂੰ ਕਰਨਾ ਹੀ ਪਵੇਗਾ।

ਜਮਹੂਰੀਅਤ ਦੀ ਸਾਰਥਿਕਤਾ ਉਦੋਂ ਸਾਬਿਤ ਹੁੰਦੀ ਹੈ ਜਦੋਂ ਇੱਕ ਜਾਗਰੂਕ ਵੋਟਰ ਉਨ੍ਹਾਂ ਲੋਕਾਂ ਨੂੰ ਲੀਡਰਸ਼ਿਪ ਸੌਂਪ ਸਕੇ, ਜੋ ਨਿਸ਼ਕਾਮ ਭਾਵਨਾ ਤੋਂ ਪ੍ਰੇਰਿਤ ਹੋਣ ਅਤੇ ਅਜਿਹੀ ਸਿਆਸਤ ਲਈ ਵਚਨਬੱਧ ਹੋਣ ਜਿਸ ਵਿੱਚ ਮਨੁੱਖੀ ਮਰਿਆਦਾ ਤੇ ਲੋਕਾਂ ਦੇ ਸਨਮਾਨ ਨੂੰ ਸਰਬਉੱਚ ਸਥਾਨ ਪ੍ਰਾਪਤ ਹੋਵੇ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਅਜਿਹੀ ਊਰਜਾਵਾਨ ਸਿਆਸਤ ਦਾ ਮਾਰਗਦਰਸ਼ਕ ਬਣ ਸਕੇ, ਅਜਿਹੀ ਸਿਆਸਤ ਜੋ ਲੋਕਾਂ ਦੀ ਇੱਛਾ-ਸ਼ਕਤੀ ਨੂੰ ਜਗਾਏ, ਸਾਡੇ ਬਾਨੀਆਂ ਦੇ ਆਦਰਸ਼ਵਾਦ ਤੋਂ ਪ੍ਰੇਰਣਾ ਲਵੇ ਅਤੇ ਉਸ ਇੱਛਾ-ਸ਼ਕਤੀ ਨੂੰ ਇੱਕ ਨਵੇਂ ਜਨਤਕ ਉਦੇਸ਼ ਵਿੱਚ ਬਦਲ ਦੇਵੇ। ਇਸ ਲਈ ਸਿਆਸੀ ਦਾਇਰੇ (ਸਪੈਕਟ੍ਰਮ) ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਉੱਤਮ ਲੋਕਾਂ ਤੇ ਲੀਡਰਸ਼ਿਪ ਨੂੰ ਇਕੱਠਾ ਕਰਨ ਅਤੇ ਸੂਬੇ ਵਿੱਚ ਬਦਲਾਅ ਲਿਆਉਣ ਵਾਲੀ ਲੀਡਰਸ਼ਿਪ ਦੇ ਵਿਕਾਸ ਲਈ ਲੋੜੀਂਦੇ ਹਾਲਾਤ ਪੈਦਾ ਕਰਨ ਦੀ ਲੋੜ ਹੋਵੇਗੀ। ਅਗਲੀਆਂ ਚੋਣਾਂ ਵਿੱਚ ਇੱਕ ਵਾਰ ਫਿਰ ਪੰਜਾਬ ਦੇ ਲੋਕਾਂ ਦੀ ਸਾਂਝੀ ਸਿਆਣਪ ਦੀ ਪਰਖ ਹੋਵੇਗੀ।

# ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਜੀਵਨ ਤੇ ਯੋਗਦਾਨ

**ਮੌਨਟੇਕ ਸਿੰਘ ਆਹਲੂਵਾਲੀਆ**

ਇਹ ਗੱਲ ਸਾਰੇ ਜਾਣਦੇ ਹਨ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਪਿਛੋਕੜ ਬਹੁਤ ਹੀ ਸਾਧਾਰਨ ਸੀ। ਉਨ੍ਹਾਂ ਦਾ ਮੁੱਢਲਾ ਜੀਵਨ ਕਾਫ਼ੀ ਔਕੜਾਂ ਭਰਿਆ ਰਿਹਾ। ਉਹ ਮਸਾਂ ਪੰਜ ਮਹੀਨਿਆਂ ਦੇ ਸਨ ਕਿ ਉਨ੍ਹਾਂ ਦੇ ਸਿਰੋਂ ਮਾਂ ਦਾ ਸਾਇਆ ਉੱਠ ਗਿਆ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੀ ਨਾਨੀ ਨੇ (ਹੁਣ ਪਾਕਿਸਤਾਨ ਦੇ) ਪਿੰਡ ‘ਗਾਹ’ ਵਿਖੇ ਕੀਤਾ। ਉਨ੍ਹਾਂ ਦੇ ਪਿਤਾ ਗੁਰਮੁਖ ਸਿੰਘ ਪਿਸ਼ਾਵਰ ’ਚ ਇੱਕ ਫਰਮ ਲਈ ਕੰਮ ਕਰਦੇ ਸਨ, ਜੋ ਅਫ਼ਗਾਨਿਸਤਾਨ ਤੋਂ ਸੁੱਕੇ ਮੇਵੇ ਦਰਾਮਦ ਕਰਕੇ ਭਾਰਤ ’ਚ ਵੱਖ-ਵੱਖ ਥਾਵਾਂ ’ਤੇ ਪਹੁੰਚਾਉਂਦੀ ਸੀ।

ਦੇਸ਼ ਵੰਡ ਨੇ ਲੱਖਾਂ ਹੋਰਨਾਂ ਪਰਿਵਾਰਾਂ ਵਾਂਗ ਉਨ੍ਹਾਂ ਦੇ ਪਰਿਵਾਰ ਦੀ ਜ਼ਿੰਦਗੀ ਨੂੰ ਵੀ ਹਲੂਣ ਕੇ ਰੱਖ ਦਿੱਤਾ। ਵੰਡ ਤੋਂ ਐਨ ਪਹਿਲਾਂ ਗਾਹ ਪਿੰਡ ਵਿੱਚ ਫ਼ਿਰਕੂ ਹਿੰਸਾ ਦੌਰਾਨ ਉਨ੍ਹਾਂ ਦੇ ਨਾਨਾ ਜੀ ਨੂੰ ਕਤਲ ਕਰ ਦਿੱਤਾ ਗਿਆ, ਪਰ ਪਰਿਵਾਰ ਦੇ ਬਾਕੀ ਜੀਅ ਸੁਰੱਖਿਅਤ ਭਾਰਤ ਪਹੁੰਚਣ ਵਿੱਚ ਕਾਮਯਾਬ ਰਹੇ। ਫਿਰ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ’ਤੇ ਡਾ. ਮਨਮੋਹਨ ਸਿੰਘ ਨੂੰ ਗਾਹ ਪਿੰਡ ਤੋਂ ਸੱਦਾ ਮਿਲਿਆ, ਪਰ ਉਨ੍ਹਾਂ ਨੇ ਉੱਥੇ ਜਾਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸ ਪਿੰਡ ਨਾਲ ਉਨ੍ਹਾਂ ਦੀਆਂ ਬਹੁਤ ਕੌੜੀਆਂ ਯਾਦਾਂ ਜੁੜੀਆਂ ਸਨ।

ਮਨਮੋਹਨ ਸਿੰਘ ਹੋਰਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿੱਚ ਬੀ ਏ ਦੀ ਡਿਗਰੀ ਆਪਣੀ ਜਮਾਤ ਵਿੱਚੋਂ ਅੱਵਲ ਰਹਿ ਕੇ ਮੁਕੰਮਲ ਕੀਤੀ। ਇਸ ਮਗਰੋਂ ਉਨ੍ਹਾਂ ਨੂੰ ਕੈਂਬਰਿਜ ਯੂਨੀਵਰਸਿਟੀ ਵਿੱਚ ਪੜ੍ਹਨ ਲਈ ਵਜ਼ੀਫ਼ਾ ਮਿਲ ਗਿਆ ਅਤੇ ਉਨ੍ਹਾਂ ਨੇ ਸੇਂਟ ਜੌਹਨਜ਼ ਕਾਲਜ ਵਿੱਚ ਦਾਖ਼ਲਾ ਲਿਆ। ਡੇਵਿਡ ਇੰਗਰਮੈਨ ਦੀ ਕਿਤਾਬ ‘ਦਿ ਅਪੋਸਟਲਜ਼ ਆਫ ਡਿਵੈਲਪਮੈਂਟ’ ਵਿੱਚ ਅਰਥ ਸ਼ਾਸਤਰ ਦੇ ਛੇ ਅਜਿਹੇ ਦੱਖਣੀ ਏਸ਼ਿਆਈ ਵਿਦਿਆਰਥੀਆਂ ਦੀਆਂ ਲਗਭਗ ਸਮਾਨਾਂਤਰ ਜੀਵਨ ਕਹਾਣੀਆਂ ਦਾ ਜ਼ਿਕਰ ਹੈ, ਜੋ ਉਸ ਸਮੇਂ ਇਕੱਠੇ ਕੈਂਬਰਿਜ ਵਿੱਚ ਪੜ੍ਹਦੇ ਸਨ: ਭਾਰਤ ਦੇ ਅਮਰਤਿਆ ਸੈਨ, ਜਗਦੀਸ਼ ਭਗਵਤੀ ਅਤੇ ਮਨਮੋਹਨ ਸਿੰਘ, ਪਾਕਿਸਤਾਨ ਦੇ ਮਹਿਬੂਬ ਉਲ ਹੱਕ, ਸ੍ਰੀਲੰਕਾ ਤੋਂ ਲਾਲ ਜੈਵਰਧਨੇ ਅਤੇ ਉਸ ਸਮੇਂ ਦੇ ਮਸ਼ਰਿਕੀ ਪਾਕਿਸਤਾਨ (ਹੁਣ ਬੰਗਲਾਦੇਸ਼) ਤੋਂ ਰਹਿਮਾਨ ਸੋਭਾਨ। ਹਰ ਪੱਖ ਤੋਂ ਇਹ ਬੇਹੱਦ ਖ਼ਾਸ ਵਿਦਿਆਰਥੀਆਂ ਦਾ ਸਮੂਹ ਸੀ। ਇਨ੍ਹਾਂ ਵਿੱਚੋਂ ਪੰਜ ਵਿਦਿਆਰਥੀ ਪਹਿਲੇ ਦਰਜੇ ’ਚ ਪਾਸ ਹੋਏ ਜਦੋਂਕਿ ਰਹਿਮਾਨ ਸੋਭਾਨ ਬਹੁਤ ਥੋੜ੍ਹੇ ਫ਼ਰਕ ਨਾਲ ਇਸ ਤੋਂ ਖੁੰਝ ਗਏ। ਇਨ੍ਹਾਂ ਤਿੰਨੇ ਭਾਰਤੀ ਵਿਦਿਆਰਥੀਆਂ ਨੇ ‘ਐਡਮ ਸਮਿਥ ਪੁਰਸਕਾਰ’ ਜਿੱਤਿਆ। ਇਨ੍ਹਾਂ ਸਾਰਿਆਂ ਨੇ ਆਪੋ-ਆਪਣੇ ਦੇਸ਼ਾਂ ਦੇ ਜਨਤਕ ਜੀਵਨ ਵਿੱਚ ਅਹਿਮ ਯੋਗਦਾਨ ਪਾਇਆ। ਇਨ੍ਹਾਂ ਛੇ ਜਣਿਆਂ ਵਿੱਚੋਂ ਮਨਮੋਹਨ ਸਿੰਘ ਦਾ ਪਿਛੋਕੜ ਸਭ ਤੋਂ ਵੱਧ ਸਾਧਾਰਨ ਸੀ ਜਦੋਂਕਿ ਬਾਕੀ ਸਾਰੇ ਜ਼ਿਮੀਂਦਾਰ ਜਾਂ ਪੇਸ਼ੇਵਰ ਵਰਗ ਦੇ ਅਮੀਰ ਘਰਾਣਿਆਂ ਦੇ ਸਨ। ਭਾਰਤ ਵਿਦੇਸ਼ੀ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਵਿੱਚ ਅਸਫ਼ਲ ਹੋਣ ਦੇ ਕੰਢੇ ’ਤੇ ਪਹੁੰਚ ਚੁੱਕਿਆ ਸੀ। ਇਸ ਤੋਂ ਪਹਿਲਾਂ ਵਾਲੀ ਸਰਕਾਰ ਨੂੰ ਵਿਦੇਸ਼ੀ ਮੁਦਰਾ ਜੁਟਾਉਣ ਲਈ ਆਪਣੇ ਸੋਨੇ ਦੇ ਭੰਡਾਰ ਦਾ ਕੁਝ ਹਿੱਸਾ ਗਹਿਣੇ ਰੱਖਣਾ ਪਿਆ ਸੀ। ਉਸ ਸਮੇਂ ਪੀ ਵੀ ਨਰਸਿਮਹਾ ਰਾਓ ਨੂੰ ਸਲਾਹ ਦਿੱਤੀ ਗਈ ਕਿ ਉਨ੍ਹਾਂ ਨੂੰ ਵਿੱਤ ਮੰਤਰੀ ਵਜੋਂ ਕਿਸੇ ਮਾਹਿਰ ਨੂੰ ਲਿਆਉਣਾ ਚਾਹੀਦਾ ਹੈ, ਜੋ ਅਰਥਚਾਰੇ ਨੂੰ ਚਲਾਉਣ ਦੀਆਂ ਪੇਚੀਦਗੀਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ ਅਤੇ ਜਿਸ ਦੀ ਕੌਮਾਂਤਰੀ ਵਿੱਤੀ ਬਾਜ਼ਾਰਾਂ ਵਿੱਚ ਵੀ ਪੂਰੀ ਸਾਖ ਹੋਵੇ। ਇਸ ਅਹੁਦੇ ਲਈ ਡਾ. ਮਨਮੋਹਨ ਸਿੰਘ ’ਤੇ ਗੁਣਾ ਆ ਪਿਆ। ਸਾਲ 1991 ਵਿੱਚ ਉਨ੍ਹਾਂ ਦੀ ਪਹਿਲੀ ਤਰਜੀਹ ਅਰਥਚਾਰੇ ਨੂੰ ਮੁੜ ਲੀਹ ’ਤੇ ਲਿਆਉਣਾ ਸੀ, ਜੋ ਉਨ੍ਹਾਂ ਨੇ ਬਹੁਤ ਜਲਦੀ ਕਰ ਵਿਖਾਇਆ। ਉਨ੍ਹਾਂ ਨੇ 1991 ਦੇ ਵਿੱਤੀ ਸੰਕਟ ਨੂੰ ਮੌਕੇ ਵਜੋਂ ਵਰਤਦਿਆਂ ਬੁਨਿਆਦੀ ਢਾਂਚਾਗਤ ਸੁਧਾਰ ਕਰਕੇ ਇਤਿਹਾਸ ਸਿਰਜਿਆ, ਜਿਵੇਂ ਕਿ ‘ਲਾਇਸੈਂਸ ਰਾਜ’ ਨੂੰ ਖ਼ਤਮ ਕਰਨਾ, ਜਿਸ ਨੇ ਲੰਮੇ ਸਮੇਂ ਤੋਂ ਦੇਸ਼ ਨੂੰ ਆਪਣੀ ਪੂਰੀ ਸਮਰੱਥਾ ਮੁਤਾਬਿਕ ਤਰੱਕੀ ਕਰਨ ਤੋਂ ਰੋਕੀ ਰੱਖਿਆ ਸੀ। ਮਨਮੋਹਨ ਸਿੰਘ ਮਾਰਗਰੇਟ ਥੈਚਰ ਅਤੇ ਰੋਨਾਲਡ ਰੀਗਨ



ਵਾਂਗ ਬਾਜ਼ਾਰ ਦੇ ਅੰਨ੍ਹੇ ਸਮਰਥਕ ਨਹੀਂ ਸਨ, ਪਰ ਇਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਬਾਜ਼ਾਰ ਦੀ ਬਹੁਤ ਵੱਡੀ ਭੂਮਿਕਾ ਹੈ ਅਤੇ ਅਸੀਂ ਮੁਕਾਬਲੇਬਾਜ਼ੀ ਤੇ ਕੁਸ਼ਲਤਾ ਦੀ ਕੀਮਤ ’ਤੇ ਇਸ ਨੂੰ ਦਬਾ ਕੇ ਰੱਖਿਆ ਹੋਇਆ ਸੀ।

ਅਜਿਹੇ ਦੂਰਗਾਮੀ ਅਤੇ ਸਖ਼ਤ ਕਦਮ ਦਾ ਵਿਰੋਧ ਹੋਣਾ ਲਾਜ਼ਮੀ ਸੀ। ਮਨਮੋਹਨ ਸਿੰਘ ਨੇ ਨਰਸਿਮ੍ਹਾ ਰਾਓ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਜੋ ਕੁਝ ਕਰਨਾ ਚਾਹੁੰਦੇ ਹਨ, ਉਸ ਨਾਲ ਪ੍ਰਧਾਨ ਮੰਤਰੀ ਲਈ ਸਿਆਸੀ ਮੁਸ਼ਕਿਲਾਂ ਖੜ੍ਹੀਆਂ ਹੋ ਸਕਦੀਆਂ ਹਨ। ਇਸ ’ਤੇ ਉਨ੍ਹਾਂ ਨੂੰ ਦ੍ਰਿੜ੍ਹਤਾ ਭਰਿਆ ਜਵਾਬ ਮਿਲਿਆ, ਤੁਸੀਂ ਜੋ ਕਰਨਾ ਹੈ, ਉਹ ਕਰੋ ਅਤੇ ਸਿਆਸਤ ਮੇਰੇ ’ਤੇ ਛੱਡ ਦਿਓ। ਨਰਸਿਮ੍ਹਾ ਰਾਓ ਨੇ ਅੱਗੇ ਕਿਹਾ, ਜੇ ਤੁਸੀਂ ਸਫਲ ਹੋਏ ਤਾਂ ਵਾਹ-ਵਾਹ ਸਭ ਦੀ ਹੋਵੇਗੀ। ਜੇ ਤੁਸੀਂ ਨਾਕਾਮ ਹੋਏ ਤਾਂ ਦੋਸ਼ ਤੁਹਾਡੇ ਸਿਰ ਆਵੇਗਾ। ਮਨਮੋਹਨ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਇਹ ਬੜਾ ਵਾਜਬ ਲਾਹੇਵੰਦਾ ਸੌਦਾ ਜਾਪਿਆ।

ਸਾਲ 1992 ਦੇ ਆਪਣੇ ਬਜਟ ਭਾਸ਼ਣ ਦੇ ਅਖ਼ੀਰ ਵਿੱਚ ਹੋਈ ਤਿੱਖੀ ਆਲੋਚਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਤੀ ਭਾਸ਼ਣ ਤੋਂ ਇਲਾਵਾ ਆਖਿਆ, ਮਾਣਯੋਗ ਸਪੀਕਰ ਸਾਹਿਬ, ਮੇਰੀ ਮਿਹਨਤ ਹੁਣ ਨੇਪਰੇ ਚੜ੍ਹ ਚੁੱਕੀ ਹੈ ਅਤੇ ਮਨ ਕਰ ਰਿਹਾ ਹੈ ਕਿ ਕੋਈ ਨਾਟਕ ਦੇਖਣ ਜਾਵਾਂ ਤੇ ਕਾਤਿਲਾਂ ਨੂੰ ਆਪਣੀ ਪੂਰੀ ਵਾਹ ਲਾ ਲੈਣ ਦਿਓ। ਮੈਨੂੰ ਉਸ ਵੇਲੇ ਹੈਰਾਨੀ ਹੋਈ ਸੀ ਕਿ ਕਿੰਨੇ ਕੁ ਸੰਸਦ ਮੈਂਬਰ ਅਬਰਾਹਮ ਲਿੰਕਨ ਦੀ ‘ਫੋਰਡ ਥੀਏਟਰ’ ਵਿੱਚ ਹੋਈ ਹੱਤਿਆ ਵੱਲ ਇਸ ਇਸ਼ਾਰੇ ਨੂੰ ਸਮਝੇ ਹੋਣਗੇ, ਪਰ ਇਸ ਮਗਰੋਂ ਉਨ੍ਹਾਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਬਿਸਮਿਲ ਅਜ਼ੀਮਾਬਾਦੀ ਦੀਆਂ ਬਹੁਤ ਮਸ਼ਹੂਰ ਸਤਰਾਂ ਪੜ੍ਹੀਆਂ: ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ।

ਇਹ ਬੋਲ ਸਾਰਿਆਂ ਲਈ ਜਾਣੇ-ਪਛਾਣੇ ਸਨ, ਜਿਸ ਕਾਰਨ ਪੂਰੇ ਸਦਨ ਵਿੱਚ ਤਾੜੀਆਂ ਦੀ ਆਵਾਜ਼ ਗੂੰਜ ਉੱਠੀ। ਇਹ ਤਾੜੀਆਂ ਸਿਰਫ਼ ਸੱਤਾਧਾਰੀ ਪੱਖ ਵੱਲੋਂ ਨਹੀਂ ਸਨ ਵੱਜੀਆਂ ਸਗੋਂ ਮੈਂ ਦੇਖਿਆ ਕਿ ਅਟਲ ਬਿਹਾਰੀ ਵਾਜਪਾਈ ਖ਼ੁਦ ਚੱਲ ਕੇ ਉਨ੍ਹਾਂ ਕੋਲ ਗਏ ਅਤੇ ਮਜ਼ਾਕ ਕਰਦਿਆਂ ਬੋਲੇ, ਅਰੇ, ਆਪ ਕਿਆ ਹਮੇਂ ਕਾਤਿਲ ਸਮਝ ਰਹੇ ਹੈਂ ?

ਮਨਮੋਹਨ ਸਿੰਘ ਆਰਥਿਕ ਵਿਕਾਸ ਦਾ ਉੱਚਾ ਟੀਚਾ ਮਿਥਣਾ ਅਤੇ ਨਾਲ ਹੀ ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਇਹ ਵਿਕਾਸ ‘ਸਮਾਵੇਸ਼ੀ’ ਹੋਵੇ, ਭਾਵ ਇਸ ਨਾਲ ਸਮਾਜ ਦੇ ਹਰ ਵਰਗ ਦੀ, ਖ਼ਾਸਕਰ ਪੇਂਡੂ ਖੇਤਰਾਂ ਵਿੱਚ ਆਮਦਨ ’ਚ ਵਾਧਾ ਹੋਵੇ। ਸਭ ਮੁਸ਼ਕਿਲਾਂ ਦੇ ਬਾਵਜੂਦ ਯੂ ਪੀ ਏ-2 ਦੌਰਾਨ ਅਸਲ ਆਰਥਿਕ ਵਿਕਾਸ ਦਰ ਔਸਤ 6.7 ਫ਼ੀਸਦੀ ਰਹੀ। ਜੇਕਰ ਯੂ ਪੀ ਏ-1 ਅਤੇ ਯੂ ਪੀ ਏ-2 ਨੂੰ ਇਕੱਠਾ ਕਰਕੇ ਦੇਖਿਆ ਜਾਵੇ ਤਾਂ ਦਸ ਸਾਲਾਂ ਦੀ ਔਸਤ ਵਿਕਾਸ ਦਰ 7.5 ਫ਼ੀਸਦੀ ਬਣਦੀ ਹੈ। ਇਹ ਪਿਛਲੇ ਕਿਸੇ ਵੀ ਦਸ ਸਾਲਾਂ ਦੇ ਔਸਤਨ ਅੰਕੜੇ ਨਾਲੋਂ ਕਾਫ਼ੀ ਜ਼ਿਆਦਾ ਸੀ।

ਯੂ ਪੀ ਏ ਸਰਕਾਰ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਸਾਲ 2008 ਦਾ ‘ਭਾਰਤ-ਅਮਰੀਕਾ ਪ੍ਰਮਾਣੂ ਸਮਝੌਤਾ’ ਸੀ, ਜਿਸ ਦਾ ਉਸ ਨੂੰ ਬਣਦਾ ਸਿਹਰਾ ਨਹੀਂ ਮਿਲਿਆ। ਸਾਲ 2005 ਤੱਕ ਅਮਰੀਕਾ ਨੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਸਨ ਕਿ ਉਹ ਭਾਰਤ ਵੱਲੋਂ ਐੱਨ ਪੀ ਟੀ ’ਤੇ ਦਸਤਖ਼ਤ ਕੀਤੇ ਬਿਨਾਂ ਹੀ ਸਿਵਿਲ ਪ੍ਰਮਾਣੂ ਸਹਿਯੋਗ ਦੇ ਰਾਹ ਤਲਾਸ਼ਣ ਲਈ ਉਤਸੁਕ ਹੈ। ਇਸ ਸਮਝੌਤੇ ਦਾ ਕਈ ਪਾਸਿਆਂ ਤੋਂ ਵਿਰੋਧ ਹੋਇਆ। ਭਾਜਪਾ ਨੇ ਇਸ ਦਾ ਵਿਰੋਧ ਕੀਤਾ, ਭਾਵੇਂ ਕਿ ਇਹ ਕਦਮ 1998 ਦੇ ਪ੍ਰਮਾਣੂ ਤਜਰਬਿਆਂ ਤੋਂ ਬਾਅਦ ਭਾਰਤ-ਅਮਰੀਕਾ ਸੰਬੰਧਾਂ ਨੂੰ ਮੁੜ ਲੀਹ ’ਤੇ ਲਿਆਉਣ ਲਈ ਅਟਲ ਬਿਹਾਰੀ ਵਾਜਪਾਈ ਦੀਆਂ ਕੋਸ਼ਿਸ਼ਾਂ ਦਾ ਹੀ ਇੱਕ ਤਰਕਪੂਰਨ ਵਿਸਥਾਰ ਸੀ। ਖੱਬੇ-ਪੱਖੀ ਧਿਰਾਂ ਨੇ ਅਮਰੀਕਾ ਪ੍ਰਤੀ ਆਪਣੇ ਪੁਰਾਣੇ ਅਵਿਸ਼ਵਾਸ ਕਾਰਨ ਇਸ ਦਾ ਵਿਰੋਧ ਕੀਤਾ। ਪਰਮਾਣੂ ਊਰਜਾ ਵਿਭਾਗ ਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਸਰਕਾਰ ’ਤੇ ਅਮਰੀਕੀ ਰਿਐਕਟਰ ਖਰੀਦਣ ਦਾ ਦਬਾਅ ਪੈ ਸਕਦਾ ਹੈ। ਕਾਂਗਰਸ ਪਾਰਟੀ ਦੇ ਕੁਝ ਹਿੱਸੇ ਵੀ ਇਸ ਤੋਂ ਅਸਹਿਜ ਸਨ, ਜਿਸ ਦਾ ਕਾਰਨ ਅਮਰੀਕਾ ਪ੍ਰਤੀ ਰਵਾਇਤੀ ਸ਼ੱਕ ਤਾਂ ਸੀ ਹੀ, ਨਾਲ ਹੀ ਇਹ ਡਰ ਵੀ ਸੀ ਕਿ ਖੱਬੇ-ਪੱਖੀਆਂ ਵੱਲੋਂ ਸਮਰਥਨ ਵਾਪਸ ਲੈਣ ਨਾਲ ਸਰਕਾਰ ’ਤੇ ਸੰਕਟ ਆ ਸਕਦਾ ਹੈ। ਸੋਨੀਆ ਗਾਂਧੀ ਦਾ ਫ਼ਿਕਰਮੰਦ ਹੋਣਾ ਸੁਭਾਵਿਕ ਸੀ ਅਤੇ ਉਨ੍ਹਾਂ ਨੇ ਇਹ ਮੁੱਦਾ ਮਨਮੋਹਨ ਸਿੰਘ ਅੱਗੇ ਉਠਾਇਆ ਵੀ ਸੀ।

ਉਨ੍ਹਾਂ ਨੇ ਸੋਨੀਆ ਗਾਂਧੀ ਨੂੰ ਸਮਝਾਇਆ ਕਿ ਇਹ ਸਮਝੌਤਾ ਪੂਰੀ ਤਰ੍ਹਾਂ ਦੇਸ਼ ਦੇ ਹਿੱਤ ਵਿੱਚ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਜੇ ਉਨ੍ਹਾਂ ਨੂੰ ਇਸ ਸਮਝੌਤੇ ਨੂੰ ਅੱਗੇ ਵਧਾਉਣ ਤੋਂ ਰੋਕਿਆ ਗਿਆ ਤਾਂ ਉਹ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਸੋਨੀਆ ਗਾਂਧੀ ਦੀ ਇਸ ਗੱਲੋਂ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨੇ ਮਨਮੋਹਨ ਸਿੰਘ ਨੂੰ ਅੱਗੇ ਵਧਣ ਦੀ ਇਜਾਜ਼ਤ ਦਿੱਤੀ ਅਤੇ ਪੂਰਾ ਸਮਰਥਨ ਯਕੀਨੀ ਬਣਾਇਆ।

ਪ੍ਰਧਾਨ ਮੰਤਰੀ ਵਜੋਂ ਆਪਣੀਆਂ ਆਖ਼ਰੀ ਪ੍ਰੈੱਸ ਕਾਨਫਰੰਸਾਂ ਵਿੱਚੋਂ ਇੱਕ ਵਿੱਚ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਇਤਿਹਾਸ ਸਮੇਂ ਦੀ ਪ੍ਰੈੱਸ ਨਾਲੋਂ ਉਨ੍ਹਾਂ ਪ੍ਰਤੀ ਵਧੇਰੇ ਦਿਆਲੂ ਹੋਵੇਗਾ। ਇਹ ਗੱਲ ਪਹਿਲਾਂ ਹੀ ਸੱਚ ਸਾਬਿਤ ਹੋ ਚੁੱਕੀ ਹੈ। ਦੇਸ਼ ਦੇ ਵਿਕਾਸ ਵਿੱਚ ਉਨ੍ਹਾਂ ਦੇ ਇਤਿਹਾਸਕ ਯੋਗਦਾਨ (ਖ਼ਾਸ ਕਰਕੇ ‘ਲਾਇਸੈਂਸ ਰਾਜ’ ਨੂੰ ਖ਼ਤਮ ਕਰਨ, ਜਿਸ ਨੇ ਲੰਮੇ ਸਮੇਂ ਤੱਕ ਦੇਸ਼ ਦੀ ਅਰਥਵਿਵਸਥਾ ਨੂੰ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਤੋਂ ਰੋਕਿਆ ਸੀ) ਲਈ ਉਨ੍ਹਾਂ ਨੂੰ ਅੱਜ ਵੀ ਬਹੁਤ ਸਨੇਹ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

*** ਯੋਜਨਾ ਕਮਿਸ਼ਨ ਦੇ ਸਾਬਕਾ ਉਪ ਚੇਅਰਮੈਨ**

# ਕੇਂਦਰ ਸਰਕਾਰ, ਵਿਰੋਧੀ ਧਿਰ ਬਨਾਮ ਲੋਕਤੰਤਰ

**ਰਾਹੁਲ ਵਰਮਾ**

ਹਾਲ ਹੀ ’ਚ ਵਿਰੋਧੀ ਧਿਰ ਦੀ ਸਿਆਸਤ ਦੀਆਂ ਨਵੀਆਂ ਤਲਖ਼ੀਆਂ ਦੇਖਣ ਨੂੰ ਮਿਲੀਆਂ ਹਨ। ਉਸ ਦੀਆਂ ਤਲਖ਼ੀਆਂ ਦੀ ਤਪਸ਼ ਮੁੱਖ ਰੂਪ ਵਿੱਚ ਚੋਣ ਕਮਿਸ਼ਨ ਤੇ ਉਸ ਵੱਲੋਂ ਕਰਵਾਈ ਜਾ ਹੀ ਵੋਟਰ ਸੂਚੀਆਂ ਦੀ ਮੁੜ ਸੁਧਾਈ ਯਾਨੀ ਕਿ ਐੱਸ.ਆਈ.ਆਰ. ਦੀ ਪ੍ਰਕਿਰਿਆ ਨੂੰ ਝੱਲਣਾ ਪੈ ਰਿਹਾ ਹੈ। ਬੀਤੇ ਦਿਨੀਂ ਮੁੱਖ ਚੋਣ ਕਮਿਸ਼ਨਰ ਅਤੇ ਦੋਵਾਂ ਕਮਿਸ਼ਨਰਾਂ ਵਿਚਾਰੇ ਇਕ ਅੰਗ੍ਰੇਜ਼ੀ ਰੋਜ਼ਾਨਾ ’ਚ ਛਪੀ ਖ਼ਬਰ ਦੇ ਬਾਅਦ ਚੋਣ ਕਮਿਸ਼ਨ ਨੂੰ ਲੈ ਕੇ ਵਿਰੋਧੀ ਤੇ ਮੁੱਖ ਰੂਪ ’ਚ ਕਾਂਗਰਸ ਨਵੇਂ ਸਿਰੇ ਤੋਂ ਹਮਲਾਵਰ ਹੋਈ ਹੈ। ਇਸੇ ਸਿਲਸਿਲੇ ਵਿੱਚ ਕਾਂਗਰਸ ਨੇ ਪਿਛਲੇ ਦਿਨੀਂ ਆਈ.ਐੱਨ.ਡੀ.ਆਈ.ਏ. ਦੀ ਬੈਠਕ ਸੱਦੀ ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਖ਼ਿਲਾਫ਼ ਮੁਹਿੰਮ ਚਲਾਉਣ ਦਾ ਵੀ ਐਲਾਨ ਕੀਤਾ। ਇਸ ਘਟਨਾਕ੍ਰਮ ਨੂੰ ਦੇਖਦਿਆਂ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਚੋਣ ਕਮਿਸ਼ਨ ਤੇ ਐੱਸ.ਆਈ.ਆਰ. ਦਾ ਮੁੱਦਾ ਕੀ ਵਿਰੋਧੀ ਦਲਾਂ ਦੇ ਲਈ ਸੰਜੀਵਨੀ ਸਾਬਤ ਹੋ ਸਕਦਾ ਹੈ ਅਤੇ ਉਨ੍ਹਾਂ ਵਿੱਚ ਇਸ ਮੁੱਦੇਸ ਦੇ ਕਾਰਨ ਏਕਤਾ ਦਾ ਭਾਵ ਵਧੇਗੀ ?

ਜਿੱਥੋਂ ਤੱਕ ਐੱਸ.ਆਈ.ਆਰ. ਦੀ ਗੱਲ ਹੈ ਤਾਂ ਬੇਸ਼ੱਕ ਹੀ ਇਸ ਨੂੰ ਲੈ ਕੇ ਕੁਝ ਵਿਵਾਦ ਖੜ੍ਹੇ ਹੋਏ ਹਨ, ਪਰ ਇਹ ਇਕ ਬੇਹੱਦ ਜ਼ਰੂਰੀ ਪ੍ਰਕਿਰਿਆ ਹੈ। ਜੇਕਰ ਚੋਣ ਕਮਿਸ਼ਨ ਨੂੰ ਇਹ ਮੂਲ ਰੂਪ ਵਿੱਚ ਕਰਤੱਵ ਮਿਲਿਆ ਹੈ ਕਿ ਉਹ ਦੇਸ਼ ਵਿੱਚ ਆਜ਼ਾਦ ਅਤੇ ਨਿਰਪੱਖ ਚੋਣ ਕਰਵਾਏ ਤਾਂ ਇਸ ਸੰਵਿਧਾਨਿਕ ਸੰਸਥਾ ਦੀ ਇਹ ਭੂਮਿਕਾ ਵੀ ਓਨੀ ਹੀ ਮਹੱਤਵਪੂਰਨ ਹੈ ਕਿ ਚੋਣ ਪ੍ਰਕਿਰਿਆ ਵਿੱਚ ਜਾਇਜ਼ ਵੋਟਰ ਹੀ ਸ਼ਾਮਿਲ ਹੋਣ। ਜਾਇਜ਼ ਜਾਂ ਫਿਰ ਸਹੀ ਵੋਟਰਾਂ ਦੇ ਬਗ਼ੈਰ ਆਜ਼ਾਦ ਤੇ ਨਿਰਪੱਖ ਚੋਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਉਦੇਸ਼ ਦੀ ਪੂਰਤੀ ਲਈ ਐੱਸਆਈਆਰ ਵਰਗੀਆਂ ਪ੍ਰਕਿਰਿਆਵਾਂ ਹੋਰ ਵੀ ਮਹੱਤਵਪੂਰਨ ਹੋ ਜਾਂਦੀਆਂ ਹਨ। ਭਾਰਤ ਵਰਗੇ ਵੱਡੇ ਅਤੇ ਵਿਭਿੰਨਤਾ ਨਾਲ ਭਰੇ ਹੋਏ ਲੋਕਤੰਤਰ ਵਿੱਚ ਵੋਟਰ ਸੂਚੀਆਂ ਵਿੱਚ ਗੜਬੜੀਆਂ ਆਮ ਗੱਲ ਹੈ। ਅਜਿਹਾ ਇਸ ਲਈ ਹੈ ਕਿਉਂਕਿ ਕੁਝ ਵੋਟਰਾਂ ਦੀ ਮੌਤ ਤੋਂ ਬਾਅਦ ਜਾਂ ਸਥਾਨ ਬਦਲਣ ਤੇ ਜਾਂ ਫਿਰ ਇਕ ਤੋਂ ਵੱਧ ਥਾਵਾਂ ’ਤੇ ਵੋਟਰ ਦੇ ਰੂਪ ਵਿਚ ਮੌਜੂਦਗੀ ਨਾਲ ਗੜਬੜੀਆਂ ਵਧਦੀਆਂ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ’ਤੇ ਦੂਰ ਕੀਤਾ ਜਾਣਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਇਹ ਸ਼ੁੱਧੀਕਰਨ ਵੀ ਕੋਈ ਸੌਖਾ ਕੰਮ ਨਹੀਂ ਹੈ। ਕਿਉਂਕਿ ਇਹ ਪ੍ਰਕਿਰਿਆ ਇੰਨੇ ਵੱਡੇ ਪੈਮਾਨੇ ’ਤੇ ਹੋ ਰਹੀ ਹੈ, ਇਸ ਲਈ ਉਸ ਵਿੱਚ ਕਮੀਆਂ ਦਾ ਰਹਿ ਜਾਣਾ ਵੀ ਬਹੁਤ ਹੀ ਆਮ ਗੱਲ ਹੈ। ਚੋਣ ਕਮਿਸ਼ਨ ਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਇਸ ਪ੍ਰਕਿਰਿਆ ਵਿੱਚ ਸਾਹਮਣੇ ਆਉਣ ਵਾਲੀਆਂ ਗੜਬੜੀਆਂ ਨੂੰ ਤੁਰੰਤ ਪ੍ਰਭਾਵ ਨਾਲ ਸੁਧਾਰਿਆ ਜਾਵੇ, ਤਾਂ ਕਿ ਉਸ ’ਤੇ ਕਿਸੇ ਵੀ ਤਰੀਕੇ ਦੀਆਂ ਉਂਗਲਾਂ ਨਾ ਉੱਠ ਸਕਣ।

ਐੱਸ.ਆਈ.ਆਰ. ਦੀ ਪ੍ਰਕਿਰਿਆ ਵਿੱਚ ਕਮੀਆਂ ਦਾ ਮੁੱਦਾ ਉਠਾ ਕੇ ਹੀ ਵਿਰੋਧੀ ਧਿਰ ਇਸ ਨੂੰ ਲੈ ਕੇ ਆਪਣਾ ਨੈਰੇਟਿਵ ਬਣਾਉਣ ਵਿੱਚ ਲੱਗੀ ਹੋਈ ਹੈ। ਐੱਸ.ਆਈ.ਆਰ. ਦੀ ਪ੍ਰਕਿਰਿਆ ਬਿਹਾਰ ਵਿਧਾਨ ਸਭਾ ਚੋਣਾਂ ਦੇ ਨਾਲ ਸ਼ੁਰੂ ਹੋਈ, ਪਰ ਵਿਰੋਧੀ ਧਿਰ ਖ਼ਾਸਕਰ ਕਾਂਗਰਸ ਮਹਾਂਰਾਸ਼ਟਰ ਵਿਧਾਨ ਸਭਾ ਚੋਣ ਨਤੀਜਿਆਂ ਦੇ ਬਾਅਦ ਹੀ ਵੋਟ ਚੋਰੀ ਦਾ ਮੁੱਦਾ ਬਣਾਉਣ ਵਿਚ ਲੱਗੀ ਹੋਈ ਹੈ। ਉਸ ਦੇ ਬਾਅਦ ਕਈ ਥਾਵਾਂ ’ਤੋਂ ਚੋਣਾਂ ਵੀ ਹੋ ਚੁੱਕੀਆਂ ਹਨ ਪਰ ਲੱਗਦਾ ਹੈ ਕਿ ਇਸ ਮੁੱਦੇ ਦਾ ਕੋਈ ਖ਼ਾਸ ਅਸਰ ਨਹੀਂ ਹੋਇਆ ਹੈ। ਹੁਣ ਤਾਂ ਰਾਹੁਲ ਗਾਂਧੀ 2024 ਦੀ ਲੋਕ ਸਭਾ ਚੋਣ ਨੂੰ ਵੀ ਵੋਟ ਚੋਰੀ ਦੇ ਨਾਲ ਜੋੜ ਰਹੇ ਹਨ ਪਰ ਇਹ ਵੀ ਇੱਕ ਵੱਡਾ ਸਵਾਲ ਹੈ ਕਿ ਕੀ ਉਨ੍ਹਾਂ ਦਾ ਨੈਰੇਟਿਵ ਜਨਤਾ ਵਿਚਾਲੇ ਕੋਈ ਅਸਰ ਛੱਡ ਸਕੇਗਾ। ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਇਸ ਨਾਲ ਇੱਕ ਸੰਸਥਾ ਦੇ ਰੂਪ ਵਿੱਚ ਚੋਣ ਕਮਿਸ਼ਨ ਕਮਜ਼ੋਰ ਦਿਖੇਗਾ ਤੇ ਮੁੱਖ ਚੋਣ ਕਮਿਸ਼ਨਰ ਦੇ ਕੱਦ ’ਤੇ ਵੀ ਇਸ ਦਾ ਅਸਰ ਪਵੇਗਾ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਿਛਲੇ ਲੋਕ ਸਭਾ ਚੋਣਾਂ ਵਿੱਚ ਮੁੱਖ ਵਿਰੋਧੀ ਦਲ ਕਾਂਗਰਸ ਨੂੰ ਉਮੀਦ ਤੋਂ ਕਿਤੇ ਜ਼ਿਆਦਾ ਸਫਲਤਾ ਮਿਲੀ। ਪਾਰਟੀ ਤਿੰਨ ਅੰਕਾਂ ਨਾਲ ਠੀਕ ਪਹਿਲਾਂ ਹਿੱਲ ਗਈ ਪਰ ਲਗਾਤਾਰ ਦੋ ਲੋਕ ਸਭਾ ਚੋਣਾਂ ਵਿੱਚ ਮਿਲੀ ਜ਼ਿੱਲਤ ਮਗਰੋਂ ਇਹ ਜਿੱਤ ਕੁਝ ਸਨਮਾਨਜਨਕ ਜ਼ਰੂਰ ਰਹੀ। ਸੱਤਾ ਵਿੱਚ ਆਈ ਭਾਜਪਾ ਪਹਿਲਾਂ ਵਾਂਗ ਓਨੀ ਤਾਕਤਵਰ ਨਹੀਂ ਰਹੀ। ਉਂਝ ਵੀ ਜਦੋਂ ਕੋਈ ਸਰਕਾਰ ਲਗਾਤਾਰ ਤੀਜੇ ਕਾਰਜਕਾਲ ਵਿੱਚ ਆ ਜਾਵੇ ਤਾਂ ਉਸ ਦੇ ਨਾਲ ਕੁਝ ਮੁਸ਼ਕਿਲਾਂ ਜ਼ਰੂਰ ਸ਼ੁਰੂ ਹੋ ਜਾਂਦੀਆਂ ਹਨ। ਮੌਜੂਦਾ ਘਰੇਲੂ ਤੇ ਆਲਮੀ ਚੁਣੌਤੀਆਂ ਨੇ ਵੀ ਸਰਕਾਰ ਦੀ ਰਾਹ ਨੂੰ ਕਾਫ਼ੀ ਹੱਦ ਤੱਕ ਔਖਾ ਕੀਤਾ ਹੈ। ਖ਼ਾਸ ਕਰ ਆਰਥਿਕ ਮੋਰਚੇ ’ਤੇ ਆ ਰਹੀਆਂ ਮੁਸ਼ਕਲਾਂ ਸਰਕਾਰ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਸਕਦੀ ਹੈ, ਕਿਉਂਕਿ ਜਦੋਂ ਲੋਕਾਂ ਨੂੰ ਰੁਜ਼ਗਾਰ ਦੀ ਘਾਟ ਤੋਂ ਲੈ ਕੇ ਮਹਿੰਗਾਈ ਦੀ ਮਾਰ ਝੱਲਣੀ ਪਵੇਗੀ ਤਾਂ ਉਸ ਦਾ ਅਸਰ ਸਰਕਾਰ ਦੀ ਹਰਮਨਪਿਆਰਤਾ ’ਤੇ ਵੀ ਪਵੇਗਾ। ਪੇਪਰ ਲੀਕ ਵਰਗੇ ਮੁੱਦਿਆਂ ਨੇ ਵੀ ਸਰਕਾਰ ਦੀਆਂ ਮੁਸ਼ਕਲਾਂ ਵਧਾਈਆਂ ਹਨ ਅਤੇ ਇਸ ਦੇ ਕਾਰਨ ਹੀ ਸੀਜੇਪੀ ਦੇ ਪ੍ਰਦਰਸ਼ਨ ਦਾ ਨਤੀਜਾ ਸਿੱਖਿਆ ਮੰਤਰੀ ਦੇ ਅਸਤੀਫੇ ਦੇ ਰੂਪ ਵਿਚ ਸਾਹਮਣੇ ਆਇਆ। ਇਸ ਤੋਂ ਪਹਿਲਾਂ ਮੋਦੀ ਸਰਕਾਰ ਵਿੱਚ ਮੰਤਰੀਆਂ ਦੇ ਇਸ ਤਰੀਕੇ ਨਾਲ ਅਸਤੀਫ਼ੇ ਨਹੀਂ ਹੋਏ। ਇਹ ਇਸ ਦਾ ਸੰਕੇਤ ਹੈ ਕਿ ਸਰਕਾਰ ਕਿਤੇ ਨਾ ਕਿਤੇ ਖ਼ੁਦ ਦੀ ਰਾਖੀ ਕਰਨ ਵਾਲੇ ਪਾਸੇ ਜ਼ਰੂਰ ਜਾ ਰਹੀ ਹੈ।

ਵਿਰੋਧੀ ਧਿਰ ਦੀ ਤਾਕਤ ਕੁਝ ਵਧੀ ਹੈ ਤੇ ਕੁਝ ਮੋਰਚਿਆਂ ’ਤੇ ਉਹ ਕਮਜ਼ੋਰ ਵੀ ਹੋਈ ਹੈ। ਇਕ ਸਮਾਂ ਵਿਰੋਧੀ ਦਲਾਂ ਵਿੱਚ ਬੇਹੱਦ ਬੇਬਾਕ ਮੰਨੀ ਜਾਣ ਵਾਲੀ ਅਤੇ ਵਿਰੋਧੀ ਅਗਵਾਈ ਲਈ ਆਪਣਾ ਹਰ ਵਾਰ ਦਾਅਵਾ ਪੇਸ਼ ਕਰਨ ਵਾਲੀ ਕਾਂਗਰਸ ਨਾ ਸਿਰਫ਼ ਬੰਗਾਲ ਦੀ ਸੱਤਾ ਤੋਂ ਬਾਹਰ ਹੋ ਗਈ, ਸਗੋਂ ਉਸ ਦੇ ਕਈ ਸੰਸਦ ਮੈਂਬਰ ਵੀ ਉਸ ਤੋਂ ਪਿੱਛੇ ਹਟ ਗਏ। ਪਾਰਟੀ ਆਪਣੀ ਸਾਖ਼ ਬਚਾਉਣ ਦੀ ਚੁਣੌਤੀ ਨਾਲ ਲੜ ਰਹੀ ਹੈ। ਇਸੇ ਤਰ੍ਹਾਂ ਦੱਖਣ ਵਿੱਚ ਕਾਂਗਰਸ ਦੀ ਲੰਬੇ ਸਮੇਂ ਤੋਂ ਢਾਲ ਬਣੀ ਰਹੀ ਦ੍ਰਮੁਕ ਵੀ ਸੁਸਤ ਪੈ ਗਈ ਹੈ। ਪਰਿਸੀਮਨ ਦੇ ਮੁੱਦੇ ’ਤੇ ਬੇਹੱਦ ਹਮਲਾਵਰ ਰਹਿਣ ਵਾਲੀ ਦ੍ਰਮੁਕ ਨਾ ਸਿਰਫ਼ ਖ਼ੁਦ ਨੂੰ ਰਾਜਨੀਤਕ ਰੂਪ ਤੋਂ ਹਾਸ਼ੀਏ ’ਤੇ ਮਹਿਸੂਸ ਕਰ ਰਹੀ ਹੈ, ਸਗੋਂ ਕਾਂਗਰਸ ਦੇ ਨਾਲ ਉਸ ਦਾ ਤਾਲਮੇਲ ਵੀ ਟੁੱਟ ਚੁੱਕਾ ਹੈ। ਕੇਰਲਮ ਦੀ ਸੱਤਾ ਤੋਂ ਬਾਹਰ ਹੋਣ ਦੇ ਬਾਅਦ ਹੁਣ ਖੱਬੇ ਪੱਖੀ ਪੂਰੀ ਤਰ੍ਹਾਂ ਨਾਲ ਸੱਤਾਹੀਣ ਹੋ ਚੁੱਕੇ ਹਨ। ਇਹ ਸਹੀ ਹੈ ਕਿ ਖੱਬੇਪੱਖੀ ਕਦੇ ਇੱਕ ਵੱਡੀ ਰਾਜਨੀਤਕ ਸ਼ਕਤੀ ਨਹੀਂ ਰਹੇ ਪਰ ਸਮੇਂ-ਸਮੇਂ ’ਤੇ ਅੰਦੋਲਨਾਂ ਨੂੰ ਗਤੀ ਦੇਣ ਤੇ ਵਿਚਾਰ-ਚਰਚਾ ਨੂੰ ਆਕਾਰ ਦੇਣ ਵਿੱਚ ਉਨ੍ਹਾਂ ਦੀ ਹਮੇਸ਼ਾ ਇਕ ਅਹਿਮ ਭੂਮਿਕਾ ਰਹੀ, ਜੋ ਹੁਣ ਕਮਜ਼ੋਰ ਹੁੰਦੀ ਦਿਖ ਰਹੀ ਹੈ। ਆਮ ਆਦਮੀ ਪਾਰਟੀ ਨੂੰ ਲੈ ਕੇ ਯਕੀਨੀ ਤੌਰ ’ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਆਈ.ਐੱਨ.ਡੀ.ਆਈ.ਏ. ਦਾ ਹਿੱਸਾ ਹੈ ਵੀ ਜਾਂ ਨਹੀਂ। ਉਂਝ ਵੀ ਪੰਜਾਬ ਚੋਣਾਂ ਦੇ ਨਾਲ ਕਾਂਗਰਸ ਦੇ ਨਾਲ ਉਸਦੀਆਂ ਤਲਖ਼ੀਆਂ ਵਧਣੀਆਂ ਤੈਅ ਹਨ। ਸੂਬਾ ਪੱਧਰ ਦੇ ਨੇਤਾਵਾਂ ਵਿਚਾਲੇ ਟਕਰਾਅ ਨਾਲ ਇਸ ਦੇ ਵਧਣ ਦੇ ਸੰਕੇਤ ਵੀ ਮਿਲਣੇ ਸ਼ੁਰੂ ਹੋ ਗਏ ਹਨ।

ਕੁਲਮਿਲਾਕ ਕੇ ਭਾਰਤੀ ਰਾਜਨੀਤਕ ਪਰਿਪੇਖ ਇਸ ਸਮੇਂ ਇਕ ਨਾਜ਼ੁਕ ਸਥਿਤੀ ਵਿਚ ਹੈ। ਇਹ ਹੋਰ ਨਾਜ਼ੁਕ ਹਾਲਾਤਾਂ ਵੱਲ ਮੋੜ ਨਾਲ ਕੱਟੇ, ਇਸ ਤੋਂ ਬਚਾਅ ਕਰਨ ਲਈ ਇਹ ਜ਼ਰੂਰੀ ਹੈ ਕਿ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੇ ਓਹਲੇ ’ਚ ਕਿਸੇ ਵੀ ਤਰ੍ਹਾਂ ਦੀ ਸਿਆਸਤ ਨਾ ਆਪਣਾ ਰੂਪ ਤਿਆਰ ਕਰੇ। ਹਾਲਾਂਕਿ ਕਮਿਸ਼ਨ ਦਾ ਇਹ ਕਰਤੱਵ ਵੀ ਹੈ ਕਿ ਉਹ ਕਿਸੇ ਵੀ ਸਿਆਸੀ ਧਿਰ ਨੂੰ ਅਜਿਹਾ ਮੌਕਾ ਨਾ ਦੇਵੇ। ਜੇਕਰ ਉਸ ਦੇ ਨਾਂ ’ਤੇ ਕੋਈ ਸਿਆਸੀ ਤਲਖ਼ੀ ਜਾਰੀ ਰਹਿੰਦੀ ਹੈ ਤਾਂ ਫਿਰ ਇਹ ਦੇਸ਼ ਦੇ ਲੋਕਤੰਤਰ ਲਈ ਕੋਈ ਸ਼ੁੱਭ ਸੰਕੇਤ ਵੀ ਨਹੀਂ ਹੈ।

# ਚੋਣ ਕਮਿਸ਼ਨ ਘਟਨਾਕ੍ਰਮ ਲੋਕਤੰਤਰ ਲਈ ਗੰਭੀਰ ਚਿੰਤਾ ਦਾ ਵਿਸ਼ਾ

ਲੋਕਮਿੱਤਰ ਗੌਤਮ

ਲੋਕਤੰਤਰ ਵਿੱਚ ਸਰਕਾਰਾਂ ਨਾਲ ਅਸਹਿਮਤੀ ਕੋਈ ਖ਼ਾਸ ਗੱਲ ਨਹੀਂ ਹੈ, ਵਿਰੋਧੀ ਧਿਰ ਨਾਲ ਟਕਰਾਅ ਅਤੇ ਸੰਸਦ ਵਿੱਚ ਤਿੱਖੀ ਬਹਿਸ ਵੀ ਨਵੀਂ ਨਹੀਂ ਹੈ। ਸੱਚਾਈ ਤਾਂ ਇਹੀ ਹੈ ਕਿ ਬਹਿਸ ਲੋਕਤੰਤਰ ਦੀ ਆਤਮਾ ਹੁੰਦੀ ਹੈ। ਪਰ ਜਦੋਂ ਦੇਸ਼ ਵਿੱਚ ਨਿਰਪੱਖ ਚੋਣਾਂ ਕਰਵਾਉਣ ਵਾਲੀ ਸਰਵਉੱਚ ਸੰਵਿਧਾਨਕ ਸੰਸਥਾ ਦੇ ਅੰਦਰੋਂ ਹੀ ਉਸ ਦੇ ਕੰਮਕਾਜ ਅਤੇ ਫ਼ੈਸਲਿਆਂ ’ਤੇ ਗੰਭੀਰ ਅਸਹਿਮਤੀਆਂ ਸਾਹਮਣੇ ਆ ਜਾਣ, ਤਾਂ ਇਸ ਨੂੰ ‘ਆਮ ਵਿਵਾਦ’ ਕਹਿ ਕੇ ਨਜ਼ਰਅੰਦਾਜ਼ ਕਰਨਾ ਆਸਾਨ ਨਹੀਂ ਹੁੰਦਾ। ਦੋ ਚੋਣ ਕਮਿਸ਼ਨਰਾਂ ਦੁਆਰਾ ਵੱਖ-ਵੱਖ ਮੌਕਿਆਂ ’ਤੇ ਦਰਜ ਕੀਤੇ ਗਏ 14 ਇਤਰਾਜ਼ਾਂ ਤੇ ਅਸਹਿਮਤੀਆਂ ਦਾ ਖ਼ੁਲਾਸਾ ਹੋਣਾ ਮਹਿਜ਼ ਚੋਣ ਕਮਿਸ਼ਨ ਦਾ ਅੰਦਰੂਨੀ ਪ੍ਰਸ਼ਾਸਕੀ ਮਸਲਾ ਨਹੀਂ ਹੈ, ਕਿਉਂਕਿ ਭਾਰਤ ਦੀ ਸਮੁੱਚੀ ਚੋਣ ਵਿਵਸਥਾ ਹੀ ਨਹੀਂ, ਸਗੋਂ ਲੋਕਤੰਤਰ ਦਾ ਭਵਿੱਖ ਵੀ ਇਸ ’ਤੇ ਟਿਕਿਆ ਹੋਇਆ ਹੈ। ਜਿਸ ਸੰਸਥਾ ਦੇ ਹੱਥਾਂ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਕਰੋੜਾਂ ਲੋਕਾਂ ਦੇ ਵੋਟ ਦੇ ਅਧਿਕਾਰ ਅਤੇ ਚੋਣ ਪ੍ਰਕਿਰਿਆ ਦੀ ਭਰੋਸੇਯੋਗਤਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਹੋਵੇ, ਉਸ ਦੇ ਅੰਦਰੋਂ ਹੀ ਉੱਠੇ ਸਵਾਲਾਂ ਦਾ ਜਵਾਬ ਸਪੱਸ਼ਟਤਾ ਨਾਲ ਨਾ ਮਿਲੇ ਤਾਂ ਚਿੰਤਾ ਹੋਣੀ ਸੁਭਾਵਿਕ ਹੈ। ਜਦੋਂ ਚੋਣਾਂ ਕਰਵਾਉਣ ਵਾਲੀ ਸੰਸਥਾ ਦੇ ਅੰਦਰੋਂ ਹੀ ਸਵਾਲਾਂ ਦਾ ਤੂਫ਼ਾਨ ਉੱਠੇ, ਤਾਂ ਲੋਕਤੰਤਰ ਨੂੰ ਚੁੱਪ ਨਹੀਂ, ਸਗੋਂ ਹੋਰ ਜ਼ਿਆਦਾ ਪਾਰਦਰਸ਼ੀ ਹੋਣਾ ਚਾਹੀਦਾ ਹੈ।

ਭਾਰਤੀ ਚੋਣ ਕਮਿਸ਼ਨ ਨਾਲ ਜੁੜਿਆ ਤਾਜ਼ਾ ਵਿਵਾਦ ਇਸ ਲਈ ਖ਼ਾਸ ਮਹੱਤਵ ਰੱਖਦਾ ਹੈ, ਕਿਉਂਕਿ ‘ਦ ਇੰਡੀਅਨ ਐਕਸਪ੍ਰੈੱਸ’ ਦੀ 23 ਸਤੰਬਰ 2026 ਦੀ ਇੱਕ ਪੜਤਾਲ ਮੁਤਾਬਿਕ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਪਿਛਲੇ 10 ਮਹੀਨਿਆਂ ਦੌਰਾਨ ਚੋਣ ਕਮਿਸ਼ਨ ਦੇ ਫ਼ੈਸਲਿਆਂ ਅਤੇ ਹੁਕਮਾਂ ਨੂੰ ਲੈ ਕੇ ਘੱਟੋ-ਘੱਟ 14 ਵਾਰ ਲਿਖਤੀ ਇਤਰਾਜ਼ ਦਰਜ ਕਰਵਾਏ ਹਨ। ਇਨ੍ਹਾਂ ਵਿੱਚੋਂ ਕੁਝ ਇਤਰਾਜ਼ ਇਸ ਗੱਲ ਨੂੰ ਲੈ ਕੇ ਹਨ ਕਿ ਕਈ ਫ਼ੈਸਲੇ ਅਤੇ ਹੁਕਮ ਉਨ੍ਹਾਂ ਦੀ ਜਾਣਕਾਰੀ ਜਾਂ ਸਹਿਮਤੀ ਬਗ਼ੈਰ ਲਾਗੂ ਕੀਤੇ ਗਏ ਹਨ।




ਹਾਲਾਂਕਿ ਚੋਣ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਬਹੁ-ਮੈਂਬਰੀ ਸੰਵਿਧਾਨਕ ਸੰਸਥਾ ਵਿੱਚ ਲਿਖਤੀ ਟਿੱਪਣੀਆਂ, ਸੁਝਾਅ, ਅਸਹਿਮਤੀ ਅਤੇ ਅੰਦਰੂਨੀ ਜਾਂਚ ਆਮ ਪ੍ਰਕਿਰਿਆ ਦਾ ਹਿੱਸਾ ਹਨ। ਚੋਣ ਕਮਿਸ਼ਨ ਅਨੁਸਾਰ ਪਿਛਲੇ ਇੱਕ ਸਾਲ ਦੌਰਾਨ ਲਏ ਗਏ ਸਾਰੇ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ ਸਨ, ਜਿਸ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਪੜਤਾਲ (ਐੱਸ.ਆਈ.ਆਰ.) ਵੀ ਸ਼ਾਮਲ ਹੈ। ਇੱਥੋਂ ਹੀ ਅਸਲ ਸਵਾਲ ਸ਼ੁਰੂ ਹੁੰਦਾ ਹੈ—ਜੇਕਰ ਸਭ ਕੁਝ ਠੀਕ ਸੀ ਤਾਂ ਦੋ ਚੋਣ ਕਮਿਸ਼ਨਰਾਂ ਨੂੰ ਵਾਰ-ਵਾਰ ਲਿਖਤੀ ਇਤਰਾਜ਼ ਦਰਜ ਕਰਵਾਉਣ ਦੀ ਲੋੜ ਕਿਉਂ ਪਈ? ਜੇਕਰ ਇਹ ਇਤਰਾਜ਼ ਸਿਰਫ਼ ਖਰੜਾ (ਫਾਰਮੈਟ) ਤਿਆਰ ਕਰਨ ਦੌਰਾਨ ਦਿੱਤੇ ਗਏ ਆਮ ਸੁਝਾਅ ਸਨ, ਤਾਂ ਇਨ੍ਹਾਂ ਦਾ ਵਿਸ਼ਾ-ਵਸਤੂ ਕੀ ਸੀ ਅਤੇ ਅੰਤਿਮ ਫ਼ੈਸਲੇ ਵਿੱਚ ਉਨ੍ਹਾਂ ਦਾ ਨਿਪਟਾਰਾ ਕਿਵੇਂ ਹੋਇਆ? ਜੇਕਰ ਇਤਰਾਜ਼ ਅਹਿਮ ਸਨ, ਤਾਂ ਜਨਤਾ ਨੂੰ ਇਹ ਜਾਣਨ ਦਾ ਅਧਿਕਾਰ ਕਿਉਂ ਨਾ ਹੋਵੇ ਕਿ ਉਕਤ ਇਤਰਾਜ਼ਾਂ ’ਤੇ ਅੰਤ ਵਿੱਚ ਕੀ ਵਿਚਾਰ ਕੀਤਾ ਗਿਆ?

ਇਸ ਸਮੁੱਚੇ ਮਾਮਲੇ ਵਿੱਚ ਉਪਲੱਬਧ ਵੇਰਵਾ ਇਸ ਵਿਵਾਦ ਨੂੰ ਹੋਰ ਗੰਭੀਰ ਬਣਾਉਂਦਾ ਹੈ। ਚੋਣ ਕਮਿਸ਼ਨਰ ਸੰਧੂ ਨੇ 28 ਅਕਤੂਬਰ 2025 ਨੂੰ ਚੋਣ ਕਮਿਸ਼ਨ ਦੀ ਮਨਜ਼ੂਰੀ ਤੋਂ ਬਿਨਾਂ ਉਸ ਦੇ ਨਾਂ ’ਤੇ ਪੱਤਰ ਅਤੇ ਆਦੇਸ਼ ਜਾਰੀ ਕੀਤੇ ਜਾਣ ’ਤੇ ਸਵਾਲ ਉਠਾਇਆ ਸੀ। ਫਿਰ ਅਪ੍ਰੈਲ 2026 ਵਿੱਚ ਨਵੇਂ ਸੂਚਨਾ ਤਕਨਾਲੋਜੀ ਤੰਤਰ ਅਤੇ ਪੋਰਟਲ ਬਾਰੇ ਹੋਰ ਸਾਧਨਾਂ ਤੋਂ ਜਾਣਕਾਰੀ ਮਿਲਣ ’ਤੇ ਇਤਰਾਜ਼ ਪ੍ਰਗਟਾਇਆ ਅਤੇ ਉਸੇ ਮਹੀਨੇ ਵਿਵੇਕ ਜੋਸ਼ੀ ਨੇ ਚੋਣ ਕਮਿਸ਼ਨ ਦੀਆਂ ਬੈਠਕਾਂ ਦੀ ਕਾਰਵਾਈ ਤੇ ਅਗਲੀਆਂ ਬੈਠਕਾਂ ਦੇ ਏਜੰਡੇ ਨੂੰ ਲੈ ਕੇ ਸਵਾਲ ਉਠਾਏ ਸਨ। ਜਦਕਿ ਮਈ 2026 ਵਿੱਚ ਇਹ ਵਿਵਾਦ ਵੋਟਰ ਸੂਚੀ ਤੱਕ ਪਹੁੰਚ ਗਿਆ। ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਲਈ ਵਰਤੇ ਜਾਂਦੇ ਫ਼ਾਰਮ-6 ਵਿੱਚ ਬਦਲਾਅ ’ਤੇ ਜੋਸ਼ੀ ਨੇ ਇਤਰਾਜ਼ ਪ੍ਰਗਟਾਉਂਦਿਆਂ ਦਲੀਲ ਦਿੱਤੀ ਸੀ ਕਿ ਇਸ ਪ੍ਰਮਾਣਿਕ ਫ਼ਾਰਮ ਵਿੱਚ ਤਬਦੀਲੀ ਨਿਰਧਾਰਤ ਨਿਯਮਾਂ ਵਿੱਚ ਸੋਧ ਕੀਤੇ ਬਿਨਾਂ ਨਹੀਂ ਹੋਣੀ ਚਾਹੀਦੀ। ਸੰਧੂ ਨੇ ਇਸ ਇਤਰਾਜ਼ ਦਾ ਸਮਰਥਨ ਕਰਦਿਆਂ ਬਾਅਦ ਵਿੱਚ ਇਸ ਬਦਲਾਅ ਨੂੰ ਕਥਿਤ ਤੌਰ ’ਤੇ ਅਣਅਧਿਕਾਰਤ ਅਤੇ ਗ਼ੈਰ-ਕਾਨੂੰਨੀ ਕਰਾਰ ਦਿੱਤਾ। ਇਹ ਕੋਈ ਮਾਮੂਲੀ ਪ੍ਰਬੰਧਕੀ ਸਵਾਲ ਨਹੀਂ ਹੈ। ਚੋਣ ਕਮਿਸ਼ਨ ਦੇ ਸੰਦਰਭ ਵਿੱਚ ਫ਼ਾਰਮ-6 ਉਹ ਜ਼ਰੀਆ ਹੈ, ਜਿਸ ਰਾਹੀਂ ਕੋਈ ਨਵਾਂ ਵੋਟਰ ਆਪਣਾ ਨਾਂ ਵੋਟਰ ਸੂਚੀ ਵਿੱਚ ਦਰਜ ਕਰਵਾਉਂਦਾ ਹੈ। ਇਸ ਫ਼ਾਰਮ ਵਿੱਚ ਕਿਸੇ ਵੀ ਤਬਦੀਲੀ ਦਾ ਸਿੱਧਾ ਸਬੰਧ ਨਾਗਰਿਕਾਂ ਦੇ ਵੋਟ ਦੇ ਅਧਿਕਾਰ ਨਾਲ ਹੈ। ਇਸ ਲਈ ਇੱਥੇ ਸਵਾਲ ਸਹੀ ਜਾਂ ਗ਼ਲਤ ਦਾ ਨਹੀਂ, ਸਵਾਲ ਇਹ ਹੈ ਕਿ ਕੀ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਹੋਈ ਹੈ? ਜੇਕਰ ਪਾਲਣਾ ਹੋਈ ਹੈ ਤਾਂ ਉਸ ਦਾ ਸਪੱਸ਼ਟ ਵੇਰਵਾ ਜਨਤਕ ਕੀਤਾ ਜਾਵੇ, ਜੇਕਰ ਨਹੀਂ ਹੋਈ ਤਾਂ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ ਕਿ ਅਜਿਹਾ ਕਿਉਂ ਹੋਇਆ। ਵੋਟਰ ਸੂਚੀ ਦੇ ਅੰਕੜਿਆਂ ਦੇ ਵਧਦੇ ਕੇਂਦਰੀਕਰਨ ਨੂੰ ਲੈ ਕੇ ਚੋਣ ਕਮਿਸ਼ਨਰ ਵਿਵੇਕ ਜੋਸ਼ੀ ਨੇ ਮਈ ਵਿੱਚ ਚਿੰਤਾ ਪ੍ਰਗਟਾਉਂਦਿਆਂ ਇਸ ਸੰਬੰਧੀ ਲੇਖਾ-ਪੜਤਾਲ (ਆਡਿਟ) ਦੀ ਲੋੜ ਦੱਸੀ ਸੀ।

ਸਾਨੂੰ ਇਹ ਗੱਲ ਗੰਭੀਰਤਾ ਨਾਲ ਸਮਝਣੀ ਹੋਵੇਗੀ ਕਿ ਵੋਟਰ ਸੂਚੀ ਮੌਜੂਦਾ ਸਮੇਂ ਵਿੱਚ ਸਿਰਫ਼ ਕਾਗ਼ਜ਼ ’ਤੇ ਵੋਟਰਾਂ ਦੇ ਦਰਜ ਨਾਵਾਂ ਦੀ ਸੂਚੀ ਨਹੀਂ ਹੈ। ਇਹ ਇੱਕ ਵਿਸ਼ਾਲ ਡਿਜੀਟਲ ਪ੍ਰਣਾਲੀ ਹੈ, ਜਿਸ ਵਿੱਚ ਕਰੋੜਾਂ ਨਾਗਰਿਕਾਂ ਦੀ ਜਾਣਕਾਰੀ ਮੌਜੂਦ ਹੈ। ਅਗਸਤ ਵਿੱਚ ਇਹ ਵਿਵਾਦ ਹੋਰ ਵਧ ਗਿਆ, ਜਦੋਂ ਸੰਧੂ ਨੇ ਸਵਾਲ ਉਠਾਇਆ ਕਿ ਪੱਛਮੀ ਬੰਗਾਲ ਨਾਲ ਜੁੜੇ ਮਾਮਲੇ ਵਿੱਚ ਚੋਣ ਕਮਿਸ਼ਨ ਵੱਲੋਂ ਟ੍ਰਿਬਿਊਨਲ ਅੱਗੇ 16 ਲੱਖ ਲੋਕਾਂ ਦੀਆਂ ਵੋਟਾਂ ਕੱਟਣ ਲਈ ਅਪੀਲਾਂ ਦਾਇਰ ਕਰਨ ਦੀ ਇਜਾਜ਼ਤ ਕਿਸ ਨੇ ਦਿੱਤੀ? ਅਗਲੇ ਦਿਨ ਉਨ੍ਹਾਂ ਨੇ ਫ਼ਾਰਮ-6 ਵਿੱਚ ਤਬਦੀਲੀ ਕਰਨ ਨੂੰ ਚੁਣੌਤੀ ਦਿੱਤੀ ਅਤੇ 14 ਅਗਸਤ ਨੂੰ ਖੇਤਰੀ ਅਧਿਕਾਰੀਆਂ ਦੀ ਚੋਣ ਸੂਚਨਾ ਪ੍ਰਣਾਲੀ ਤੱਕ ਪਹੁੰਚ ਨੂੰ ਲੈ ਕੇ ਆਪਣਾ ਇਤਰਾਜ਼ ਦਰਜ ਕਰਵਾਇਆ। ਉਨ੍ਹਾਂ ਨੇ ਸਵਾਲ ਉਠਾਇਆ ਕਿ ਸੂਚਨਾ ਤਕਨਾਲੋਜੀ ਦੇ ਮਹਾਨਿਰਦੇਸ਼ਕ ਕੋਲ ਅਜਿਹੀ ਪਹੁੰਚ ਰੋਕਣ ਦਾ ਅਧਿਕਾਰ ਸੀ ਜਾਂ ਨਹੀਂ? ਇਨ੍ਹਾਂ ਘਟਨਾਵਾਂ ਨੂੰ ਵੱਖ-ਵੱਖ ਕਰਕੇ ਦੇਖੀਏ ਤਾਂ ਭਾਵੇਂ ਇਹ ਪ੍ਰਬੰਧਕੀ ਵਿਵਾਦ ਲੱਗਣ, ਪਰ 10 ਮਹੀਨਿਆਂ ਦੌਰਾਨ 14 ਲਿਖਤੀ ਇਤਰਾਜ਼ਾਂ ਨੂੰ ਇਕੱਠਿਆਂ ਵੇਖਣ ’ਤੇ ਇਹ ਮਾਮਲਾ ਸੰਸਥਾਗਤ ਪਾਰਦਰਸ਼ਤਾ ਦਾ ਬਣ ਜਾਂਦਾ ਹੈ। ਖ਼ਾਸਕਰ ਇਸ ਲਈ, ਕਿਉਂਕਿ ਚੋਣ ਕਮਿਸ਼ਨ ਕੋਈ ਆਮ ਸਰਕਾਰੀ ਵਿਭਾਗ ਨਹੀਂ ਹੈ। ਸੰਵਿਧਾਨ ਦੀ ਧਾਰਾ 324 ਨੇ ਇਸ ਨੂੰ ਚੋਣਾਂ ਦੀ ਦੇਖ-ਰੇਖ, ਨਿਰਦੇਸ਼ਨ ਅਤੇ ਨਿਯੰਤਰਣ ਦੀ ਵਿਆਪਕ ਜ਼ਿੰਮੇਵਾਰੀ ਸੌਂਪੀ ਹੋਈ ਹੈ।

ਇਸ ਲਈ ਚੋਣ ਕਮਿਸ਼ਨ ਦੀ ਭਰੋਸੇਯੋਗਤਾ ’ਤੇ ਉੱਠਣ ਵਾਲੇ ਸਵਾਲ ਸਿੱਧੇ ਲੋਕਤੰਤਰੀ ਵਿਵਸਥਾ ਦੇ ਭਰੋਸੇ ਨੂੰ ਪ੍ਰਭਾਵਿਤ ਕਰਦੇ ਹਨ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਤਿੰਨ ਮੈਂਬਰੀ ਸੰਸਥਾ ਹੈ, ਮੁੱਖ ਚੋਣ ਕਮਿਸ਼ਨਰ ਅਤੇ ਦੋ ਚੋਣ ਕਮਿਸ਼ਨਰ ਮਿਲ ਕੇ ਇਹ ਕਮਿਸ਼ਨ ਬਣਾਉਂਦੇ ਹਨ। ਕਾਨੂੰਨ ਮੁਤਾਬਿਕ ਤਿੰਨਾਂ ਚੋਣ ਕਮਿਸ਼ਨਰਾਂ ਦੇ ਅਧਿਕਾਰ ਬਰਾਬਰ ਹਨ ਅਤੇ ਕੋਈ ਵੀ ਛੋਟਾ ਜਾਂ ਵੱਡਾ ਨਹੀਂ ਹੈ। ਕਾਨੂੰਨ ਅਨੁਸਾਰ ਚੋਣ ਕਮਿਸ਼ਨ ਦੇ ਕੰਮਕਾਜ ਵਿੱਚ ਜਿੱਥੋਂ ਤੱਕ ਸੰਭਵ ਹੋਵੇ, ਹਰ ਫ਼ੈਸਲਾ ਸਰਬਸੰਮਤੀ ਨਾਲ ਲਿਆ ਜਾਵੇ ਅਤੇ ਮਤਭੇਦ ਹੋਣ ’ਤੇ ਬਹੁਮਤ ਦਾ ਫ਼ੈਸਲਾ ਮੰਨਿਆ ਜਾਵੇ। ਅਜਿਹੀ ਵਿਵਸਥਾ ਹੋਣ ਦੇ ਬਾਵਜੂਦ ਦੋ ਚੋਣ ਕਮਿਸ਼ਨਰਾਂ ਦਾ ਦੋਸ਼ ਹੈ ਕਿ ਮੁੱਖ ਚੋਣ ਕਮਿਸ਼ਨਰ ਨੇ ਆਪਣੀ ਮਨਮਰਜ਼ੀ ਨਾਲ ਫ਼ੈਸਲੇ ਕੀਤੇ ਹਨ। ਲੋਕਤੰਤਰ ਵਿੱਚ ਸੰਸਥਾਵਾਂ ਦੀ ਭਰੋਸੇਯੋਗਤਾ ਸਿਰਫ਼ ਫ਼ੈਸਲਿਆਂ ਨਾਲ ਨਹੀਂ, ਸਗੋਂ ਸੰਤੁਲਿਤ ਵਿਵਹਾਰ ਨਾਲ ਬਣਦੀ ਹੈ। ਚੋਣ ਕਮਿਸ਼ਨ ਦੀ ਸਭ ਤੋਂ ਵੱਡੀ ਤਾਕਤ ਇਸ ਦਾ ਸੰਵਿਧਾਨਕ ਅਧਿਕਾਰ ਨਹੀਂ, ਸਗੋਂ ਜਨਤਾ ਦਾ ਵਿਸ਼ਵਾਸ ਹੈ।

**(ਲੇਖਕ ਮੀਡੀਆ ਅਤੇ ਖੋਜ ਸੰਸਥਾ ‘ਈਮੇਜ ਰਿਫਲੈਕਸ਼ਨ ਸੈਂਟਰ’ ਵਿੱਚ ਸੀਨੀਅਰ ਸੰਪਾਦਕ ਹਨ)**

# ਲੋਕਤੰਤਰ ਦੀ ਵੱਡੀ ਤਾਕਤ ਹੈ ਜਾਗਰੂਕਤਾ

ਡਾ. ਗੁਰਤੇਜ ਸਿੰਘ

ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ, ਜਿਸ ਨੇ ਲੋਕ ਆਵਾਜ਼ ਬਣ ਕੇ ਜਨਤਾ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣਾ ਹੁੰਦਾ ਹੈ। ਸਰਕਾਰ ਨੂੰ ਸਵਾਲ ਕਰਨੇ ਹੁੰਦੇ ਹਨ, ਗ਼ਲਤ ਲਈ ਸ਼ਬਦਾਂ ਦੀ ਮਰਿਆਦਾ ’ਚ ਰਹਿ ਕੇ ਅਲੋਚਨਾ ਕਰਨੀ ਹੁੰਦੀ ਹੈ ਤੇ ਚੰਗੀਆਂ ਨੀਤੀਆਂ ਦੀ ਵਡਿਆਈ ਕਰਨੀ ਹੁੰਦੀ ਹੈ। ਜ਼ਿਆਦਾਤਰ ਮੀਡੀਆ ਅਦਾਰੇ ‘ਗੋਦੀ ਮੀਡੀਆ’ ਦਾ ਕਿਰਦਾਰ ਨਿਭਾਅ ਕੇ ਸਰਕਾਰਾਂ ਨਾਲ ਵਫ਼ਾਦਾਰੀ ਦਾ ਸਬੂਤ ਦੇ ਰਹੇ ਹਨ ਤੇ ਲੋਕਾਈ ਨਾਲ ਗੱਦਾਰੀ ਕੀਤੀ ਜਾ ਰਹੀ ਹੈ, ਜੋ ਜੱਗ ਜ਼ਾਹਿਰ ਹੈ। ਕੁਝ ਮੀਡੀਆ ਅਦਾਰੇ ਹੀ ਲੋਕਤੰਤਰ ਦੀ ਗੱਲ ਕਰਦੇ ਹਨ, ਜੋ ਆਟੇ ’ਚ ਲੂਣ ਬਰਾਬਰ ਹਨ। ਸਰਕਾਰਾਂ ਸਵਾਲ ਕਰਨ ਵਾਲੇ ਮੀਡੀਆ ਕਰਮੀਆਂ ਤੇ ਚੈਨਲਾਂ ਦੀ ਜ਼ੁਬਾਨਬੰਦੀ ਕਰਨ ਲਈ ਹਰ ਹੀਲਾ ਵਰਤਦੀਆਂ ਹਨ। ਲਾਲਚ ਨਾਲ ਨਾ ਮੰਨਣ ਵਾਲਿਆਂ ਦਾ ਜਿਉਣਾ ਦੁੱਭਰ ਕਰ ਦਿੱਤਾ ਜਾਂਦਾ ਹੈ।

ਲੋਕਤੰਤਰ ਸਿਰਫ਼ ਵੋਟ ਪਾਉਣ ਦੀ ਪ੍ਰਕਿਰਿਆ ਦਾ ਨਾਮ ਨਹੀਂ। ਇਹ ਇੱਕ ਅਜਿਹੀ ਪ੍ਰਣਾਲੀ ਹੈ, ਜਿਸ ’ਚ ਸੱਤਾ ਦਾ ਅਸਲ ਸਰੋਤ ਲੋਕ ਹੁੰਦੇ ਹਨ। ਚੋਣਾਂ ਆਉਂਦੀਆਂ ਹਨ, ਰਾਜਨੀਤਿਕ ਪਾਰਟੀਆਂ ਆਪਣੇ ਵਾਅਦੇ ਲੈ ਕੇ ਲੋਕਾਂ ਦੇ ਦਰਵਾਜ਼ਿਆਂ ਤੱਕ ਪਹੁੰਚਦੀਆਂ ਹਨ, ਨੇਤਾ ਹੱਥ ਜੋੜਦੇ ਹਨ ਅਤੇ ਆਪਣੇ ਆਪ ਨੂੰ ਲੋਕਾਂ ਦਾ ਸੇਵਕ ਦੱਸਦੇ ਹਨ। ਚੋਣਾਂ ਖ਼ਤਮ ਹੁੰਦੇ ਹੀ ਅਕਸਰ ਇਹ ਭੁੱਲ ਜਾਂਦੇ ਹਨ ਕਿ ਜਿਸ ਜਨਤਾ ਨੇ ਉਨ੍ਹਾਂ ਨੂੰ ਸੱਤਾ ਦਿੱਤੀ ਹੈ, ਉਹੀ ਜਨਤਾ ਉਨ੍ਹਾਂ ਤੋਂ ਸਵਾਲ ਪੁੱਛਣ ਦਾ ਹੱਕ ਵੀ ਰੱਖਦੀ ਹੈ।



ਇਸ ਲਈ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਸਿਰਫ਼ ਲੋਕਾਂ ਦੀ ਵੱਧ ਗਿਣਤੀ ਨਹੀਂ, ਉਨ੍ਹਾਂ ਦੀ ਜਾਗਰੂਕਤਾ ਹੁੰਦੀ ਹੈ। ਜਾਗਰੂਕ ਲੋਕ ਹੀ ਆਪਣੇ ਅਧਿਕਾਰਾਂ ਨੂੰ ਸਮਝਦੇ ਹਨ, ਆਪਣੀਆਂ ਜ਼ਿੰਮੇਵਾਰੀਆਂ ਨੂੰ ਪਛਾਣਦੇ ਹਨ ਤੇ ਸੱਤਾ ਨੂੰ ਜਵਾਬਦੇਹ ਬਣਾਉਣ ਦੀ ਸਮਰੱਥਾ ਰੱਖਦੇ ਹਨ। ਲੋਕਤੰਤਰ ’ਚ ਸੰਵਿਧਾਨ ਸਭ ਤੋਂ ਉੱਪਰ ਹੁੰਦਾ ਹੈ ਤੇ ਲੋਕ ਉਸ ਸੰਵਿਧਾਨਕ ਪ੍ਰਬੰਧ ਦੇ ਕੇਂਦਰ ’ਚ ਹੁੰਦੇ ਹਨ। ਸਰਕਾਰਾਂ ਲੋਕਾਂ ਦੁਆਰਾ ਚੁਣੀਆਂ ਜਾਂਦੀਆਂ ਹਨ। ਵਿਧਾਇਕ ਤੇ ਸੰਸਦ ਮੈਂਬਰ ਲੋਕਾਂ ਦੀਆਂ ਵੋਟਾਂ ਨਾਲ ਆਪਣੀ ਕੁਰਸੀ ਤੱਕ ਪਹੁੰਚਦੇ ਹਨ। ਇਸ ਲਈ ਕਿਸੇ ਵੀ ਚੁਣੇ ਹੋਏ ਨੁਮਾਇੰਦੇ ਦੀ ਤਾਕਤ ਉਸ ਦੀ ਨਿੱਜੀ ਜਾਇਦਾਦ ਨਹੀਂ ਹੁੰਦੀ ਇਹ ਲੋਕਾਂ ਵੱਲੋਂ ਦਿੱਤੀ ਗਈ ਅਮਾਨਤ ਹੁੰਦੀ ਹੈ।

ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਜਨਤਾ ਆਪਣੇ ਆਪ ਨੂੰ ਸਿਰਫ਼ ਵੋਟਰ ਸਮਝਣ ਲੱਗਦੀ ਹਨ ਤੇ ਆਪਣੇ ਚੁਣੇ ਨੁਮਾਇੰਦਿਆਂ ਨੂੰ ਮਾਲਕ ਤੇ ਰਾਜਨੇਤਾ ਆਪਣੇ ਆਪ ਨੂੰ ਸਿਰਮੌਰ ਮੰਨਣਾ ਸ਼ੁਰੂ ਕਰ ਦਿੰਦੇ ਹਨ। ਲੋਕਤੰਤਰੀ ਢਾਂਚੇ ’ਚ ਸਾਫ਼ ਅਕਸ ਵਾਲੇ ਨੁਮਾਇਦੇ ਨੇਤਾ ਦੇ ਰੂਪ ’ਚ ਅੱਗੇ ਲਿਆਉਣੇ ਤੇ ਵੋਟਾਂ ਦੀ ਵਡਮੁੱਲੀ ਭੇਟ ਦੇ ਕੇ ਪੰਚ, ਸਰਪੰਚ, ਐੱਮਐੱਲਏ, ਸੰਸਦ ਮੈਂਬਰ ਬਣਾਉਣੇ ਲੋਕ ਸਮੂਹ ਦੇ ਹਿੱਸੇ ਆਇਆ ਹੈ। ਵੋਟ ਪਾਉਣ ਤੋਂ ਬਾਅਦ ਨਾਗਰਿਕਾਂ ਦੀ ਭੂਮਿਕਾ ਖ਼ਤਮ ਨਹੀਂ ਹੁੰਦੀ ਬਲਕਿ ਉੱਥੋਂ ਹੀ ਉਨ੍ਹਾਂ ਦੀ ਦੂਜੀ ਤੇ ਮਹੱਤਵਪੂਰਨ ਭੂਮਿਕਾ ਸ਼ੁਰੂ ਹੁੰਦੀ ਹੈ, ਸਰਕਾਰ ਦੇ ਕੰਮਕਾਜ ਉੱਤੇ ਨਜ਼ਰ ਰੱਖਣ ਦੀ, ਸਵਾਲ ਪੁੱਛਣ ਦੀ, ਗ਼ਲਤ ਨੀਤੀਆਂ ਦਾ ਵਿਰੋਧ ਕਰਨ ਦੀ ਤੇ ਚੰਗੇ ਕੰਮ ਦੀ ਹੌਸਲਾ-ਅਫ਼ਜ਼ਾਈ ਕਰਨ ਦੀ। ਇੱਥੇ ਜਾਗਰੂਕਤਾ ਹੀ ਲੋਕ-ਤਾਕਤ ਹੋ ਨਿੱਬੜਦੀ ਹੈ। ਆਪਣੇ ਬੁਨਿਆਦੀ ਹੱਕਾਂ ਤੇ ਸੰਵਿਧਾਨਕ ਜ਼ਿੰਮੇਵਾਰੀਆਂ ਪ੍ਰਤੀ ਲਾਪਰਵਾਹ ਨਾਗਰਿਕ ਨੂੰ ਚੰਦ ਲਾਲਚਾਂ ਨਾਲ ਆਸਾਨੀ ਨਾਲ ਭਰਮਾਇਆ ਜਾ ਸਕਦਾ ਹੈ ਤੇ ਦਬਕੇ ਨਾਲ ਦਬਾਇਆ ਜਾ ਸਕਦਾ ਹੈ। ਉਸ ਨੂੰ ਧਰਮ, ਜਾਤ, ਭਾਸ਼ਾ, ਖੇਤਰ, ਡਰ ਜਾਂ ਝੂਠੇ ਵਾਅਦਿਆਂ ਦੇ ਆਧਾਰ ’ਤੇ ਸੌਖਿਆਂ ਹੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਜਾਗਰੂਕ ਨਾਗਰਿਕ ਨੇਤਾ ਦੇ ਭਾਸ਼ਣ ਤੋਂ ਵੱਧ ਉਸ ਦੇ ਕੰਮ ਨੂੰ ਮਹੱਤਵ ਦਿੰਦਾ ਹੈ। ਉਹ ਸਵਾਲ ਪੁੱਛਣ ਦੀ ਹਿੰਮਤ ਰੱਖਦਾ ਹੈ ਕਿ ਸਾਡੇ ਇਲਾਕੇ ਵਿੱਚ ਸਿੱਖਿਆ ਦੀ ਹਾਲਤ ਕੀ ਹੈ। ਸਿਹਤ ਸਹੂਲਤਾਂ ਕਿਹੋ ਜਿਹੀਆਂ ਹਨ। ਰੁਜ਼ਗਾਰ ਦੇ ਮੌਕੇ ਕਿੰਨੇ ਵਧੇ ਹਨ। ਸੜਕਾਂ, ਪਾਣੀ ਤੇ ਸਫ਼ਾਈ ਦੀ ਸਥਿਤੀ ਕੀ ਹੈ। ਸਰਕਾਰੀ ਪੈਸਾ ਕਿੱਥੇ ਖ਼ਰਚ ਹੋ ਰਿਹਾ ਹੈ। ਚੋਣਾਂ ਮੌਕੇ ਜਿਹੜੇ ਵਾਅਦੇ ਕੀਤੇ ਗਏ ਸਨ, ਉਨ੍ਹਾਂ ’ਚੋਂ ਕਿੰਨੇ ਪੂਰੇ ਹੋਏ। ਇਹ ਸਵਾਲ ਕਿਸੇ ਸਰਕਾਰ ਦੇ ਵਿਰੁੱਧ ਨਹੀਂ ਹੁੰਦੇ ਇਹ ਤਾਂ ਲੋਕਤੰਤਰ ਦੇ ਹੱਕ ’ਚ ਹੁੰਦੇ ਹਨ। ਜਿੱਥੇ ਲੋਕ ਸਵਾਲ ਕਰਨੇ ਛੱਡ ਦਿੰਦੇ ਹਨ, ਉੱਥੇ ਜਵਾਬਦੇਹੀ ਕਮਜ਼ੋਰ ਹੋਣ ਲੱਗਦੀ ਹੈ ਅਤੇ ਜਿੱਥੇ ਜਵਾਬਦੇਹੀ ਕਮਜ਼ੋਰ ਹੁੰਦੀ ਹੈ, ਉੱਥੇ ਸੱਤਾ ਦੇ ਦੁਰਵਰਤੋਂ ਦੀ ਸੰਭਾਵਨਾ ਵਧ ਜਾਂਦੀ ਹੈ। ਭੀੜ ਕਿਸੇ ਨੇਤਾ ਦੀ ਹਰਮਨਪਿਆਰਤਾ ਤੋਂ ਪ੍ਰਭਾਵਿਤ ਹੋ ਸਕਦੀ ਹੈ, ਜਾਗਰੂਕ ਨਾਗਰਿਕ ਉਸ ਦੇ ਕੰਮ ਦਾ ਮੁਲਾਂਕਣ ਕਰਦਾ ਹੈ। ਇਹੀ ਕਾਰਨ ਹੈ ਕਿ ਲੋਕਤੰਤਰ ਨੂੰ ਸਿਰਫ਼ ਬਹੁਮਤ ਦੀ ਲੋੜ ਨਹੀਂ ਹੁੰਦੀ, ਸਗੋਂ ਸੂਝਵਾਨ ਬਹੁਮਤ ਦੀ ਲੋੜ ਹੁੰਦੀ ਹੈ।

ਸੋਸ਼ਲ ਮੀਡੀਆ ਦੇ ਦੌਰ ’ਚ ਅੱਜ ਜਾਣਕਾਰੀ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਅਸਾਨ ਹੈ ਪਰ ਸਹੀ ਜਾਣਕਾਰੀ ਤੱਕ ਪਹੁੰਚਣਾ ਕਈ ਵਾਰ ਹੋਰ ਮੁਸ਼ਕਲ ਹੋ ਗਿਆ ਹੈ। ਸੋਸ਼ਲ ਮੀਡੀਆ ’ਤੇ ਹਰ ਰੋਜ਼ ਹਜ਼ਾਰਾਂ ਦਾਅਵੇ, ਵੀਡੀਓ, ਤਸਵੀਰਾਂ ਤੇ ਸੁਨੇਹੇ ਸਾਡੇ ਸਾਹਮਣੇ ਆਉਂਦੇਹਨ। ਇਨ੍ਹਾਂ ’ਚੋਂ ਕੁਝ ਸੱਚੇ ਹੁੰਦੇ ਹਨ, ਕੁਝ ਅੱਧੇ ਸੱਚ ਅਤੇ ਕੁਝ ਪੂਰੀ ਤਰ੍ਹਾਂ ਝੂਠੇ।

ਵੋਟ ਲੋਕਤੰਤਰ ਦਾ ਬਹੁਤ ਮਹੱਤਵਪੂਰਨ ਹਥਿਆਰ ਹੈ, ਪਰ ਇਸ ਦੀ ਤਾਕਤ ਤਾਂ ਹੀ ਕਾਇਮ ਰਹਿੰਦੀ ਹੈ, ਜਦੋਂ ਇਸ ਦੀ ਵਰਤੋਂ ਸੋਚ-ਸਮਝ ਕੇ ਕੀਤੀ ਜਾਵੇ। ਜੇ ਕੋਈ ਵਿਅਕਤੀ ਸਿਰਫ਼ ਇਸ ਲਈ ਵੋਟ ਪਾਉਂਦਾਹੈ ਕਿ ਉਮੀਦਵਾਰ ਉਸ ਦੀ ਜਾਤ ਜਾਂ ਧਰਮ ਨਾਲ ਸਬੰਧਤ ਹੈ, ਤਾਂ ਉਹ ਆਪਣੇ ਵੋਟ ਦੀ ਅਸਲ ਤਾਕਤ ਨੂੰ ਸੀਮਤ ਕਰ ਦਿੰਦਾ ਹੈ। ਜੇ ਕੋਈ ਪੈਸੇ, ਨਸ਼ੇ, ਤੋਹਫ਼ੇ ਜਾਂ ਥੋੜ੍ਹੇ ਸਮੇਂ ਦੇ ਲਾਭ ਦੇ ਬਦਲੇ ਆਪਣਾ ਵੋਟ ਵੇਚ ਦਿੰਦਾ ਹੈ, ਤਾਂ ਉਹ ਸਿਰਫ਼ ਆਪਣਾ ਵੋਟ ਨਹੀਂ ਵੇਚਦਾ, ਸਗੋਂ ਆਉਣ ਵਾਲੇ ਸਾਲਾਂ ਦੀ ਆਪਣੀ ਆਵਾਜ਼ ਨੂੰ ਵੀ ਨੇਤਾਵਾਂ ਦੇ ਕੋਲ ਗਿਰਵੀ ਰੱਖ ਦਿੰਦਾ ਹੈ। ਇਸ ਲਈ ਵੋਟ ਪਾਉਣ ਤੋਂ ਪਹਿਲਾਂ ਉਮੀਦਵਾਰ ਦੀ ਯੋਗਤਾ, ਇਮਾਨਦਾਰੀ, ਕਾਰਗੁਜ਼ਾਰੀ ਤੇ ਲੋਕ-ਪੱਖੀ ਸੋਚ ਨੂੰ ਪਰਖਣਾ ਜ਼ਰੂਰੀ ਹੈ। ਉਕਤ ਜਾਣਕਾਰੀ ਦੀ ਜਾਂਚ ਕਰਨ ਦੀ ਆਦਤ ਵੀ ਲੋਕਤੰਤਰ ਦੀ ਰਾਖੀ ਦਾ ਇਕ ਮਹੱਤਵਪੂਰਨ ਹਿੱਸਾ ਹੈ।

ਲੋਕ ਵਿਰੋਧੀ ਨੀਤੀਆਂ ਦਾ ਪੁਰਜ਼ੋਰ ਵਿਰੋਧ ਕਰਨਾ ਲੋਕਤੰਤਰ ਦਾ ਅਹਿਮ ਹਿੱਸਾ ਹੈ।

**(ਬਾਕੀ ਸਫ਼ਾ 27 ’ਤੇ)**

# ਸਮਾਜ ਲਈ ਨੁਕਸਾਨਦੇਹ ਹੈ ਮਹਿੰਗੀ ਸਿੱਖਿਆ ਅਤੇ ਕਰਜ਼ੇ ਦਾ ਚੱਕਰ

**ਇੰਜ. ਦਰਸ਼ਨ ਸਿੰਘ ਭੁੱਲਰ**

ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ ਕਾਲਜਾਂ 'ਚ ਦਾਖਲਿਆਂ ਦੇ ਦਿਨੀਂ ਗਰੀਬ ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰ ਹੋਣਹਾਰ ਬੱਚਿਆਂ ਦਾ ਪ੍ਰੋਫੈਸ਼ਨਲ ਕਾਲਜਾਂ 'ਚ ਦਾਖ਼ਲਾ ਨਾ ਹੋ ਸਕਣ ਦੀਆਂ ਖ਼ਬਰਾਂ ਕਈ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀਆਂ ਰਹੀਆਂ। ਕਾਰਨ ਹੈ-ਮੈਡੀਕਲ, ਇੰਜੀਨੀਅਰਿੰਗ ਤੇ ਹੋਰ ਪੇਸ਼ੇਵਰ ਸਿੱਖਿਆ ਦੀਆਂ ਬੇਹੱਦ ਵਧ ਰਹੀਆਂ ਫੀਸਾਂ। ਇਹ ਸਮੱਸਿਆ ਸਿਰਫ਼ ਕੁਝ ਪਰਿਵਾਰਾਂ ਦੀ ਆਰਥਿਕ ਮਜਬੂਰੀ ਨਹੀਂ, ਸਗੋਂ ਸਾਡੀ ਸਿੱਖਿਆ ਪ੍ਰਣਾਲੀ ਦੇ ਬਦਲਦੇ ਸਰੂਪ ਤੇ ਸਮਾਜਿਕ ਨਿਆਂ ਨਾਲ ਜੁੜਿਆ ਇਕ ਗੰਭੀਰ ਸਵਾਲ ਹੈ।

ਮੈਨੂੰ ਅਪਣਾ ਸਮਾਂ ਯਾਦ ਹੈ ਜਦੋਂ ਮੈਂ 1979 'ਚ ਦਸਵੀਂ ਪਾਸ ਕੀਤੀ ਤਾਂ ਕਾਲਜ 'ਚ ਦਾਖ਼ਲੇ ਵੇਲੇ ਮੇਰੀ ਦਾਦੀ ਦੀ ਚੁੰਨੀ-ਵਟ ਭੈਣ ਦੇ ਮੁੰਡੇ, ਜੋ ਡਾਕਟਰੀ ਕਰ ਰਿਹਾ ਸੀ, ਦੇ ਰੀਸੋ-ਰੀਸੀ ਮੈਨੂੰ ਵੀ ਮੈਡੀਕਲ 'ਚ ਦਾਖ਼ਲਾ ਲੈਣ ਦੀ ਹਲਕੀ ਜਿਹੀ ਚਿਣਗ ਲੱਗੀ। ਬੇਬੇ ਨੂੰ ਰਿਸ਼ਤੇਦਾਰ ਦੀ ਪੜ੍ਹਾਈ 'ਤੇ ਹੋਣ ਵਾਲੇ ਖ਼ਰਚੇ ਦਾ ਪਤਾ ਸੀ। ਇਸੇ ਲਈ ਮੇਰੀ ਪੜ੍ਹਿਆਂ ਨਾਲੋਂ ਵੱਧ ਸਿਆਣੀ ਅਣਪੜ੍ਹ ਬੇਬੇ ਨੇ ਕਿਹਾ-'ਖ਼ਰਚਾ ਬਾਹਲਾ ਭਾਈ ਆਪਾਂ ਕਰ ਨਹੀਂ ਸਕਣਾ।' ਦਸਵੀਂ 'ਚੋਂ ਮੇਰੇ ਨੰਬਰ ਚੰਗੇ ਸਨ। ਅਧਿਆਪਕਾਂ ਦੀ ਗੱਲ ਸੁਣ-ਸੁਣਾ ਕੇ ਮੈਂ ਬਿਨਾ ਕਿਸੇ ਬਹੁਤੀ ਜਾਣਕਾਰੀ ਦੇ ਸਰਕਾਰੀ ਰਣਬੀਰ ਕਾਲਜ ਸੰਗਰੂਰ 'ਚ ਨਾਨ-ਮੈਡੀਕਲ 'ਚ ਦਾਖ਼ਲਾ ਲੈ ਲਿਆ।

ਪ੍ਰੀ-ਇੰਜੀਨੀਅਰਿੰਗ ਤੋਂ ਬਾਅਦ ਜਦੋਂ ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ 'ਚ ਦਾਖ਼ਲਾ ਲੈਣ ਗਿਆ ਤਾਂ ਮੇਰੀ ਜੇਬ 'ਚ ਮਸਾਂ 2000 ਰੁਪਏ ਸਨ। ਪੜ੍ਹਾਈ ਪੂਰੀ ਕਰਕੇ ਮੈਂ ਬਿਜਲੀ ਮਹਿਕਮੇ 'ਚ ਐੱਸ.ਡੀ.ਓ. ਲੱਗ ਗਿਆ ਪਰ ਜਦੋਂ ਆਪਣੇ ਪੁੱਤਰ ਨੂੰ ਐੱਲਕੇਜੀ 'ਚ ਦਾਖ਼ਲ ਕਰਵਾਉਣ ਗਿਆ ਤਾਂ ਜੇਬ 'ਚ ਪਏ 5000 ਰੁਪਏ ਵੀ ਮੈਨੂੰ ਘੱਟ ਲੱਗ ਰਹੇ ਸਨ। ਅੱਜ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਅਸੀਂ ਖ਼ੁਸ਼ਕਿਸਮਤ ਸਾਂ ਕਿ ਸਾਡੇ ਸਮੇਂ 'ਚ ਸਿੱਖਿਆ, ਖ਼ਾਸ ਕਰਕੇ ਪੇਸ਼ੇਵਰ ਸਿੱਖਿਆ, ਅੱਜ ਵਾਂਗ ਆਰਥਿਕ ਤੌਰ 'ਤੇ ਡਰਾਉਣੀ ਨਹੀਂ ਸੀ।

ਅੱਜ ਹਾਲਾਤ ਬਿਲਕੁਲ ਵੱਖਰੇ ਹਨ। 'ਨੀਟ' ਜਾਂ 'ਜੇ.ਈ.ਈ.' ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਉੱਚਾ ਰੈਂਕ ਹਾਸਲ ਕਰਨਾ ਵਿਦਿਆਰਥੀ ਦੀ ਕਾਬਲੀਅਤ ਤੇ ਮਿਹਨਤ ਦੀ ਵੱਡੀ ਜਿੱਤ ਮੰਨੀ ਜਾਂਦੀ ਹੈ। ਗ਼ਰੀਬ ਜਾਂ ਪਛੜੇ ਪਰਿਵਾਰ ਤੋਂ ਆਉਣ ਵਾਲੇ ਬੱਚੇ ਲਈ ਇਹ ਸਫ਼ਲਤਾ ਸਿਰਫ਼ ਇੱਕ ਸੀਟ ਹਾਸਲ ਕਰਨਾ ਨਹੀਂ ਹੁੰਦੀ; ਇਹ ਉਸ ਲਈ ਅਤੇ ਉਸ ਦੇ ਪਰਿਵਾਰ ਲਈ ਪੀੜ੍ਹੀਆਂ ਦੀ ਗਰੀਬੀ 'ਚੋਂ ਬਾਹਰ ਨਿਕਲਣ ਦਾ ਰਸਤਾ ਵੀ ਜਾਪਦੀ ਹੈ ਪਰ ਜਦੋਂ ਉਹ ਮੈਰਿਟ ਦੇ ਆਧਾਰ 'ਤੇ ਸੀਟ ਹਾਸਲ ਕਰ ਲੈਂਦਾ ਹੈ ਅਤੇ ਫਿਰ ਲੱਖਾਂ ਜਾਂ ਕਰੋੜਾਂ ਰੁਪਏ ਦੀ ਫੀਸ ਉਸ ਦੇ ਸਾਹਮਣੇ ਖੜ੍ਹੀ ਹੋ ਜਾਂਦੀ ਹੈ, ਤਾਂ ਉਸ ਦੀ ਮਿਹਨਤ ਦੀ ਜਿੱਤ ਆਰਥਿਕ ਕਮਜ਼ੋਰੀ ਕਰਕੇ ਹਾਰ ਤੇ ਨਿਰਾਸ਼ਾ 'ਚ ਬਦਲ ਜਾਂਦੀ ਹੈ।

ਇੱਥੇ ਸਿੱਖਿਆ ਦੇ ਵਪਾਰੀਕਰਨ ਦਾ ਸਭ ਤੋਂ ਗੰਭੀਰ ਪੱਖ ਸਾਹਮਣੇ ਆਉਂਦਾ ਹੈ। ਜੇ ਕਿਸੇ ਵਿਦਿਆਰਥੀ ਦੀ ਯੋਗਤਾ ਅਤੇ ਮਿਹਨਤ ਉਸ ਨੂੰ ਦਾਖਲੇ ਦਾ ਹੱਕ ਦਿਵਾਉਂਦੀ ਹੈ, ਤਾਂ ਸਿਰਫ਼ ਪੈਸੇ ਦੀ ਕਮੀ ਕਾਰਨ ਉਸ ਹੱਕ ਤੋਂ ਵਾਂਝਾ ਰਹਿਣਾ ਸਮਾਜਿਕ ਨਿਆਂ ਦੇ ਸਿਧਾਂਤ ਦੇ ਵਿਰੁੱਧ ਹੈ। ਪ੍ਰਾਈਵੇਟ ਕਾਲਜਾਂ ਅਤੇ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਸੰਸਥਾਵਾਂ ਦੀਆਂ ਉੱਚੀਆਂ ਫੀਸਾਂ ਸਿੱਖਿਆ ਨੂੰ ਸਮਾਜਿਕ ਬਰਾਬਰੀ ਦਾ ਸਾਧਨ ਬਣਾਉਣ ਦੀ ਥਾਂ ਅਮੀਰਾਂ ਲਈ ਵਧੇਰੇ ਸੁਵਿਧਾਜਨਕ ਬਣਾ ਰਹੀਆਂ ਹਨ।

ਮਹਿੰਗੀ ਸਿੱਖਿਆ ਦਾ ਇੱਕ ਹੋਰ ਖ਼ਤਰਨਾਕ ਪੱਖ ਇਸ ਨਾਲ ਪੈਦਾ ਹੋਣ ਵਾਲੀ ਮਾਨਸਿਕਤਾ ਹੈ। ਇੱਕ ਵਾਰ ਅਮਰੀਕਾ 'ਚ ਰਹਿੰਦੇ ਇੱਕ ਮਿੱਤਰ ਨੇ



ਗੱਲਬਾਤ ਦੌਰਾਨ ਇੱਕ ਦਿਲਚਸਪ ਪਰ ਦਹਿਲਾ ਦੇਣ ਵਾਲੀ ਘਟਨਾ ਸੁਣਾਈ। ਇੱਕ ਨਵਾਂ ਡਾਕਟਰ ਆਪਣੇ ਸੀਨੀਅਰ ਦੀ ਦੇਖ-ਰੇਖ ਹੇਠ ਮਰੀਜ਼ ਦੀ ਐਂਡੋਸਕੋਪੀ ਕਰ ਰਿਹਾ ਸੀ। ਸੀਨੀਅਰ ਡਾਕਟਰ ਨੇ ਪੁੱਛਿਆ-'ਤੈਨੂੰ ਕੀ ਦਿਖਾਈ ਦੇ ਰਿਹਾ ਹੈ?' ਨਵੇਂ ਡਾਕਟਰ ਨੇ ਜਵਾਬ ਦਿੱਤਾ, 'ਮੇਰੀ ਪਹਿਲੀ ਬੀ.ਐੱਮ.ਡਬਲਿਊ.' ਸੀਨੀਅਰ ਡਾਕਟਰ ਪੁੱਛਣਾ ਚਾਹੁੰਦਾ ਸੀ ਕਿ ਕੀ ਬਿਮਾਰੀ ਨਜ਼ਰ ਆ ਰਹੀ ਹੈ? ਭਾਰਤ 'ਚ ਵੀ ਸਿੱਖਿਆ ਦੇ ਨਿੱਜੀਕਰਨ ਤੋਂ ਬਾਅਦ ਇਹੀ ਮਾਨਸਿਕਤਾ ਭਾਰੂ ਹੈ। ਇਹ ਘਟਨਾ ਭਾਵੇਂ ਇੱਕ ਕਿੱਸੇ ਵਾਂਗ ਲੱਗ ਸਕਦੀ ਹੈ, ਪਰ ਇਸ 'ਚ ਇੱਕ ਡੂੰਘੀ ਸਮਾਜਿਕ ਚਿੰਤਾ ਛੁਪੀ ਹੋਈ ਹੈ। ਸਵਾਲ ਕਿਸੇ ਇਕ ਡਾਕਟਰ ਦੀ ਨੀਅਤ ਜਾਂ ਮਰੀਜ਼ ਪ੍ਰਤੀ ਉਸ ਦੀ ਪਹੁੰਚ ਦਾ ਨਹੀਂ, ਸਗੋਂ ਉਸ ਪ੍ਰਣਾਲੀ ਦਾ ਹੈ, ਜਿਸ 'ਚ ਡਾਕਟਰੀ ਵਰਗੇ ਸੇਵਾ-ਮੁਖੀ ਪੇਸ਼ੇ 'ਚ ਦਾਖਲਾ ਹੀ ਇੰਨਾ ਮਹਿੰਗਾ ਹੋ ਗਿਆ ਹੈ ਕਿ ਸਿੱਖਿਆ 'ਤੇ ਕੀਤਾ ਗਿਆ ਵੱਡਾ ਖ਼ਰਚਾ ਭਵਿੱਖ ਦੀ ਕਮਾਈ ਨਾਲ ਜੋੜਿਆ ਜਾਣ ਲੱਗਦਾ ਹੈ। ਜਦੋਂ ਪੜ੍ਹਾਈ ਇੱਕ ਵੱਡਾ ਨਿਵੇਸ਼ ਬਣ ਜਾਂਦੀ ਹੈ, ਤਾਂ ਉਸ ਨਿਵੇਸ਼ ਦੀ ਵਾਪਸੀ ਦੀ ਸੋਚ ਮਨੁੱਖੀ ਸੇਵਾ ਤੋਂ ਅਹਿਮ ਹੋ ਜਾਂਦੀ ਹੈ। ਆਖ਼ਰਕਾਰ ਇਸ ਦਾ ਬੋਝ ਮਰੀਜ਼ ਦੀ ਜੇਬ 'ਤੇ ਪੈਂਦਾ ਹੈ। ਅਜਿਹੇ ਹਾਲਾਤ 'ਚ ਅਕਸਰ ਦਾਨੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਮਦਦ ਕੀਤੀ ਜਾਂਦੀ ਹੈ। ਕਿਸੇ ਗਰੀਬ ਬੱਚੇ ਦੀ ਫੀਸ ਕਿਸੇ ਦਾਨੀ ਵੱਲੋਂ ਭਰ ਦਿੱਤੀ ਜਾਂਦੀ ਹੈ ਅਤੇ ਇਹ ਨਿਸ਼ਚਤ ਤੌਰ 'ਤੇ ਇੱਕ ਨੇਕ ਕੰਮ ਹੈ ਪਰ ਕੀ ਕਿਸੇ ਦੇਸ਼ ਦੇ ਭਵਿੱਖ ਨੂੰ ਦਾਨ ਦੇ ਸਹਾਰੇ ਛੱਡਿਆ ਜਾ ਸਕਦਾ ਹੈ? ਦਾਨ ਕਿਸੇ ਇੱਕ ਵਿਦਿਆਰਥੀ ਨੂੰ ਬਚਾ ਸਕਦਾ ਹੈ, ਪਰ ਹਜ਼ਾਰਾਂ ਹੋਣਹਾਰ ਬੱਚਿਆਂ ਦੀ ਸਮੱਸਿਆ ਦਾ ਹੱਲ ਨਹੀਂ ਕਰ ਸਕਦਾ। ਦਾਨ ਸੁਭਾਅ ਤੋਂ ਹੀ ਚੋਣਵਾਂ ਹੁੰਦਾ ਹੈ। ਜਿਸ ਬੱਚੇ ਦੀ ਕਹਾਣੀ ਸੋਸ਼ਲ ਮੀਡੀਆ ਜਾਂ ਮੀਡੀਆ ਰਾਹੀਂ ਸਾਹਮਣੇ ਆ ਜਾਂਦੀ ਹੈ, ਉਸ ਨੂੰ ਮਦਦ ਮਿਲ ਸਕਦੀ ਹੈ; ਪਰ ਉਸਦੇ ਪਿੱਛੇ ਹਜ਼ਾਰਾਂ ਅਜਿਹੇ ਬੱਚੇ ਵੀ ਹੁੰਦੇ ਹਨ ਜੋ ਆਪਣੀ ਗ਼ਰੀਬੀ ਦਾ ਪ੍ਰਦਰਸ਼ਨ ਨਹੀਂ ਕਰ ਸਕਦੇ ਜਾਂ ਜਿਨ੍ਹਾਂ ਦੀ ਆਵਾਜ਼ ਕਿਸੇ ਤੱਕ ਨਹੀਂ ਪਹੁੰਚਦੀ ਪਰ ਅਜਿਹਾ ਹਰ ਵਾਰ ਹੋਏਗਾ। ਕੀ ਇਹ ਸਿਲਸਲਾ ਯੁਗਾਂ-ਯੁਗਾਂਤਰਾ ਤੱਕ ਐਂ ਹੀ ਚੱਲੇਗਾ; ਖ਼ਬਰਾਂ ਛਪਣਗੀਆਂ, ਦਾਨੀ ਸੱਜਣ ਆਉਣਗੇ! ਇਸ ਤਰ੍ਹਾਂ ਬਰਾਬਰੀ ਦਾ ਹੱਕ ਕਿਸਮਤ ਅਤੇ ਪ੍ਰਚਾਰ 'ਤੇ ਨਿਰਭਰ ਹੋ ਜਾਂਦਾ ਹੈ ਇਸ ਤੋਂ ਵੀ ਵੱਡੀ ਸਮੱਸਿਆ ਵਿਦਿਆਰਥੀ ਦੇ ਸਵੈ-ਮਾਣ ਨਾਲ ਜੁੜੀ ਹੈ। ਜਿਸ ਬੱਚੇ ਨੇ ਸਾਲਾਂ-ਬੱਧੀ ਮਿਹਨਤ ਕਰਕੇ ਮੁਕਾਬਲੇ ਦੀ ਪ੍ਰੀਖਿਆ ਪਾਸ ਕੀਤੀ ਹੈ, ਉਹ ਆਪਣੀ ਯੋਗਤਾ ਦੇ ਆਧਾਰ 'ਤੇ ਸੀਟ ਦਾ ਹੱਕਦਾਰ ਹੈ। ਪਰ ਜੇ ਉਸਨੂੰ ਪੜ੍ਹਾਈ ਜਾਰੀ ਰੱਖਣ ਲਈ ਆਪਣੀ ਗ਼ਰੀਬੀ ਦੀ ਕਹਾਣੀ ਸੁਣਾਉਣੀ ਪਵੇ, ਲੋਕਾਂ ਅੱਗੇ ਮਦਦ ਦੀ ਅਪੀਲ ਕਰਨੀ ਪਵੇ ਜਾਂ ਇਹ ਸਾਬਤ ਕਰਨਾ ਪਵੇ ਕਿ ਉਹ ਦਾਨ ਦੇ 'ਲਾਇਕ' ਹੈ, ਤਾਂ ਉਸ ਦੇ ਅੰਦਰ ਇੱਕ ਅਣਚਾਹੀ ਹੀਣਤਾ ਅਤੇ ਅਹਿਸਾਨਮੰਦੀ ਦਾ ਬੋਝ ਪੈਦਾ ਹੋ ਸਕਦਾ ਹੈ। ਅਸਲ ਸਸ਼ਕਤੀਕਰਨ ਉਹ ਹੈ, ਜਿਸ 'ਚ ਨੌਜਵਾਨ ਆਪਣੇ ਹੱਕ ਨਾਲ ਅੱਗੇ ਵਧੇ, ਨਾ ਕਿ ਕਿਸੇ ਦੀ ਰਹਿਮਤ ਨਾਲ।

ਮਹਿੰਗੀ ਸਿੱਖਿਆ ਅਤੇ ਕਰਜ਼ੇ ਦਾ ਚੱਕਰ ਵੀ ਸਮਾਜ ਲਈ ਨੁਕਸਾਨਦੇਹ ਹੈ। ਜਿਹੜਾ ਵਿਦਿਆਰਥੀ ਭਾਰੀ ਕਰਜ਼ਾ ਲੈ ਕੇ ਡਿਗਰੀ ਹਾਸਲ ਕਰਦਾ ਹੈ, ਉਸਦੇ ਕੈਰੀਅਰ ਦੇ ਫ਼ੈਸਲੇ ਵੀ ਕਰਜ਼ੇ ਦੀਆਂ ਕਿਸ਼ਤਾਂ ਪ੍ਰਭਾਵਿਤ ਕਰਦੀਆਂ ਹਨ। ਇੱਕ ਨੌਜਵਾਨ ਡਾਕਟਰ, ਜਿਸ 'ਤੇ ਵੱਡਾ ਕਰਜ਼ਾ ਹੋਵੇ, ਸ਼ਾਇਦ ਪਿੰਡ ਦੇ ਸਰਕਾਰੀ ਹਸਪਤਾਲ 'ਚ ਘੱਟ ਆਮਦਨ 'ਤੇ ਸੇਵਾ ਕਰਨ ਦਾ ਜੋਖ਼ਮ ਨਾ ਲੈ ਸਕੇ। ਇਸੇ ਤਰ੍ਹਾਂ ਇੱਕ ਇੰਜੀਨੀਅਰ ਖੋਜ, ਨਵੀਨਤਾ ਜਾਂ ਜਨਤਕ ਖੇਤਰ ਦੀ ਬਜਾਏ ਵੱਧ ਤਨਖ਼ਾਹ ਵਾਲੀ ਨੌਕਰੀ ਜਾਂ ਵਿਦੇਸ਼ ਜਾਣ ਨੂੰ ਤਰਜੀਹ ਦੇ ਸਕਦਾ ਹੈ। ਇਸ ਤਰ੍ਹਾਂ ਸਿੱਖਿਆ ਦਾ ਵਪਾਰੀਕਰਨ ਦੇਸ਼ ਦੀ ਪ੍ਰਤਿਭਾ ਨੂੰ ਉਸ ਥਾਂ ਜਾਣ ਲਈ ਮਜਬੂਰ ਕਰਦਾ ਹੈ ਜਿੱਥੇ ਉਸਦੀ ਆਮਦਨ ਵੱਧ ਹੋਵੇ।

ਇਸ ਸਥਿਤੀ 'ਚ ਸਰਕਾਰ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ। ਜੇ ਸਰਕਾਰ ਆਪਣੀਆਂ ਬੁਨਿਆਦੀ ਜ਼ਿੰਮੇਵਾਰੀਆਂ ਤੋਂ ਪਿੱਛੇ ਹਟਦੀ ਹੈ ਅਤੇ ਮਹਿੰਗੇ ਪ੍ਰਾਈਵੇਟ ਅਦਾਰਿਆਂ ਦੇ ਫੈਲਾਅ ਨੂੰ ਰੋਕਣ ਦੀ ਥਾਂ ਉਨ੍ਹਾਂ 'ਤੇ ਨਿਰਭਰ ਕਰਦੀ ਹੈ, ਤਾਂ ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੁੰਦੀ ਜਾਵੇਗੀ। ਕਿਸੇ ਗ਼ਰੀਬ ਬੱਚੇ ਦੀ 30-40 ਲੱਖ ਦੀ ਫੀਸ ਕੋਈ ਦਾਨੀ ਭਰ ਦੇਵੇ, ਇਹ ਉਸ ਦਾਨੀ ਦੀ ਮਹਾਨਤਾ ਹੋ ਸਕਦੀ ਹੈ, ਪਰ ਇਸ ਨੂੰ ਸਿੱਖਿਆ ਪ੍ਰਣਾਲੀ ਦੀ ਸਫ਼ਲਤਾ ਨਹੀਂ ਕਿਹਾ ਜਾ ਸਕਦਾ।

ਸਾਨੂੰ ਇਹ ਸਮਝਣਾ ਪਵੇਗਾ ਕਿ ਦਾਨ ਇਕ ਚੰਗੀ ਸਮਾਜਿਕ ਭਾਵਨਾ ਹੈ, ਪਰ ਉਹ ਇਕ ਕਮਜ਼ੋਰ ਸਿੱਖਿਆ ਪ੍ਰਣਾਲੀ ਦਾ ਸਥਾਈ ਬਦਲ ਨਹੀਂ ਹੋ ਸਕਦਾ। ਸਥਾਈ ਹੱਲ ਲਈ ਪੇਸ਼ੇਵਰ ਸਿੱਖਿਆ ਦੀਆਂ ਫੀਸਾਂ 'ਤੇ ਪ੍ਰਭਾਵਸ਼ਾਲੀ ਕੰਟਰੋਲ, ਸਰਕਾਰੀ ਮੈਡੀਕਲ ਅਤੇ ਇੰਜੀਨੀਅਰਿੰਗ ਸੀਟਾਂ ਵਿੱਚ ਵੱਡਾ ਵਾਧਾ ਅਤੇ ਯੋਗ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਲਈ ਅਜਿਹੀਆਂ ਵਜ਼ੀਫ਼ਾ ਯੋਜਨਾਵਾਂ ਲਾਜ਼ਮੀ ਹਨ ਜੋ ਉਨ੍ਹਾਂ ਦਾ ਅਧਿਕਾਰ ਹੋਣ, ਦਾਨ ਨਹੀਂ।

ਦੇਸ਼ ਜੇ ਗਿਆਨ ਦੀ ਤਾਕਤ ਨਾਲ ਵਿਸ਼ਵ ਪੱਧਰ 'ਤੇ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸਨੂੰ ਆਪਣੀ ਪ੍ਰਤਿਭਾ ਨੂੰ ਪੈਸੇ ਦੀ ਕੰਧ ਪਿੱਛੇ ਨਹੀਂ ਛੱਡਣਾ ਚਾਹੀਦਾ। ਭਾਰਤ ਦੇ ਹੋਣਹਾਰ ਨੌਜਵਾਨਾਂ ਨੂੰ ਤਰਸ ਦੀ ਨਹੀਂ, ਮੌਕੇ ਦੀ ਲੋੜ ਹੈ; ਕਿਸੇ ਮਸੀਹੇ ਦੀ ਨਹੀਂ, ਮਜ਼ਬੂਤ ਸੰਸਥਾਵਾਂ ਦੀ ਲੋੜ ਹੈ।

ਕਿਸੇ ਦਾਨੀ ਵੱਲੋਂ ਇੱਕ ਗਰੀਬ ਬੱਚੇ ਦੀ ਫੀਸ ਭਰ ਦੇਣ ਦੀ ਕਹਾਣੀ ਨਿਸ਼ਚਤ ਤੌਰ 'ਤੇ ਮਨ ਨੂੰ ਖ਼ੁਸ਼ ਕਰਦੀ ਹੈ ਪਰ ਸਾਨੂੰ ਇਸ ਨੂੰ ਇੱਕ ਸਿਹਤਮੰਦ ਸਿੱਖਿਆ ਪ੍ਰਣਾਲੀ ਦੀ ਨਿਸ਼ਾਨੀ ਨਹੀਂ, ਸਗੋਂ ਇੱਕ ਅਜਿਹੇ ਸਿਸਟਮ ਦੀ ਚੇਤਾਵਨੀ ਵਜੋਂ ਦੇਖਣਾ ਚਾਹੀਦਾ ਹੈ ਜਿਸ ਵਿੱਚ ਇੱਕ ਹੋਣਹਾਰ ਬੱਚੇ ਨੂੰ ਆਪਣਾ ਭਵਿੱਖ ਬਚਾਉਣ ਲਈ ਦਾਨ ਮੰਗਣਾ ਪੈ ਰਿਹਾ ਹੈ। ਇਕ ਲੋਕਤੰਤਰ ਦੀ ਅਸਲ ਤਾਕਤ ਇਸ ਗੱਲ 'ਚ ਨਹੀਂ ਕਿ ਕਿੰਨੇ ਅਮੀਰ ਲੋਕਾਂ ਨੇ ਗਰੀਬ ਬੱਚਿਆਂ ਨੂੰ ਪੜ੍ਹਾਇਆ, ਸਗੋਂ ਇਸ ਗੱਲ 'ਚ ਹੈ ਕਿ ਦੇਸ਼ ਦਾ ਕੋਈ ਵੀ ਹੋਣਹਾਰ ਬੱਚਾ ਸਿਰਫ਼ ਪੈਸੇ ਦੀ ਕਮੀ ਕਾਰਨ ਪਿੱਛੇ ਨਾ ਰਹਿ ਜਾਵੇ। ਲੋਕਾਂ ਦਾ ਰਾਜਿਆ ਵਾਲੀ ਦਾਨ ਕਰਨ ਦੀ ਪ੍ਰਵਿਰਤੀ ਤੇ ਨਿਰਭਰ ਹੋਣਾ ਲੋਕ ਤੰਤਰ ਦੇ ਵਿਪਰੀਤ ਹੈ। ਸਿੱਖਿਆ ਦਾਨ ਨਹੀਂ-ਹੱਕ ਹੈ। ਵਿਦਿਆ ਪਰਉਕਾਰੀ ਨਹੀਂ ਵਿਉਪਾਰੀ ਵਿਰਤੀ ਧਾਰਨ ਕਰ ਗਈ ਹੈ। ਭਾਰਤੀ ਸੰਸਕ੍ਰਿਤੀ 'ਚ ਵਿਦਿਆ ਦਾਨ ਹੈ। ਸਰਕਾਰ ਵਿਦਿਆ ਦੀ ਜ਼ਿੰਮੇਵਾਰੀ ਲਵੇ ਤਾਂ ਕਿ ਵਿਦਿਆਰਥੀਆਂ 'ਚ ਵਿਦਿਆ ਗ੍ਰਹਿਣ ਕਰਨ ਤੋਂ ਬਾਅਦ ਸਮਾਜ ਲਈ ਕਲਿਆਣਕਾਰੀ ਅਤੇ ਪਰਉਪਕਾਰੀ ਪਰਵਿਰਤੀ ਉਜਾਗਰ ਰਹੇ।

# ਕੈਨੇਡਾ ਅਤੇ ਯੂਰੋਪੀਅਨ ਯੂਨੀਅਨ ਵਿਚਾਲੇ ਬਣਦੇ ਰਿਸ਼ਤੇ

**ਸੁਰਜੀਤ ਸਿੰਘ ਫਲੋਰਾ**
**(ਲੇਖਕ ਬਰੈਂਪਟਨ ਆਧਾਰਤ ਵੈਟਰਨ ਜਰਨਲਿਸਟ ਹੈ)**

ਯੂਰੋਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੂਲਾ ਵਾਨ ਡੇਰ ਲਾਇਨ ਨੇ 2026 ਦੇ ਆਪਣੇ ਸਟੇਟ ਆਫ ਦਿ ਯੂਨੀਅਨ ਸੰਬੋਧਨ ਦੌਰਾਨ ਬ੍ਰਸਲਜ਼ ਅਤੇ ਦੁਨੀਆ ਭਰ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਕੈਨੇਡਾ ਨੂੰ ਯੂਰੋਪੀਅਨ ਯੂਨੀਅਨ ਦਾ ਸਹਿਯੋਗੀ ਮੈਂਬਰ ਬਣਿਆ ਦੇਖਣਾ ਚਾਹੁੰਦੇ ਹਨ। ਯੂਰੋਪੀਅਨ ਸੰਸਦ ਦੀ ਮੁਖੀ ਰੋਬਰਟਾ ਮੇਟਸੋਲਾ, ਜੋ ਮਾਲਟਾ ਤੋਂ ਹਨ ਅਤੇ ਵਾਨ ਡੇਰ ਲਾਇਨ ਦੀ ਮੱਧ-ਸੱਜੇ ਪੱਖੀ ਪਾਰਟੀ ਨਾਲ ਜੁੜੀ ਹੋਈ ਹੈ, ਨੇ ਇਸ ਵਿਚਾਰ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵੀ ਇਸ ਹਾਲੇ ਤੱਕ ਪਰਿਭਾਸ਼ਤ ਨਾ ਕੀਤੀ ਗਈ ਸਹਿਯੋਗੀ ਮੈਂਬਰਸ਼ਿਪ ਲਈ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਮਾਲਟਾ ਅਤੇ ਕੈਨੇਡਾ ਵਾਂਗ ਇਹ ਦੋਵੇਂ ਦੇਸ਼ ਵੀ ਕਾਮਨਵੈਲਥ ਦੇ ਮੈਂਬਰ ਹਨ।

ਇਸ ਦੇ ਨਾਲ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀ ਯੂਰੋਪੀਅਨ ਯੂਨੀਅਨ ਨਾਲ ਵਪਾਰਕ, ਸੁਰੱਖਿਆ ਅਤੇ ਡਿਪਲੋਮੈਟਿਕ ਸਬੰਧ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਾਰਨ ਸਿੱਧਾ ਹੈ: ਅਮਰੀਕਾ ਵੱਲੋਂ ਲਗਾਤਾਰ ਟੈਰਿਫਾਂ ਦੀ ਧਮਕੀ, ਲਾਗੂ ਕੀਤੇ ਗਏ ਉਚੇਰੇ ਟੈਰਿਫ ਅਤੇ ਮੌਜੂਦਾ ਵਪਾਰਕ ਸਮਝੌਤਿਆਂ ਉੱਤੇ ਹਮਲਿਆਂ ਨੇ ਵਾਸ਼ਿੰਗਟਨ ਉੱਤੇ ਨਿਰਭਰਤਾ ਨੂੰ ਵੱਧ ਜੋਖ਼ਮ ਵਾਲਾ ਬਣਾ ਦਿੱਤਾ ਹੈ। ਅਮਰੀਕਾ ਅਜੇ ਵੀ ਕੈਨੇਡਾ ਦਾ ਸਭ ਤੋਂ ਵੱਡਾ ਆਰਥਿਕ ਸਾਂਝੇਦਾਰ ਹੈ ਪਰ ਹੁਣ ਇਹ ਰਿਸ਼ਤਾ ਸਥਿਰਤਾ ਦੀ ਗਾਰੰਟੀ ਨਹੀਂ ਦਿੰਦਾ। ਯੂਰਪੀਅਨ ਯੂਨੀਅਨ ਨਾਲ ਕੈਨੇਡਾ ਦਾ 'ਵਿਲੱਖਣ ਗੱਠਜੋੜ' ਅਮਰੀਕੀਆਂ ਤੋਂ ਦੂਰੀ ਬਣਾਉਣ ਦਾ ਐਲਾਨ ਨਹੀਂ ਹੈ। ਇਹ ਉਨ੍ਹਾਂ ਭਾਈਵਾਲਾਂ ਦੀ ਭਾਲ ਹੈ ਜੋ ਸਮਝੌਤਿਆਂ ਦਾ ਸਤਿਕਾਰ ਕਰਨ ਅਤੇ ਵ੍ਹਾਈਟ ਹਾਊਸ ਵਾਂਗ ਮੰਗ ਮੁਤਾਬਕ ਆਪਣੀ ਨੀਤੀ ਨਾ ਬਦਲਣ।

ਅਮਰੀਕਾ ਨਾਲ ਕੈਨੇਡਾ ਦਾ ਵਪਾਰਕ ਰਿਸ਼ਤਾ ਬੇਹੱਦ ਅਹਿਮ ਹੈ। ਇਹ ਦੋਵੇਂ ਦੇਸ਼ਾਂ ਦੀਆਂ ਫੈਕਟਰੀਆਂ, ਖੇਤਾਂ, ਊਰਜਾ ਢਾਂਚਿਆਂ ਅਤੇ ਜਨਤਕ ਜੀਵਨ ਵਿੱਚ ਰਚਿਆ ਹੋਇਆ ਹੈ। ਕੈਨੇਡਾ ਦੇ ਸਰਕਾਰੀ ਅੰਕੜਿਆਂ ਮੁਤਾਬਕ, 2024 ਵਿੱਚ ਉਸ ਦੇ ਵਸਤੂ ਨਿਰਯਾਤਾਂ ਦਾ ਲਗਪਗ ਤਿੰਨ-ਚੌਥਾਈ ਹਿੱਸਾ ਅਮਰੀਕਾ ਗਿਆ। ਇਸ ਪੱਧਰ ਦੇ ਵਪਾਰ ਨਾਲ ਰੁਜ਼ਗਾਰ ਅਤੇ ਕਸ਼ਲਤਾ ਨੂੰ ਫ਼ਾਇਦਾ ਹੁੰਦਾ ਹੈ।

ਪਰ ਇਸੇ ਨਿਰਭਰਤਾ ਨਾਲ ਜੋਖ਼ਮ ਵੀ ਵਧਦਾ ਹੈ। ਟੈਰਿਫ ਵਿਵਾਦ, ਸਰਹੱਦੀ ਦੇਰੀ ਜਾਂ ਰਾਸ਼ਟਰਪਤੀ ਦੀ ਧਮਕੀ ਕੈਨੇਡਾ ਭਰ ਵਿਚ ਨਿਵੇਸ਼ ਦੇ ਫ਼ੈਸਲੇ ਰੋਕ ਸਕਦੀ ਹੈ। ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਦੇ ਸਮਝੌਤੇ, ਜਿਸ ਨੂੰ ਕੁਸਮਾ ਕਿਹਾ ਜਾਂਦਾ ਹੈ, ਦਾ ਮਕਸਦ ਮਹਾਦੀਪੀ ਵਪਾਰ ਨੂੰ ਵਧੇਰੇ ਭਰੋਸੇਯੋਗ ਬਣਾਉਣਾ ਸੀ। ਫਿਰ ਵੀ ਟਰੰਪ ਪ੍ਰਸ਼ਾਸਨ ਦੇ ਟੈਰਿਫਾਂ ਅਤੇ ਧਮਕੀਆਂ ਨੇ ਦਿਖਾ ਦਿੱਤਾ ਕਿ ਕੀਤਾ ਹੋਇਆ ਸਮਝੌਤਾ ਵੀ ਉਸ ਸਰਕਾਰ ਨੂੰ ਨਹੀਂ ਰੋਕ ਸਕਦਾ ਜੋ ਬਾਜ਼ਾਰ ਤੱਕ ਪਹੁੰਚ ਨੂੰ ਦਬਾਅ ਦੇ ਸਾਧਨ ਵਜੋਂ ਵਰਤਣ ਲਈ ਤਿਆਰ ਹੋਵੇ।

ਅਪ੍ਰੈਲ 1941 ਵਿੱਚ ਪ੍ਰਧਾਨ ਮੰਤਰੀ ਵਿਲੀਅਮ ਲਾਇਨ ਮੈਕੈਂਜ਼ੀ ਕਿੰਗ ਨੇ ਨਿਊਯਾਰਕ ਦੇ ਹਾਈਡ ਪਾਰਕ ਵਿੱਚ ਰਾਸ਼ਟਰਪਤੀ ਫ੍ਰੈਂਕਲਿਨ ਡੀ.ਰੂਜ਼ਵੈਲਟ ਨਾਲ ਗੁਪਤ ਗੱਲਬਾਤ ਕੀਤੀ ਸੀ। ਚਰਚਾ ਮਹਾਦੀਪੀ ਰੱਖਿਆ ਅਤੇ ਜੰਗੀ ਉਤਪਾਦਨ ਬਾਰੇ ਸੀ। ਹਾਈਡ ਪਾਰਕ ਘੋਸ਼ਣਾ ਰਾਹੀਂ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੀਆਂ ਰੱਖਿਆ ਲੋੜਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ।

ਉਹ ਦਬਾਅ ਹੇਠ ਦੋ ਗੁਆਂਢੀ ਦੇਸ਼ਾਂ ਦਾ ਸਹਿਯੋਗ ਸੀ, ਕੈਨੇਡਾ ਵੱਲੋਂ ਆਪਣੀ ਫ਼ੈਸਲਾ ਕਰਨ ਦੀ ਸਮਰੱਥਾ ਛੱਡਣਾ ਨਹੀਂ। ਕੈਨੇਡਾ ਸਤੰਬਰ 1939 ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਸ਼ਾਮਲ ਹੋ ਗਿਆ ਸੀ, ਜਦੋਂ ਅਮਰੀਕਾ ਹਾਲੇ ਜੰਗ ਤੋਂ ਬਾਹਰ ਸੀ। ਇਸ ਇਤਿਹਾਸ ਤੋਂ ਅੱਜ ਵੀ ਇੱਕ ਸਬਕ ਮਿਲਦਾ ਹੈ: ਕੈਨੇਡਾ ਨੇ ਭਾਰੀ ਕੀਮਤ ਦੇ ਬਾਵਜੂਦ ਲੋਕਤੰਤਰੀ ਸਾਥੀਆਂ ਦਾ ਸਾਥ ਦਿੱਤਾ ਹੈ ਅਤੇ ਨਾਲ ਹੀ ਆਪਣੀ ਕਾਰਵਾਈ ਦੀ ਸਮਰੱਥਾ ਵੀ ਬਚਾਈ ਹੈ। ਕੈਨੇਡਾ ਨੂੰ ਆਪਸੀ ਨਿਰਭਰਤਾ ਨੂੰ ਲਾਚਾਰੀ ਨਹੀਂ ਸਮਝਣਾ ਚਾਹੀਦਾ। ਅਮਰੀਕੀ ਤੇ ਕੈਨੇਡੀਅਨ ਅਰਥਚਾਰਿਆਂ ਦੇ ਸਬੰਧ ਲੰਬੇ ਸਮੇਂ ਤੱਕ ਗੂੜ੍ਹੇ ਰਹਿਣਗੇ। ਦੋਵਾਂ ਦੇਸ਼ਾਂ ਦੀ ਰੱਖਿਆ ਭਾਈਵਾਲੀ ਦਾ ਵੀ ਕੋਈ ਆਸਾਨ ਬਦਲ ਨਹੀਂ ਹੈ। ਨੋਰਾਡ ਅਤੇ ਨਾਟੋ ਇਸ ਰਿਸ਼ਤੇ ਦੇ ਕੇਂਦਰੀ ਹਿੱਸੇ ਹਨ।

ਪਰ ਜਿਸ ਸਾਥੀ ਦਾ ਇੱਕੋ ਗਾਹਕ ਸਭ ਤੋਂ ਵੱਡਾ ਹੋਵੇ, ਉਸ ਕੋਲ ਨਿਯਮ ਬਦਲਣ ਵੇਲੇ ਜਵਾਬ ਦੇਣ ਦੀ ਗੁੰਜਾਇਸ਼ ਘੱਟ ਰਹਿੰਦੀ ਹੈ। ਯੂਰੋਪੀਅਨ ਯੂਨੀਅਨ ਨਾਲ ਕੈਨੇਡਾ ਦੇ ਵਿਲੱਖਣ ਗੱਠਜੋੜ ਦੀ ਅਸਲ ਕੀਮਤ ਉੱਤਰੀ ਅਮਰੀਕਾ ਤੋਂ ਬਾਹਰ ਨਿਕਲਣ ਵਿੱਚ ਨਹੀਂ, ਸਗੋਂ ਗੱਲਬਾਤ ਲਈ ਵਧੇਰੇ ਥਾਂ ਬਣਾਉਣ ਵਿੱਚ ਹੈ।

ਇਸ ਲਈ ਸੀਈਟੀਏ ਸਭ ਤੋਂ ਵਿਹਾਰਕ ਸ਼ੁਰੂਆਤ ਹੈ। ਕੈਨੇਡਾ ਅਤੇ ਯੂਰੋਪੀਅਨ ਯੂਨੀਅਨ ਦਾ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤਾ ਸਤੰਬਰ 2017 ਤੋਂ ਅੰਸ਼ਿਕ ਤੌਰ ਉੱਤੇ ਲਾਗੂ ਹੈ। ਇਸ ਨੇ ਵਸਤਾਂ ਉੱਤੇ ਲੱਗਣ ਵਾਲੇ ਜ਼ਿਆਦਾਤਰ ਟੈਰਿਫ ਹਟਾਏ ਅਤੇ ਸੇਵਾਵਾਂ ਤੇ ਸਰਕਾਰੀ ਖ਼ਰੀਦ ਬਾਜ਼ਾਰਾਂ ਦੇ ਕੁਝ ਹਿੱਸੇ ਖੋਲ੍ਹੇ।

ਸੀ.ਈ.ਟੀ.ਏ. ਨੇ ਯੂਰੋਪੀਅਨ ਉਤਪਾਦ ਮਿਆਰਾਂ ਜਾਂ ਕੈਨੇਡਾ ਅਤੇ ਯੂਰੋਪੀਅਨ ਵਿਚਕਾਰ ਲੰਮੀ ਦੂਰੀ ਦੀ ਸਮੱਸਿਆ ਖ਼ਤਮ ਨਹੀਂ ਕੀਤੀ। ਫਿਰ ਵੀ ਕੈਨੇਡੀਅਨ ਕੰਪਨੀਆਂ ਕੋਲ ਅਜਿਹਾ ਨਿਯਮ-ਢਾਂਚਾ ਮੌਜੂਦ ਹੈ ਜਿਸ ਉੱਤੇ ਉਹ ਕੰਮ ਕਰ ਸਕਦੀਆਂ ਹਨ। ਇਹ ਕਿਸੇ ਸਿਖਰ ਸੰਮੇਲਨ ਵਿਚ ਕੀਤੇ ਗਏ ਭਵਿੱਖ ਦੇ ਵਾਅਦੇ ਨਾਲੋਂ ਵੱਖਰਾ ਹੈ।

ਯੂਰੋਪ ਨੂੰ ਬੈਟਰੀਆਂ, ਊਰਜਾ ਪ੍ਰਣਾਲੀਆਂ, ਉਤਪਾਦਨ ਅਤੇ ਰੱਖਿਆ ਖੇਤਰ ਲਈ ਭਰੋਸੇਯੋਗ ਸਪਲਾਈ ਦੀ ਲੋੜ ਹੈ। ਕੈਨੇਡਾ ਖਣਿਜ, ਖ਼ੁਰਾਕ, ਊਰਜਾ, ਉੱਨਤ ਉਤਪਾਦਨ ਅਤੇ ਸਥਿਰ ਕਾਨੂੰਨੀ ਪ੍ਰਣਾਲੀ ਮੁਹੱਈਆ ਕਰ ਸਕਦਾ ਹੈ। ਕੈਨੇਡਾ ਦੀ ਨਾਜ਼ੁਕ ਖਣਿਜ ਰਣਨੀਤੀ ਨੇ ਦੇਸ਼ ਦੀ ਅਰਥਵਿਵਸਥਾ ਅਤੇ ਸੁਰੱਖਿਆ ਲਈ 31 ਖਣਿਜਾਂ ਨੂੰ ਅਹਿਮ ਦਰਜਾ ਦਿੱਤਾ ਹੈ।

ਨਿੱਕਲ, ਕੋਬਾਲਟ, ਗ੍ਰੇਫਾਈਟ, ਲੀਥੀਅਮ, ਯੂਰੇਨੀਅਮ, ਪੋਟਾਸ਼, ਐਲੂਮੀਨੀਅਮ ਅਤੇ ਸਵੱਛ ਊਰਜਾ ਯੂਰਪੀ ਉਦਯੋਗਾਂ ਲਈ ਮਹੱਤਵ ਰੱਖਦੇ ਹਨ। ਪਰ ਸਿਰਫ਼ ਭੰਡਾਰ ਹੋਣ ਨਾਲ ਸਪਲਾਈ ਲੜੀ ਨਹੀਂ ਬਣਦੀ। ਖਾਣਾਂ ਲਈ ਮਨਜ਼ੂਰੀਆਂ ਚਾਹੀਦੀਆਂ ਹਨ, ਪ੍ਰੋਸੈਸਿੰਗ ਲਈ ਨਿਵੇਸ਼ ਲੋੜੀਂਦਾ ਹੈ ਅਤੇ ਪ੍ਰਾਜੈਕਟਾਂ ਲਈ ਆਦਿਵਾਸੀ ਭਾਈਚਾਰਿਆਂ ਅਤੇ ਜਨਤਾ ਨਾਲ ਅਰਥਪੂਰਨ ਭਾਈਵਾਲੀ ਜ਼ਰੂਰੀ ਹੈ।

ਕੈਨੇਡਾ ਯੂਰੋਪ ਲਈ ਕਿਸੇ ਵੀ ਵਸਤੂ ਦਾ ਇਕਮਾਤਰ ਸਰੋਤ ਨਹੀਂ ਬਣੇਗਾ ਪਰ ਉਹ ਇਕ ਵਧੇਰੇ ਭਰੋਸੇਯੋਗ ਸਰੋਤ ਬਣ ਸਕਦਾ ਹੈ। ਯੂਰੋਪੀਅਨ ਯੂਨੀਅਨ ਕੋਲ ਵੀ ਕੈਨੇਡਾ ਨਾਲ ਸਬੰਧ ਵਧਾਉਣ ਦੇ ਸਪੱਸ਼ਟ ਕਾਰਨ ਹਨ। ਯੂਰੋਪ ਨੂੰ ਭਰੋਸੇਯੋਗ ਊਰਜਾ, ਖਣਿਜ, ਖ਼ੁਰਾਕ, ਰੱਖਿਆ ਸਹਿਯੋਗ ਅਤੇ ਅਜਿਹੇ ਲੋਕਤੰਤਰੀ ਭਾਈਵਾਲਾਂ ਦੀ ਲੋੜ ਹੈ ਜੋ ਵਾਅਦੇ ਪੂਰੇ ਕਰ ਸਕਣ।







ਜਗਮੋਹਨ ਸਿੰਘ 'ਲੱਕੀ'
9463819174

**ਭਾਰਤ ਵਿੱਚ ਜਿਸ ਤਰੀਕੇ ਨਾਲ ਅਮਰਵੇਲ ਵਾਂਗ ਮਹਿੰਗਾਈ ਵਧਦੀ ਜਾ ਰਹੀ ਹੈ, ਉਸੇ ਹਿਸਾਬ ਨਾਲ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਦੀ ਕੀਮਤ ਵਿੱਚ ਵਾਧਾ ਹੋ ਰਿਹਾ ਹੈ। ਜਿਹੜਾ ਸੋਨਾ ਕਈ ਸਾਲ ਪਹਿਲਾਂ ਸਿਰਫ਼ 4 ਹਜ਼ਾਰ ਰੁਪਏ ਤੋਲਾ ਮਿਲਦਾ ਸੀ, ਉਸ ਦਾ ਭਾਅ ਹੁਣ ਡੇਢ ਲੱਖ ਰੁਪਏ ਪ੍ਰਤੀ ਤੋਲਾ ਤੋਂ ਉੱਪਰ ਹੋ ਗਿਆ ਹੈ। ਮਹਿੰਗੇ ਹੋਣ ਕਰਕੇ ਸੋਨੇ ਚਾਂਦੀ ਦੀ ਚਮਕ ਵਿੱਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਵੱਡੀ ਗਿਣਤੀ ਅਮੀਰ ਲੋਕ ਇਸ ਸਮੇਂ ਚੱਲ ਰਹੇ ਤਿਉਹਾਰੀਂ ਅਤੇ ਵਿਆਹਾਂ ਦੇ ਸੀਜ਼ਨ ਦੌਰਾਨ ਸੋਨੇ, ਚਾਂਦੀ ਅਤੇ ਹੀਰਿਆਂ ਦੇ ਗਹਿਣਿਆਂ ਦੀ ਖਰੀਦਦਾਰੀ ਕਰਦੇ ਵੇਖੇ ਜਾ ਰਹੇ ਹਨ। ਇਹ ਠੀਕ ਹੈ ਕਿ ਕਾਫ਼ੀ ਮਹਿੰਗਾ ਹੋਣ ਕਾਰਨ ਸੋਨਾ ਹੁਣ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ, ਪਰ ਸੋਨੇ ਦੀ ਚਮਕ ਵਿੱਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ।**



ਵਿਆਹਾਂ ਦੀ ਰੁੱਤ ਅਤੇ ਤਿਉਹਾਰੀਂ ਸੀਜ਼ਨ ਦੀ ਸ਼ੁਰੂਆਤ ਹੁੰਦੇ ਹੀ ਭਾਰਤੀ ਬਾਜ਼ਾਰਾਂ ਵਿੱਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਗਾਹਕਾਂ ਦੀ ਵਧਦੀ ਮੰਗ ਅਤੇ ਗਲੋਬਲ ਸੰਕੇਤਾਂ ਕਾਰਨ ਸਰਾਫ਼ਾ ਬਾਜ਼ਾਰ ਵਿੱਚ ਰੌਣਕ ਪਰਤ ਆਈ ਹੈ।

ਨਵਰਾਤਰਿਆਂ, ਦੁਸਹਿਰੇ ਅਤੇ ਦਿਵਾਲੀ ਦੇ ਨੇੜੇ ਆਉਣ ਨਾਲ ਲੋਕਾਂ ਵੱਲੋਂ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਦੀ ਖਰੀਦਦਾਰੀ ਕਾਫ਼ੀ ਵਧ ਗਈ ਹੈ। ਘਰੇਲੂ ਮੰਗ ਦੇ ਨਾਲ-ਨਾਲ ਕੌਮਾਂਤਰੀ ਬਾਜ਼ਾਰ ਵਿੱਚ ਚੱਲ ਰਹੀਆਂ ਆਰਥਿਕ ਤਬਦੀਲੀਆਂ ਕਾਰਨ ਕੀਮਤਾਂ ਲਗਾਤਾਰ ਨਵੇਂ ਰਿਕਾਰਡ ਬਣਾ ਰਹੀਆਂ ਹਨ। ਤਿਉਹਾਰੀਂ ਖਰੀਦਦਾਰੀ ਤੋਂ ਇਲਾਵਾ, ਅਮੀਰ ਲੋਕ ਅਤੇ ਪੂੰਜੀਪਤੀ ਸੁਰੱਖਿਅਤ ਨਿਵੇਸ਼ ਵਜੋਂ ਵੀ ਸੋਨੇ ਦੇ ਸਿੱਕੇ, ਸੋਨੇ ਦੇ ਬਿਸਕੁਟ, ਸੋਨੇ ਦੀਆਂ ਇੱਟਾਂ ਅਤੇ ਸੋਨੇ ਦੀ ਇੱਟ ਦੇ ਟੁਕੜੇ ਖਰੀਦਣ ਨੂੰ ਤਰਜੀਹ ਦੇ ਰਹੇ ਹਨ। ਕੀਮਤਾਂ 'ਚ ਵਾਧੇ ਦੇ ਵਿਚਕਾਰ ਗਲੋਬਲ ਬ੍ਰੋਕਰੇਜ ਫ਼ਰਮ ਜੇ.ਪੀ. ਮੌਰਗਨ ਨੇ ਅਨੁਮਾਨ ਲਗਾਇਆ ਹੈ ਕਿ ਸਾਲ 2026 ਦੇ ਅੰਤ ਤੱਕ ਸੋਨਾ 4,500 ਡਾਲਰ ਅਤੇ 2027 ਦੇ ਮੱਧ ਤੱਕ 5,000 ਡਾਲਰ ਪ੍ਰਤੀ ਔਂਸ ਦੇ ਇਤਿਹਾਸਿਕ ਪੱਧਰ ਨੂੰ ਛੂਹ ਸਕਦਾ ਹੈ। ਉੱਥੇ ਹੀ ਅਮਰੀਕੀ ਬੈਂਕ ਜੈਫ਼ਰੀਜ਼ ਦਾ ਅਨੁਮਾਨ ਹੈ ਕਿ ਸਾਲ 2027 ਤੱਕ ਸੋਨੇ ਦੀ ਕੀਮਤ 10 ਹਜ਼ਾਰ ਡਾਲਰ ਪ੍ਰਤੀ ਔਂਸ ਤੋਂ ਪਾਰ ਜਾ ਸਕਦੀ ਹੈ। ਸੋਨਾ ਬਹੁਤ ਮਹਿੰਗਾ ਹੋਣ ਦੇ ਬਾਵਜੂਦ ਭਾਰਤੀ ਮਹਿਲਾਵਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ।

ਭਾਰਤ ਨੂੰ ਕਿਸੇ ਸਮੇਂ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ। ਸੋਨਾ ਹਰ ਘਰ ਦੀ ਸੌਗਾਤ ਹੋਇਆ ਕਰਦਾ ਸੀ, ਪਰ ਵਿਦੇਸ਼ੀ ਲੁਟੇਰਿਆਂ ਨੇ ਭਾਰਤ ਨੂੰ ਕਈ ਵਾਰ ਆਪਣੀ ਲੁੱਟ ਦਾ ਸ਼ਿਕਾਰ ਬਣਾਇਆ ਅਤੇ ਮਣਾਂ-ਮੂੰਹੀ ਸੋਨਾ ਲੁੱਟ ਕੇ ਲੈ ਗਏ। ਉਨ੍ਹਾਂ ਦਾ ਮੁੱਖ ਨਿਸ਼ਾਨਾ ਹਿੰਦੂ ਮੰਦਿਰ ਸਨ ਜਿਨ੍ਹਾਂ ਵਿੱਚ ਸੋਨੇ ਦੇ ਅੰਬਾਰ ਲੱਗੇ ਹੋਏ ਸਨ ਅਤੇ ਹਿੰਦੂ ਮੂਰਤੀਆਂ ਸੋਨੇ ਨਾਲ ਲੱਦੀਆਂ ਪਈਆਂ ਸਨ। ਦੁੱਖ ਦੀ ਗੱਲ ਤਾਂ ਇਹ ਸੀ ਕਿ ਉਨ੍ਹਾਂ ਲੁਟੇਰਿਆਂ ਨੂੰ ਰੋਕਣ ਵਾਲਾ ਜਾਂ ਉਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਸੀ ਜਿਸ ਕਰਕੇ ਉਨ੍ਹਾਂ ਨੇ ਲੁੱਟ ਨੂੰ ਆਪਣਾ ਸੌਖਾ ਅਤੇ ਮਨੋਰੰਜਕ ਸਾਧਨ ਬਣਾ ਲਿਆ। ਮੁਹੰਮਦ ਗੌਰੀ, ਗਜ਼ਨਵੀ ਅਤੇ ਅਹਿਮਦਸ਼ਾਹ ਅਬਦਾਲੀ ਵਰਗੇ ਤਾਂ ਇਸ ਦੇਸ਼ ਨੂੰ ਬੁਰੀ ਤਰ੍ਹਾਂ ਨੋਚਦੇ ਰਹੇ ਅਤੇ ਜਿੰਨਾ ਉਨ੍ਹਾਂ ਨੇ ਚਾਹਿਆ ਦੇਸ਼ ਵਿੱਚੋਂ ਸੋਨਾ ਲੁੱਟਿਆ। ਸ਼ਾਇਦ ਉਸ ਲੁੱਟ ਦਾ ਅਸਰ ਹੀ ਅੱਜ ਦੇ ਗ਼ਰੀਬ ਭਾਰਤ ਵਾਸੀ ਮਹਿਸੂਸ ਕਰ ਰਹੇ ਹਨ। ਸੋਨਾ ਇੱਕ ਅਚੱਲ ਮੁਦਰਾ ਹੈ ਜਿਸ ਦੀ ਅਮੀਰਾਂ ਨੂੰ ਹੀ ਨਹੀਂ, ਸਗੋਂ ਗ਼ਰੀਬਾਂ ਨੂੰ ਵੀ ਲੋੜ ਹੁੰਦੀ ਹੈ। ਸੋਨਾ ਹੀ ਤਾਂ ਹੈ ਜੋ ਗ਼ਰੀਬ ਆਪਣੀ ਪੂੰਜੀ ਦੇ ਤੌਰ 'ਤੇ ਸਾਂਭ-ਸਾਂਭ ਰੱਖਦੇ ਹਨ ਅਤੇ ਚੋਰਾਂ-ਉਚੱਕਿਆਂ ਤੋਂ ਬਚਾਉਣ ਲਈ ਗੁਪਤ ਤੌਰ 'ਤੇ ਲੁਕੋ ਕੇ ਰੱਖਦੇ ਹਨ। ਸਦੀਆਂ ਤੋਂ ਹੀ ਸੋਨਾ ਮਨੁੱਖ ਦੀ ਮਹਿੰਗੀ ਅਤੇ ਭਰੋਸੇਯੋਗ ਧਾਤੂ ਦੇ ਤੌਰ 'ਤੇ ਮਦਦ ਕਰਦਾ ਆਇਆ ਹੈ। ਇਹੀ ਕਾਰਨ ਹੁੰਦਾ ਸੀ ਕਿ ਮਨੁੱਖ ਨੇ ਇਸ ਨੂੰ ਆਪਣੀ ਜਮਾਂ-ਪੂੰਜੀ ਦੇ ਤੌਰ 'ਤੇ ਹੀ ਨਹੀਂ ਸਗੋਂ ਆਪਣੇ ਸੁਹੱਪਣ ਨੂੰ ਸ਼ਿੰਗਾਰਨ ਲਈ ਗਹਿਣਿਆਂ ਦੇ ਰੂਪ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਸੀ।



ਭਾਰਤ ਦੀਆਂ ਮਹਿਲਾਵਾਂ ਦੀ ਵੱਖਰੀ ਪਹਿਚਾਣ ਸੋਨੇ -ਚਾਂਦੀ ਦੇ ਗਹਿਣਿਆਂ ਨੂੰ ਪਾਉਣ ਕਰਕੇ ਵੀ ਬਣੀ ਹੋਈ ਹੈ। ਵੱਡੀ ਗਿਣਤੀ ਭਾਰਤੀ ਮਹਿਲਾਵਾਂ ਸੋਨੇ ਚਾਂਦੀ ਅਤੇ ਹੀਰੇ ਦੇ ਗਹਿਣੇ ਹਰ ਸਮੇਂ ਪਾਉਂਦੀਆਂ ਹਨ। ਜਿਵੇਂ ਜਿਵੇਂ ਸੋਨੇ ਚਾਂਦੀ ਦੇ ਗਹਿਣੇ ਮਹਿੰਗੇ ਹੁੰਦੇ ਜਾ ਰਹੇ ਹਨ, ਉਵੇਂ ਹੀ ਸੋਨੇ ਚਾਂਦੀ ਦੇ ਗਹਿਣੇ ਪਾਉਣ ਵਾਲੀਆਂ ਮਹਿਲਾਵਾਂ ਦੀ ਸੁਰੱਖਿਆ ਵੀ ਖ਼ਤਰੇ ਵਿੱਚ ਪੈਣ ਦੇ ਆਸਾਰ ਬਣਦੇ ਜਾ ਰਹੇ ਹਨ। ਭਾਰਤ ਦੀਆਂ ਵੱਡੀ ਗਿਣਤੀ ਮਹਿਲਾਵਾਂ ਜਿਥੇ ਸੋਨੇ ਦੇ ਕੁਝ ਗਹਿਣੇ ਸਦਾ ਪਾਈ ਰੱਖਦੀਆਂ ਹਨ, ਉਥੇ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਅਨੇਕਾਂ ਅਜਿਹੇ ਕਬੀਲੇ ਹਨ, ਜਿਨ੍ਹਾਂ ਦੀਆਂ ਮਹਿਲਾਵਾਂ ਚਾਂਦੀ ਦੇ ਕਾਫ਼ੀ ਗਹਿਣੇ ਪਾਈ ਰਖਦੀਆਂ ਹਨ। ਹੁਣ ਚਾਂਦੀ ਵੀ ਕਾਫ਼ੀ ਮਹਿੰਗੀ ਹੋਣ ਕਰਕੇ ਇਸ ਦੇ ਗਹਿਣਿਆਂ ਦੀ ਕੀਮਤ ਵੀ ਕਾਫ਼ੀ ਵੱਧ ਗਈ ਹੈ।

ਰਾਜਸਥਾਨ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਹੋਰ ਰਾਜਾਂ ਵਿੱਚ ਅਨੇਕਾਂ ਆਮ ਮਹਿਲਾਵਾਂ ਨੂੰ ਚਾਂਦੀ ਦੇ ਭਾਰੀ ਗਹਿਣੇ ਪਾਈ ਵੇਖਿਆ ਜਾਂਦਾ ਹੈ, ਜੋ ਕਿ ਸਬਜ਼ੀ ਵੇਚਣ ਜਾਂ ਹੋਰ ਕੋਈ ਕੰਮ ਆਦਿ ਵੀ ਕਰਦੀਆਂ ਦਿਖਾਈ ਦਿੰਦੀਆਂ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਘਰੇਲੂ ਮਹਿਲਾਵਾਂ ਵੀ ਅਕਸਰ ਦਿਨ ਰਾਤ ਸੋਨੇ ਚਾਂਦੀ ਦੇ ਗਹਿਣੇ ਪਾਈ ਰੱਖਦੀਆਂ ਹਨ। ਸੋਨੇ ਚਾਂਦੀ ਦੇ ਗਹਿਣੇ ਪਾਉਣ ਵਾਲੀਆਂ ਮਹਿਲਾਵਾਂ ਦੀ ਸੁਰੱਖਿਆ ਅਕਸਰ ਖ਼ਤਰੇ ਵਿੱਚ ਪੈ ਜਾਂਦੀ ਹੈ। ਅਕਸਰ ਵਿਆਹ ਸ਼ਾਦੀਆਂ, ਭੀੜ ਭੜੱਕੇ ਵਾਲੀਆਂ ਥਾਂਵਾਂ, ਬੱਸਾਂ, ਰੇਲ ਗੱਡੀਆਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਸਬਜ਼ੀ ਮੰਡੀਆਂ ਅਤੇ ਹੋਰ ਜਨਤਕ ਥਾਂਵਾਂ



ਤੇ ਚੋਰ ਸਰਗਰਮ ਹੁੰਦੇ ਹਨ ਜੋ ਕਿ ਮਹਿਲਾਵਾਂ ਦੇ ਸੋਨੇ ਦੇ ਗਹਿਣੇ ਚੋਰੀ ਕਰ ਲੈਂਦੇ ਹਨ। ਕਈ ਵਾਰ ਚੋਰਾਂ ਵੱਲੋਂ ਮਹਿਲਾਵਾਂ ਦੇ ਗਲੇ ਵਿੱਚ ਪਾਈ ਹੋਈ ਸੋਨੇ ਦੀ ਚੈਨੀ ਏਨੇ ਜੋਰ ਨਾਲ ਖਿੱਚੀ ਜਾਂਦੀ ਹੈ ਕਿ ਮਹਿਲਾ ਦੀ ਗਰਦਨ ਜ਼ਖ਼ਮੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਕਈ ਵਾਰ ਚੋਰਾਂ ਅਤੇ ਝਪਟਮਾਰਾਂ ਵੱਲੋਂ ਮਹਿਲਾਵਾਂ ਦੀਆਂ ਕੰਨਾਂ ਵਿੱਚ ਪਾਈਆਂ ਸੋਨੇ ਦੀਆਂ ਵਾਲੀਆਂ ਨੂੰ ਜਬਰਦਸਤੀ ਖਿੱਚ ਲਿਆ ਜਾਂਦਾ ਹੈ ਜਿਸ ਕਾਰਨ ਮਹਿਲਾਵਾਂ ਦੇ ਕੰਨ ਪਾਟ ਜਾਂਦੇ ਹਨ। ਭਾਰਤ ਦੇ ਹਰ ਇਲਾਕੇ ਵਿੱਚ ਸੋਨੇ ਚਾਂਦੀ ਦੇ ਗਹਿਣੇ ਚੋਰੀ ਹੋਣ ਅਤੇ ਝਪਟ ਮਾਰਨ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ ਵਿੱਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ।

ਕੁਝ ਸਮਾਂ ਪਹਿਲਾਂ ਰਾਜਸਥਾਨ ਦੇ ਭੀਲਵਾੜਾ ਜ਼ਿਲ੍ਹੇ ਦੇ ਅਰਵਾੜ ਇਲਾਕੇ ਦੇ ਪਿੰਡ ਕੋਠਿਆ ਤੋਂ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਸੀ। ਉਥੇ ਇੱਕ ਘਰ ਵਿਚੋਂ ਚੋਰਾਂ ਨੇ ਇੱਕ 90 ਸਾਲ ਦੀ ਮਹਿਲਾ ਨੂੰ ਉਸ ਦੇ ਪਲੰਘ ਦੇ ਨਾਲ ਅਗਵਾ ਕਰ ਲਿਆ ਤਾਂ ਕਿ ਮਹਿਲਾ ਦੇ ਪਾਏ ਹੋਏ ਡੇਢ ਕਿਲੋ ਚਾਂਦੀ ਦੇ ਗਹਿਣਿਆਂ ਨੂੰ ਲੁੱਟਿਆ ਜਾ ਸਕੇ। ਭਾਵੇਂ ਕਿ ਪਿੰਡ ਵਾਲਿਆਂ ਦੀ ਬਹਾਦਰੀ ਨਾਲ ਚੋਰ ਮਹਿਲਾ ਦੇ ਗਹਿਣੇ ਨਹੀਂ ਲੁੱਟ ਸਕੇ ਅਤੇ ਖੇਤਾਂ ਵਿੱਚ ਮਹਿਲਾ ਨੂੰ ਉਸ ਦੇ ਹੱਥ ਪੈਰ ਬੰਨ੍ਹ ਕੇ ਪਲੰਘ ਸਮੇਤ ਛੱਡ ਕੇ ਫ਼ਰਾਰ ਹੋ ਗਏ। ਇਸ ਤੋਂ ਪਹਿਲਾਂ ਰਾਜਸਥਾਨ ਦੇ ਸਵਾਈ ਮਾਧੋਪੁਰ ਜ਼ਿਲ੍ਹੇ ਦੇ ਕੋਡਾਈ ਪਿੰਡ ਵਿੱਚ ਇੱਕ ਮਹਿਲਾ ਦਾ ਕਤਲ ਉਸ ਦੇ ਚਾਂਦੀ ਦੇ ਗਹਿਣਿਆਂ ਨੂੰ ਲੁੱਟਣ ਲਈ ਹੀ ਕੀਤਾ ਗਿਆ ਸੀ। ਸਿਰਫ਼ ਸੋਨੇ ਦੇ ਗਹਿਣੇ ਪਾਉਣ ਵਾਲੀਆਂ ਮਹਿਲਾਵਾਂ ਹੀ ਨਹੀਂ ਬਲਕਿ ਚਾਂਦੀ ਦੇ ਗਹਿਣੇ ਪਾਉਣ ਵਾਲੀਆਂ ਮਹਿਲਾਵਾਂ ਦੀ ਸੁਰੱਖਿਆ ਵੀ ਖ਼ਤਰੇ ਵਿੱਚ ਪੈ ਗਈ ਹੈ।

ਪੰਜਾਬ ਵਿੱਚ ਵੀ ਸੋਨੇ ਚਾਂਦੀ ਦੇ ਗਹਿਣੇ ਚੋਰੀ ਹੋਣ, ਝਪਟ ਮਾਰ ਕੇ ਖੋਹ ਲੈਣ ਜਾਂ ਲੁੱਟ ਲੈਣ ਦੀਆਂ ਘਟਨਾਵਾਂ ਬਹੁਤ ਵਾਪਰ ਰਹੀਆਂ ਹਨ। ਇਸ ਦਾ ਇੱਕ ਕਾਰਨ ਸੋਨੇ ਚਾਂਦੀ ਦੀਆਂ ਕੀਮਤਾਂ ਵਿੱਚ ਬਹੁਤ ਵਾਧਾ ਹੋ ਜਾਣਾ ਵੀ ਹੈ। ਮਹਿਲਾਵਾਂ ਨੂੰ ਜਿਥੇ ਆਪਣੀ ਸੁਰੱਖਿਆ ਲਈ ਚੌਕਸ ਰਹਿਣਾ ਚਾਹੀਦਾ ਹੈ ਉਥੇ ਜਨਤਕ ਥਾਂਵਾਂ ਤੇ ਸੋਨੇ ਚਾਂਦੀ ਦੇ ਗਹਿਣੇ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਿੱਖ ਆਚਰਨ ਕਿਵੇਂ ਕਾਇਮ ਹੋਵੇ?

## ਗੁਰਮਤਿ ਤੋਂ ਦੂਰ ਹੁੰਦਾ ਸਮਾਜ ਚਿੰਤਾ ਦਾ ਵਿਸ਼ਾ

ਸਿੱਖ ਸੰਸਾਰ ਦੇ ਲਗ-ਪਗ ਹਰ ਇੱਕ ਕੋਣੇ ਵਿੱਚ ਮੌਜੂਦ ਹਨ। ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਤਕਨੀਕ ਦੇ ਪੱਧਰ 'ਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਕਾਰਜ ਸਮੁੱਚੀ ਸਿੱਖ ਕੌਮ ਦੀ ਵੱਖਰੀ ਪਛਾਣ ਅਤੇ ਕਿਰਦਾਰ ਸਥਾਪਿਤ ਕਰਨ ਵਾਲੇ ਹਨ। ਧਾਰਮਿਕ ਤੌਰ 'ਤੇ ਸਿੱਖਾਂ ਵੱਲੋਂ ਸੰਸਾਰ ਭਰ ਵਿਚ ਚਲਾਏ ਜਾ ਰਹੇ ਲੰਗਰ ਨੇ ਆਮ ਲੋਕਾਂ ਵਿਚ ਇਹ ਜਾਣਨ ਦੀ ਖਿੱਚ ਪੈਦਾ ਕੀਤੀ ਹੈ ਕਿ ਇੰਨੇ ਵੱਡੇ ਪੱਧਰ 'ਤੇ ਮੁਫ਼ਤ ਭੋਜਨ ਕਿਵੇਂ ਛਕਾਇਆ ਜਾ ਸਕਦਾ ਹੈ। ਇਸ ਪਿੱਛੇ ਕਿਹੜੀ ਵਿਚਾਰਧਾਰਾ ਕੰਮ ਕਰ ਰਹੀ ਹੈ ਜਿਸ ਨੇ ਦੂਜਿਆਂ ਪ੍ਰਤੀ ਪਰਉਪਕਾਰ ਦੀ ਭਾਵਨਾ ਨੂੰ ਨਿਰੰਤਰ ਜਾਰੀ ਰੱਖਿਆ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਸਿੱਖ ਕੌਮ ਦਾ ਕੇਂਦਰੀ ਧੁਰਾ ਹਨ ਜਿਸ ਵਿਚ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਅਜਿਹੇ ਸਦਗੁਣ ਪੈਦਾ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ ਜਿਹੜੇ ਕਿ ਸਮਾਜ ਵਿਚ ਆਦਰਸ਼ ਪੈਦਾ ਕਰਨ ਵਾਲੇ ਹੋਣ। 'ਕਿਵ ਸਚਿਆਰਾ ਹੋਈਐ' ਦੇ ਉਦੇਸ਼ ਨਾਲ ਰਚੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਿੱਖਾਂ ਵਿਚ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੀ ਭਾਵਨਾ ਅਤੇ ਪਰੰਪਰਾ ਨੂੰ ਜਨਮ ਦਿੱਤਾ ਹੈ ਜਿਸ ਨੂੰ ਜੀਵਨ ਵਿਚ ਧਾਰਨ ਕਰਕੇ ਉਹਨਾਂ ਨੇ ਸਿੱਖੀ ਆਦਰਸ਼ ਕਾਇਮ ਕਰਨ ਦਾ ਕਾਰਜ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਵੱਲੋਂ ਅਜਿਹੀ ਮਰਯਾਦਾ ਅਤੇ ਪਰੰਪਰਾ ਨੂੰ ਪਰਪੱਕ ਕਰਨ ਦਾ ਯਤਨ ਕੀਤਾ ਗਿਆ ਜਿਹੜੀ ਕਿ ਸਮਾਜ ਵਿਚ ਦੈਵੀ ਆਦਰਸ਼ ਪੈਦਾ ਕਰਨ ਵਾਲੀ ਹੋਵੇ। ਜਿਹੜੀ ਪਰੰਪਰਾ ਸੁਚਾਰੂ ਰੂਪ ਵਿਚ ਕਾਰਜ ਨਹੀਂ ਕਰ ਸਕੀ, ਉਸ ਨੂੰ ਤੁਰੰਤ ਬੰਦ ਕਰਕੇ ਨਵਾਂ ਰਸਤਾ ਅਖ਼ਤਿਆਰ ਕਰਨ ਦਾ ਮਾਰਗ ਦੱਸਿਆ ਗਿਆ ਹੈ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਮਸੰਦ ਪ੍ਰਥਾ ਨੂੰ ਖਤਮ ਕਰਕੇ ਸਿੱਖਾਂ ਨੂੰ ਸਿੱਧੇ ਹੀ ਗੁਰੂ-ਘਰ ਨਾਲ ਜੁੜਨ ਦਾ ਆਦੇਸ਼ ਜਾਰੀ ਕੀਤਾ ਗਿਆ ਸੀ। ਇਸੇ ਤਰ੍ਹਾਂ ਸਿੱਖ ਰਹਿਤ ਮਰਯਾਦਾ ਵਿਚ ਗੁਰੂ ਸਾਹਿਬ ਵੱਲੋਂ ਸਿਰਜੇ ਆਦਰਸ਼ਾਂ ਦੀ ਸ਼ੁੱਧਤਾ ਵਿੱਚ ਵਿਘਨ ਪਾਉਣ ਵਾਲਿਆਂ ਤੋਂ ਦੂਰ ਰਹਿਣ ਦਾ ਆਦੇਸ਼ ਕੀਤਾ ਗਿਆ।



ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੇ ਰੂਪ ਵਿਚ ਜਿਹੜਾ ਆਚਰਣ ਪੈਦਾ ਕੀਤਾ ਸੀ, ਉਸ ਦਾ ਪਹਿਲਾ ਰੂਪ ਬਾਬਾ ਬੰਦਾ ਸਿੰਘ ਬਹਾਦਰ ਰਾਹੀਂ ਸਾਹਮਣੇ ਆਇਆ ਸੀ ਜਿਸ ਨੇ ਜ਼ੁਲਮ ਦੀ ਹਕੂਮਤ ਖਤਮ ਕਰਕੇ ਨੀਵੀਆਂ ਜਾਤਾਂ ਵਿਚੋਂ ਲੋਕਾਂ ਨੂੰ ਸਰਦਾਰੀਆਂ ਬਖ਼ਸ਼ੀਆਂ ਸਨ। ਇਸ ਤੋਂ ਬਾਅਦ ਜ਼ੁਲਮ ਦੀ ਹਨੇਰੀ ਵਿਚੋਂ ਲੰਘਦੇ ਹੋਏ ਸਿੱਖਾਂ ਨੇ ਅਨੇਕਾਂ ਤਸੀਹੇ ਝੱਲੇ ਪਰ ਗੁਰੂ ਸਾਹਿਬਾਨ ਵੱਲੋਂ ਦੱਸੇ ਗਏ ਮਾਰਗ 'ਤੇ ਅਡੋਲ ਚੱਲਦੇ ਰਹੇ। ਸਥਾਨਿਕ ਹਾਕਮਾਂ ਅਤੇ ਬਾਹਰੀ ਹਮਲਾਵਰਾਂ ਦਾ ਟਾਕਰਾ ਕਰਦੇ ਹੋਏ ਸਿੱਖਾਂ ਨੇ ਕਦੇ ਵੀ ਕਮਜ਼ੋਰੀ ਨਹੀਂ ਦਿਖਾਈ ਅਤੇ ਹਮੇਸ਼ਾਂ ਚੜ੍ਹਦੀਕਲਾ ਵਿਚ ਰਹੇ।

ਇੱਥੋਂ ਤੱਕ ਕੇ ਹਮਲਾਵਰਾਂ ਦੇ ਨਾਲ ਆਉਣ ਵਾਲੇ ਲੇਖਕ ਵੀ ਸਿੱਖਾਂ ਦੇ ਆਚਰਣ ਦੀ ਪ੍ਰਸੰਸਾ ਕੀਤੇ ਬਿਨਾ ਨਾ ਰਹਿ ਸਕੇ। ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਸਮੇਂ ਇਕ ਲੇਖਕ ਕਾਜ਼ੀ ਨੂਰ ਮੁਹੰਮਦ ਉਸ ਦੇ ਨਾਲ ਸੀ, ਜਿਸ ਨੇ ਸਿੱਖਾਂ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ ਕਿ ਸਿੱਖ ਸ਼ੇਰਾਂ ਵਾਂਗ ਦਲੇਰ ਹਨ, ਮੈਦਾਨ ਛੱਡ ਕੇ ਭੱਜ ਜਾਣ ਵਾਲੇ ਦਾ ਪਿੱਛਾ ਨਹੀਂ ਕਰਦੇ, ਵਿਭਚਾਰ ਅਤੇ ਚੋਰੀ ਨਹੀਂ ਕਰਦੇ, ਇਸਤਰੀਆਂ ਨੂੰ ਨਹੀਂ ਲੁੱਟਦੇ ਆਦਿ।

ਅਠਾਰਵੀਂ ਸਦੀ ਵਿੱਚ ਆਮ ਲੋਕਾਂ ਨੇ ਸਿੱਖਾਂ ਦਾ ਜਿਹੜਾ ਆਚਰਣ ਯੋਧਿਆਂ ਅਤੇ ਜਰਨੈਲਾਂ ਦੇ ਰੂਪ ਵਿੱਚ ਦੇਖਿਆ ਸੀ, ਉਸ ਵਿਚੋਂ ਗੁਰੂ ਸਾਹਿਬਾਨ ਵੱਲੋਂ ਘੜੇ ਗਏ ਆਦਰਸ਼ ਮਨੁੱਖ ਦੀ ਤਸਵੀਰ ਸਪਸ਼ਟ ਨਜ਼ਰ ਆਉਂਦੀਸੀ। ਇਸ ਤਸਵੀਰ ਨੇ ਆਮ ਲੋਕਾਂ ਵਿਚ ਸਿੱਖਾਂ ਪ੍ਰਤੀ ਸਤਿਕਾਰ ਪੈਦਾ ਕਰ ਦਿੱਤਾ ਸੀ ਜਿਸ ਨੂੰ ਦੇਖ ਕੇ ਬਹੁਤ ਸਾਰੇ ਹਿੰਦੂ ਪਰਿਵਾਰਾਂ ਵਿਚ ਵੱਡੇ ਪੁੱਤਰ ਨੂੰ ਸਿੱਖ ਸਜਾਉਣ ਦੀ ਭਾਵਨਾ ਪੈਦਾ ਹੋ ਗਈ ਸੀ। ਮਨੂੰ ਦੀ ਦਾਤਰੀ ਅੱਗੇ ਸਿੱਖੀ ਸਰੂਪ ਵਿੱਚ ਪੇਸ਼ ਹੋਣਾ ਵੱਡੀ ਗੱਲ ਸਮਝੀ ਜਾਣ ਲੱਗੀ ਸੀ।

ਉਨੀਵੀਂ ਸਦੀ ਵਿਚ ਸਿੱਖ ਰਾਜ ਭਾਗ ਦੇ ਮਾਲਕ ਬਣੇ ਅਤੇ ਹੌਲੀ-ਹੌਲੀ ਸਿੱਖ ਸਮਾਜ ਵਿੱਚ ਉਹ ਸਾਰੀਆਂ ਕਮੀਆਂ ਕਮਜ਼ੋਰੀਆਂ ਪੈਦਾ ਹੋ ਗਈਆਂ ਜਿਹੜੀਆਂ ਕਿ ਕਮਜ਼ੋਰ ਮਾਨਸਿਕਤਾ ਵਾਲੇ ਲੋਕਾਂ ਵਿਚ ਦੇਖੀਆਂ ਜਾਂਦੀਆਂ ਹਨ। ਸਿੱਖ ਵਿਦਵਾਨਾਂ ਅਤੇ ਸੂਝਵਾਨਾਂ ਨੇ ਇਸ ਦਾ ਵੱਡਾ ਕਾਰਨ ਸਿੱਖਾਂ ਦਾ ਗੁਰਬਾਣੀ ਅਤੇ ਗੁਰ-ਇਤਿਹਾਸ ਤੋਂ ਦੂਰ ਜਾਣਾ ਦੱਸਿਆ ਹੈ।

ਸੂਝਵਾਨ ਸਿੱਖ ਇਹ ਸਮਝਣ ਲੱਗੇ ਸਨ ਕਿ ਰਾਜਿਆਂ ਵੱਲੋਂ ਕੀਤੇ ਜਾਣ ਵਾਲੇ ਕਾਰਜ ਰਾਜ ਦੀ ਪਕੜ ਮਜ਼ਬੂਤ ਕਰਨ ਲਈ ਤਾਂ ਸਹਾਈ ਹੋਏ ਪਰ ਧਾਰਮਿਕ ਤੌਰ 'ਤੇ ਸਿੱਖ ਕਮਜ਼ੋਰ ਹੋਣ ਲੱਗੇ। ਇੱਕ ਅਕਾਲ ਪੁਰਖ ਦੀ ਬਜਾਏ ਦੇਵੀ-ਦੇਵਤਿਆਂ ਦੀ ਪੂਜਾ ਅਤੇ ਵਹਿਮਾਂ-ਭਰਮਾਂ ਦੇ ਵੱਧਦੇ ਪ੍ਰਭਾਵ ਨੇ ਸਿੱਖੀ ਦੇ ਮੂਲ ਆਦਰਸ਼ ਨੂੰ ਢਾਹ ਲਾਉਣ ਦਾ ਕੰਮ ਕੀਤਾ ਸੀ।

ਅੰਗਰੇਜ਼ ਸਰਕਾਰ ਵੀ ਚਾਹੁੰਦੀ ਸੀ ਕਿ ਸਿੱਖਾਂ ਦਾ ਆਚਰਣ ਉਹਨਾਂ ਦੇ ਰਾਜ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲਾ ਹੋਵੇ। ਉਹਨਾਂ ਵੱਲੋਂ ਸਿਰਜੇ ਗਏ ਪ੍ਰਬੰਧ ਅਧੀਨ ਸਿੱਖ ਧਾਰਮਿਕ ਤੌਰ 'ਤੇ ਤਿਲਕਣ ਲੱਗੇ ਸਨ। ਅੰਮ੍ਰਿਤਸਰ ਦੇ ਚਾਰ ਸਿੱਖ ਨੌਜਵਾਨਾਂ ਵੱਲੋਂ ਇਸਾਈ ਧਰਮ ਧਾਰਨ ਕਰਨ ਦਾ ਐਲਾਨ ਸਿੱਖਾਂ ਲਈ ਬਹੁਤ ਦੁਖਦਾਈ ਸੀ। ਸਿਰੜੀ ਸਿੱਖਾਂ ਨੇ ਅੱਗੇ ਹੋ ਕੇ ਸਿੱਖਾਂ ਵਿਚ ਅਜਿਹੀ ਪ੍ਰਵਿਰਤੀ ਨੂੰ ਰੋਕਣ ਲਈ ਯਤਨ ਅਰੰਭ ਕਰ ਦਿੱਤਾ ਸੀ, ਜਿਸ ਦੇ ਸਿੱਟੇ ਵਜੋਂ ਪਹਿਲਾਂ ਸਿੰਘ ਸਭਾ ਲਹਿਰ ਹੋਂਦ ਵਿਚ ਆਈ ਅਤੇ ਫਿਰ ਗੁਰਦੁਆਰਾ ਸੁਧਾਰ ਲਹਿਰ ਅਰੰਭ ਹੋ ਗਈ।

ਸਿੱਖਾਂ ਦੇ ਮਨ ਵਿੱਚ ਗੁਰਦੁਆਰਾ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਹੈ, ਜਿਸ ਕਰਕੇ ਜਦੋਂ ਉਹਨਾਂ ਨੇ ਆਪਣੇ ਗੁਰਧਾਮਾਂ ਵਿੱਚ ਦੁਰਾਚਾਰੀਆਂ ਦੇਖੀਆਂ ਤਾਂ ਚੁੱਪ ਨਾ ਰਹਿ ਸਕੇ। ਸ਼ਹਾਦਤਾਂ ਦੇ ਕੇ ਗੁਰਧਾਮਾਂ ਨੂੰ ਮਹੰਤਾਂ ਤੋਂ ਅਜ਼ਾਦ ਕਰਾਉਣ ਲਈ ਯਤਨਸ਼ੀਲ ਹੋ ਗਏ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ 'ਤੇ ਮਹੰਤ ਨਰੈਣ ਦਾਸ ਵੱਲੋਂ ਸਿੱਖਾਂ ਦੇ ਕੀਤੇ ਗਏ ਕਤਲੇਆਮ ਨੇ ਆਮ ਸਿੱਖਾਂ ਨੂੰ ਅਜਿਹਾ ਝੰਜੋੜਿਆ ਕਿ ਉਹ ਆਪਣੇ ਘਰ, ਜ਼ਮੀਨਾਂ ਅਤੇ ਸਰੀਰ ਪੰਥ ਦੇ ਨਾਂ 'ਤੇ ਲਗਾ ਕੇ ਮੈਦਾਨ ਵਿਚ ਆ ਗਏ ਸਨ ਜਿਸ ਨਾਲ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ। ਸਿੱਖ ਇਹ ਸਮਝਣ ਲੱਗੇ ਸਨ ਕਿ ਗੁਰਧਾਮਾਂ ਵਿੱਚ ਹੁੰਦੀਆਂ ਦੁਰਾਚਾਰੀਆਂ ਕਦੇ ਵੀ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਜਦੋਂ ਤੱਕ ਇਹਨਾਂ ਦਾ ਪ੍ਰਬੰਧ ਪੰਥ-ਪ੍ਰਸਤਾਂ ਦੇ ਹੱਥ ਵਿਚ ਨਹੀਂ ਆਉਂਦਾਉਦੋਂ ਤੱਕ ਸੰਘਰਸ਼ ਦਾ ਮੈਦਾਨ ਨਹੀਂ ਛੱਡਣਗੇ। ਅਖੀਰ ਸਰਕਾਰ ਨੂੰ ਝੁਕਣਾ ਪਿਆ ਅਤੇ ਗੁਰਧਾਮਾਂ ਦਾ ਪ੍ਰਬੰਧ ਸਿੱਖਾਂ ਕੋਲ ਆ ਗਿਆ।

ਗੁਰਦੁਆਰਾ ਸਾਹਿਬਾਨ ਵਿਖੇ ਰੋਜ਼ਾਨਾ ਕੀਤਰਨ ਹੁੰਦਾ ਹੈ, ਸੰਗਤ ਸ਼ਰਧਾ ਅਤੇ ਸਤਿਕਾਰ ਨਾਲ ਮੱਥਾ ਟੇਕਦੀ ਹੈ। ਸੰਗਤ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਨਾਲ ਜੋੜਨ ਲਈ ਕਥਾ ਦਾ ਵਿਧਾਨ ਪ੍ਰਚਲਿੱਤ ਹੈ। ਸਿੱਖਾਂ ਦਾ ਆਚਰਣ ਗੁਰੂ ਸਾਹਿਬ ਦੀ ਸਿੱਖਿਆ ਅਤੇ ਸੰਦੇਸ਼ ਦੇ ਅਨੁਸਾਰੀ ਕਰਨ ਲਈ ਗੁਰਧਾਮਾਂ ਵਿਚ ਕਥਾ-ਕੀਰਤਨ ਤੋਂ ਇਲਾਵਾ ਗੁਰਮਤਿ ਕੈਂਪ ਲਗਾਏ ਜਾਂਦੇ ਹਨ।

ਇਹ ਸਮਝਿਆ ਜਾਂਦਾ ਹੈ ਕਿ ਪੰਜਾਬ ਸਿੱਖ ਧਰਮ ਦੀ ਜੜ੍ਹ ਹੈ ਅਤੇ ਇੱਥੇ ਜਿਹੜੀ ਮਰਯਾਦਾ ਅਤੇ ਪਰੰਪਰਾ ਦਾ ਪਾਲਣ ਹੋ ਰਿਹਾ ਹੈ, ਉਸੇ ਨੂੰ ਕਾਇਮ ਰੱਖਣ ਲਈ ਵਿਦੇਸ਼ਾਂ ਵਿਚ ਵੀ ਯਤਨ ਹੋ ਰਹੇ ਹਨ। ਸਿੱਖ ਆਚਰਣ ਦੀ ਘਾੜਤ ਲਈ ਹੋ ਰਹੇ ਅਨੇਕਾਂ ਯਤਨਾਂ ਦੇ ਬਾਵਜੂਦ ਵੀ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਕਿ ਸ਼ਰਮਸਾਰ ਕਰਨ ਵਾਲੀਆਂ ਹੁੰਦੀਆਂ ਹਨ। ਸਿੱਖੀ ਸਰੂਪ ਵਿਚ ਜਦੋਂ ਕੋਈ ਨਸ਼ਾ, ਦੁਸ਼ਕਰਮ ਜਾਂ ਬੱਜਰ ਕੁਰਹਿਤ ਕਰਨ ਵਾਲਾ ਵਿਅਕਤੀ ਸਾਹਮਣੇ ਆਉਂਦਾ ਹੈ ਤਾਂ ਸਮੁੱਚੀ ਕੌਮ ਲਈ ਚਿੰਤਾ ਦਾ ਕਾਰਨ ਬਣ ਜਾਂਦਾ ਹੈ।

ਪਿਛਲੇ ਕੁਝ ਸਮੇਂ ਦੌਰਾਨ ਸਿੱਖੀ ਆਚਰਣ ਤੋਂ ਡਿੱਗੀਆਂ ਹੋਈਆਂ ਜਿਹੜੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਅਤੇ ਜਿਨ੍ਹਾਂ ਵਿਚ ਨਿਰੰਤਰ ਵਾਧਾ ਹੁੰਦਾ ਜਾ ਰਿਹਾ ਹੈ, ਉਹਨਾਂ ਨੇ ਇੱਕ ਵਾਰੀ ਫਿਰ ਸਮੁੱਚੀ ਸਿੱਖ ਕੌਮ ਨੂੰ ਚੌਰਾਹੇ 'ਤੇ ਲਿਆ ਕੇ ਖੜਾ ਕਰ ਦਿੱਤਾ ਹੈ ਅਤੇ ਉਹ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਉਹਨਾਂ ਦੇ ਪੁਰਖਿਆਂ ਵੱਲੋਂ ਕਾਇਮ ਕੀਤੇ ਗਏ ਆਚਰਣ ਅਤੇ ਆਦਰਸ਼ਾਂ ਨੂੰ ਕਿਵੇਂ ਕਾਇਮ ਰੱਖਿਆ ਜਾ ਸਕਦਾ ਹੈ। ਘੱਟ-ਗਿਣਤੀ ਵਿਚ ਹੁੰਦੇ ਹੋਏ ਵੀ ਸਿੱਖ ਵੱਖਰੀ ਪਛਾਣ ਅਤੇ ਆਦਰਸ਼ਾਂ ਵਜੋਂ ਜਾਣੇ ਜਾਂਦੇ ਸਨ। ਬਹੁ-ਗਿਣਤੀ ਵਿਚ ਆ ਕੇ ਰਾਜ-ਭਾਗ ਦਾ ਹਿੱਸਾ ਤਾਂ ਬਣੇ ਪਰ ਫਿਰ ਵੀ ਗੌਰਵ ਕਾਇਮ ਕਿਉਂ ਨਹੀਂ ਰਹਿ ਸਕਿਆ? (ਬਾਕੀ ਸਫ਼ਾ 27 'ਤੇ)

---

ਡਾ. ਸੁਖਦੇਵ ਸਿੰਘ

# ਗੁਰਬਾਣੀ ਵਿਆਖਿਆ: ਬਿਬੇਕ ਬੁੱਧ ਬਨਾਮ ਏ.ਆਈ.

ਵਰਤਮਾਨ ਸਮੇਂ ਏ.ਆਈ. (ਆਰਟੀਫਿਸ਼ੀਅਲ ਇੰਟੈਲੀਜੈਂਸ) ਅਰਥਾਤ ਮਸਨੂਈ ਬੁੱਧੀ ਦਾ ਬਹੁਤ ਬੋਲਬਾਲਾ ਹੈ, ਜਿਸ ਨੇ ਜ਼ਿੰਦਗੀ ਦੇ ਹਰ ਖੇਤਰ ਵਿੱਚ ਪੈਰ ਪਸਾਰ ਲਏ ਹਨ। ਜ਼ਿੰਦਗੀ ਦੇ ਹੋਰ ਖੇਤਰਾਂ ਦੇ ਨਾਲ-ਨਾਲ ਗੁਰਬਾਣੀ ਵਿਆਖਿਆ ਵਿੱਚ ਵੀ ਮਸਨੂਈ ਬੁੱਧੀ ਸ਼ਾਮਿਲ ਹੋ ਚੁੱਕੀ ਹੈ। ਇਸ ਰਾਹੀਂ ਅਧਿਆਤਮਕਤਾ ਤੇ ਤਕਨੀਕ ਦਾ ਸੁਮੇਲ ਹੁੰਦਾ ਹੈ। ਮਸਨੂਈ ਬੁੱਧੀ ਦੇ ਵੱਖ-ਵੱਖ ਮੰਚ ਜਿਵੇਂ ਕਿ ਓਪਨ ਏ.ਆਈ., ਚੈਟ ਜੀ.ਪੀ.ਟੀ, ਗੂਗਲ ਕਲਾਊਡ ਪਲੇਟਫਾਰਮ ਏ.ਆਈ. ਤੇ ਹੋਰ ਉਪਭੋਗਤਾਵਾਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਭਾਵੇਂ ਕੀ ਇਨ੍ਹਾਂ ਦੁਆਰਾ ਮੁਹੱਈਆ ਕਰਵਾਈ ਜਾ ਰਹੀ ਗੁਰਬਾਣੀ ਵਿਆਖਿਆ ਨੂੰ ਉਪਭੋਗਤਾਵਾਂ ਦੁਆਰਾ ਵਰਤਿਆ ਜਾ ਰਿਹਾ ਹੈ ਪਰ ਅਜੇ ਇਨ੍ਹਾਂ ਪਲੇਟਫਾਰਮਾਂ ਦੁਆਰਾ ਪੇਸ਼ ਕੀਤੀ ਜਾ ਰਹੀ ਗੁਰਬਾਣੀ ਵਿਆਖਿਆ 'ਤੇ ਕਈ ਪ੍ਰਕਾਰ ਦੇ ਪ੍ਰਸ਼ਨ-ਚਿੰਨ੍ਹ ਉਠਾਏ ਜਾ ਰਹੇ ਹਨ।

ਮਸਨੂਈ ਬੁੱਧੀ ਦੀ ਸਹਾਇਤਾ ਨਾਲ ਅਸੀਂ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਸਮਝ ਸਕਦੇ ਹਾਂ। ਇਸ ਰਾਹੀਂ ਗੁਰਬਾਣੀ ਦੀ ਭਾਸ਼ਾ, ਵਿਆਖਿਆ, ਇਤਿਹਾਸਕ ਪਿਛੋਕੜ ਆਦਿ ਨੂੰ ਸਮਝਿਆ ਜਾ ਸਕਦਾ ਹੈ। ਇਸ ਰਾਹੀਂ ਅਸੀਂ ਮਸਨੂਈ ਬੁੱਧੀ ਨੂੰ ਗੁਰਬਾਣੀ ਦੀ ਕੋਈ ਵੀ ਪੰਕਤੀ ਜਾਂ ਸ਼ਬਦ ਦੱਸ ਕੇ ਜਾਂ ਟਾਇਪ ਕਰਕੇ ਉਸ ਦੀ ਵਿਆਖਿਆ ਲਈ ਕਹਿ ਸਕਦੇ ਹਾਂ। ਮਸਨੂਈ ਬੁੱਧੀ ਇਸ ਕਾਰਜ ਨੂੰ ਉਸੇ ਸਮੇਂ ਕਰਦੀ ਹੈ ਤੇ ਜੇਕਰ ਉਸ ਕੋਲ ਹੋਰ ਵਿਆਖਿਆ ਬਾਰੇ ਪੁੱਛਿਆ ਜਾਵੇ ਤਾਂ ਉਹ ਉਸ ਸ਼ਬਦ ਦਾ ਹੋਰ ਵਿਸ਼ਲੇਸ਼ਣ ਵੀ ਕਰ ਦਿੰਦੀ ਹੈ। ਇਸ ਨਾਲ ਜਗਿਆਸੂ ਨੂੰ ਉਸੇ ਸਮੇਂ ਗੁਰਬਾਣੀ ਦੇ ਅਰਥਾਂ ਦੀ ਜਾਣਕਾਰੀ ਮਿਲ ਜਾਂਦੀ ਹੈ ਤੇ ਉਸ ਦੀ ਸ਼ਬਦ ਦੇ ਭਾਵ ਅਰਥਾਂ ਤੱਕ ਵੀ ਰਸਾਈ ਹੋ ਜਾਂਦੀ ਹੈ। ਸਵਾਲ ਇਹ ਹੈ ਕਿ ਮਸਨੂਈ ਬੁੱਧੀ ਨਾਲ ਗੁਰਬਾਣੀ ਵਿਆਖਿਆ 'ਤੇ ਕਿੰਤੂ ਕਿਸ ਕਾਰਨ ਕੀਤੇ ਜਾ ਰਹੇ ਹਨ? ਅਸਲ ਵਿੱਚ ਮਸਨੂਈ ਬੁੱਧੀ ਇੱਕ ਮਸ਼ੀਨਯੁਕਤ ਪ੍ਰਣਾਲੀ ਹੈ, ਜੋ ਇੰਟਰਨੈੱਟ 'ਤੇ ਪਏ ਡਾਟੇ ਨੂੰ ਖੰਗਾਲ ਕੇ ਆਪਣੀ ਸਮਰੱਥਾ ਮੁਤਾਬਕ ਵਰਤੋਂਕਾਰ ਦੇ ਸਾਹਮਣੇ ਪੇਸ਼ ਕਰਦੀ ਹੈ। ਇਸ ਵਿਚ ਕਈ ਪ੍ਰਕਾਰ ਦੀਆਂ ਖ਼ਾਮੀਆਂ ਦਾ ਰਹਿ ਜਾਣਾ ਸੁਭਾਵਿਕ ਹੈ। ਇਸ ਲਈ ਗੁਰਬਾਣੀ ਵਿਆਖਿਆ ਚਾਹੁਣ ਵਾਲਾ ਵਰਤੋਂਕਾਰ ਤਟਫਟ ਰੂਪ 'ਚ ਆਪਣੀ ਲੋੜ ਤਾਂ ਪੂਰੀ ਕਰ ਸਕਦਾ ਹੈ ਪਰ ਉਹ ਅੱਖਾਂ ਮੀਟ ਕੇ ਇਸ ਨੂੰ ਪ੍ਰਵਾਨ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਦੁਆਰਾ ਗੁਰਬਾਣੀ ਵਿਆਖਿਆ ਪ੍ਰਦਾਨ ਕਰਨ ਵਾਲੇ ਮਸਨੂਈ ਬੁੱਧੀ ਦੇ ਮੰਚਾਂ ਨੂੰ ਇਸ ਸੰਬੰਧੀ ਪੱਤਰ ਵੀ ਲਿਖਿਆ ਗਿਆ ਹੈ। ਇਸ ਪਿੱਛੇ ਕਾਰਨ ਇਹ ਹੈ ਕਿ ਗੁਰਬਾਣੀ ਬਿਬੇਕ ਬੁੱਧ ਦਾ ਵਿਸ਼ਾ ਹੈ, ਨਾ ਕਿ ਮਸਨੂਈ ਬੁੱਧੀ ਦਾ ਕਿਉਂਕਿ ਗੁਰਬਾਣੀ ਕਵਿਤਾ ਵਿਚ ਰਚੀ ਗਈ ਹੈ ਤੇ ਇਸ ਵਿਚ ਪਰਾਲੌਕਿਕ ਵਿਚਾਰਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ, ਜਿਸ ਕਾਰਨ ਗੁਰਬਾਣੀ ਨੂੰ ਸਹੀ ਤਰੀਕੇ ਨਾਲ ਸਮਝਣਾ ਸਧਾਰਨ ਪਾਠਕ ਲਈ ਥੋੜ੍ਹਾ ਕਠਿਨ ਹੁੰਦਾ ਹੈ। ਇਸ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਕਾਵਿ 'ਚ ਰਚਿਤ ਗੁਰਬਾਣੀ ਵਿਆਖਿਆ ਦੇ ਯਤਨ ਨਿਰੰਤਰ ਹੁੰਦੇ ਰਹੇ ਹਨ। ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਗੁਰਦਾਸ ਜੀ ਨੇ ਹੀ ਗੁਰਬਾਣੀ ਵਿਆਖਿਆ ਦਾ ਕਾਰਜ ਕੀਤਾ ਤੇ ਉਨ੍ਹਾਂ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ। ਇਸ ਮਗਰੋਂ ਗੁਰਬਾਣੀ ਵਿਆਖਿਆ ਦੇ ਯਤਨ ਲਗਾਤਾਰ ਹੁੰਦੇ ਰਹੇ ਤੇ ਇਸ ਨਾਲ ਸੰਬੰਧਿਤ ਕਈ ਪ੍ਰਣਾਲੀਆਂ ਵੀ ਸਥਾਪਤ ਹੋਈਆਂ, ਜਿਵੇਂ ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪਰਦਾਇ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ ਆਦਿ। ਇਨ੍ਹਾਂ ਦੁਆਰਾ ਗੁਰਬਾਣੀ ਦੀ ਕੀਤੀ ਵਿਆਖਿਆ ਸਦਕਾ ਨਾ ਕੇਵਲ ਸਧਾਰਨ ਪਾਠਕ ਨੂੰ ਗੁਰਬਾਣੀ ਸਮਝਣ ਵਿੱਚ ਆਸਾਨੀ ਹੋਈ, ਸਗੋਂ ਇਨ੍ਹਾਂ ਸਦਕਾ ਹੀ ਗੁਰਮਤਿ ਦੇ ਪ੍ਰਚਾਰ-ਪਸਾਰ ਵਿੱਚ ਵੀ ਉੱਨਤੀ ਹੋਈ। ਪ੍ਰੋ. ਸਾਹਿਬ ਸਿੰਘ ਦੁਆਰਾ 'ਗੁਰੂ ਗ੍ਰੰਥ ਸਾਹਿਬ ਦਰਪਣ' ਰਾਹੀਂ ਗੁਰਬਾਣੀ ਦੀ ਟੀਕਾਕਾਰੀ ਤੇ




ਵਿਆਖਿਆ ਦਾ ਕਾਰਜ ਮੀਲ ਪੱਥਰ ਸਾਬਤ ਹੋਇਆ। ਗੁਰਬਚਨ ਸਿੰਘ ਤਾਲਿਬ ਤੇ ਮਨਮੋਹਨ ਸਿੰਘ ਨੇ ਗੁਰਬਾਣੀ ਦਾ ਅੰਗਰੇਜ਼ੀ ਵਿੱਚ ਤਰਜ਼ਮਾ ਤੇ ਵਿਆਖਿਆ ਕਰਕੇ ਇਸ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ।

ਸੂਚਨਾ ਤਕਨੀਕ ਦੇ ਆਉਣ ਨਾਲ ਤੇ ਵਿਸ਼ੇਸ਼ ਤੌਰ 'ਤੇ ਇੰਟਰਨੈੱਟ ਦੀ ਆਮਦ ਨਾਲ ਗੁਰਬਾਣੀ ਵਿਆਖਿਆ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਆਇਆ ਹੈ। ਸਾਲ 2004 ਵਿੱਚ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਦਿਵਸ ਦੇ ਮੌਕੇ ਭਾਈ ਬਲਜਿੰਦਰ ਸਿੰਘ ਰਾੜਾ ਸਾਹਿਬ ਦੁਆਰਾ ਸ. ਕੁਲਬੀਰ ਸਿੰਘ ਥਿੰਦ ਅਮਰੀਕਾ ਵਾਲਿਆਂ ਦੀ ਸਹਾਇਤਾ ਨਾਲ 'ਈਸ਼ਰ ਮਾਈਕ੍ਰੋ ਮੀਡੀਆ' ਨਾਂਅ ਦੇ ਸਾਫਟਵੇਅਰ ਦੁਆਰਾ ਗੁਰਬਾਣੀ ਵਿਆਖਿਆ ਨੂੰ ਇੰਟਰਨੈੱਟ 'ਤੇ ਮੁੱਹਈਆ ਕਰਾਉਣ ਦਾ ਕਾਰਜ ਕੀਤਾ ਗਿਆ। ਇਸ ਤੋਂ ਬਾਅਦ ਵੀ ਇਸ ਕਿਸਮ ਦੇ ਅਨੇਕਾਂ ਯਤਨ ਹੁੰਦੇ ਰਹੇ ਹਨ। ਪ੍ਰੋ. ਸਾਹਿਬ ਸਿੰਘ ਦੇ 'ਗੁਰੂ ਗ੍ਰੰਥ ਸਾਹਿਬ ਦਰਪਣ' ਤੋਂ ਬਾਅਦ ਡਾ. ਰਤਨ ਸਿੰਘ ਜੱਗੀ ਦੁਆਰਾ 'ਗੁਰੂ ਗ੍ਰੰਥ ਸਾਹਿਬ ਬੋਧ' ਦੇ ਨਾਂਅ ਹੇਠ ਗੁਰਬਾਣੀ ਵਿਆਖਿਆ ਦਾ ਕਾਰਜ ਕੀਤਾ ਗਿਆ। ਭਾਵੇਂ ਕਿ ਸਮੇਂ-ਸਮੇਂ ਕੁਝ ਹੋਰ ਯਤਨ ਵੀ ਹੁੰਦੇ ਰਹੇ ਹਨ ਪਰ 'ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਨਾਮਕਰਨ ਨਾਲ ਕੀਤਾ ਗਿਆ ਟੀਕਾ ਅੱਜ ਵੀ ਪੰਥ ਪ੍ਰਵਾਨਿਤ ਹੈ ਤੇ ਸ਼੍ਰੋਮਣੀ ਕਮੇਟੀ ਵੀ ਇਸੇ ਨੂੰ ਮਾਨਤਾ ਦਿੰਦੀ ਹੈ।

ਸਮਾਰਟ ਫ਼ੋਨਾਂ ਦੇ ਆਉਣ ਨਾਲ ਵੱਖ-ਵੱਖ ਐਪਸ ਵੀ ਗੁਰਬਾਣੀ ਵਿਆਖਿਆ ਪਾਠਕਾਂ ਲਈ ਉਪਲਬਧ ਕਰਵਾਉਂਦੀਆਂ ਹਨ। ਇਨ੍ਹਾਂ ਦਾ ਆਧਾਰ ਵੀ ਅਕਸਰ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤਾ ਟੀਕਾ ਹੀ ਹੁੰਦਾ ਹੈ। ਹੁਣ ਸੂਚਨਾ ਤਕਨੀਕ ਮਸਨੂਈ ਬੁੱਧੀ ਦੇ ਪੱਧਰ ਤੱਕ ਪਹੁੰਚ ਚੁੱਕੀ ਹੈ। ਪਰ ਜਦੋਂ ਗੁਰਬਾਣੀ ਦੀ ਸਮਝ ਜਾਂ ਵਿਆਖਿਆ ਬਾਰੇ ਗੱਲ ਕਰਦੇ ਹਾਂ ਤਾਂ ਇਹ ਬਿਬੇਕ ਬੁੱਧ ਰਾਹੀਂ ਹੀ ਹੋ ਸਕਦੀ ਹੈ। ਇਸ ਦੀ ਵਿਆਖਿਆ ਦੀ ਗਹਿਰਾਈ ਲਈ ਵਿਦਵਤਾ ਦੇ ਨਾਲ-ਨਾਲ ਉੱਚ ਅਧਿਆਤਮਕ ਅਵਸਥਾ ਵੀ ਆਪਣਾ ਵੱਡਾ ਯੋਗਦਾਨ ਪਾਉਂਦੀ ਹੈ। ਜਦੋਂ ਅਸੀਂ ਗੁਰਬਾਣੀ ਵਿਆਖਿਆ ਲਈ ਮਸਨੂਈ ਬੁੱਧੀ ਦੀ ਵਰਤੋਂ ਕਰਦੇ ਹਾਂ ਤਾਂ ਇਸ ਦੀਆਂ ਕੁਝ ਸੀਮਾਵਾਂ ਸਾਹਮਣੇ ਆਉਂਦੀਆਂ ਹਨ। ਸਭ ਤੋਂ ਪਹਿਲੀ ਸੀਮਾ ਤਾਂ ਇਹ ਹੈ ਕਿ ਮਸਨੂਈ ਬੁੱਧੀ ਦੁਆਰਾ ਗੁਰਬਾਣੀ ਦੇ ਕੀਤੇ ਗਏ ਅਰਥ ਸਹੀ ਭਾਂਤ ਦੇ ਹੀ ਹੋਣਗੇ? ਇਸ ਗੱਲ ਦੀ ਸ਼ੰਕਾ ਬਣੀ ਰਹਿੰਦੀ ਹੈ। ਇਹ ਗੁਰਬਾਣੀ ਦੇ ਸੰਦੇਸ਼ ਦੀ ਗਹਿਰਾਈ ਤੱਕ ਅਪਹੁੰਚ ਹੀ ਰਹਿੰਦੀ ਹੈ। ਇਹ ਆਤਮਿਕ ਅਨੁਭੂਤੀ ਤੱਕ ਨਹੀਂ ਪਹੁੰਚ ਸਕਦੀ। ਇਸ ਦੇ ਨਾਲ ਹੀ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਸੰਦਰਭ ਦੇ ਨਾਲ ਗੁਰਬਾਣੀ ਦੇ ਅਰਥ ਵੀ ਬਦਲ ਜਾਂਦੇ ਹਨ।ਗੁਰਬਾਣੀ ਦੇ ਕਈ ਸ਼ਬਦਾਂ ਨਾਲ ਉਥਾਨਕਾਵਾਂ ਵੀ ਜੁੜੀਆਂ ਹੋਈਆਂ ਹਨ। ਮਸਨੂਈ ਬੁੱਧੀ ਲਈ ਇਨ੍ਹਾਂ ਸੰਦਰਭਾਂ ਨੂੰ ਸਮਝਣਾ ਆਸਾਨ ਨਹੀਂ ਹੈ। ਇਸ ਲਈ ਇਸ ਦੁਆਰਾ ਕੀਤੀ ਗਈ ਵਿਆਖਿਆ ਨੂੰ ਬਿਬੇਕ ਬੁੱਧ ਦੇ ਮੁਕਾਬਲੇ ਨਹੀਂ ਰੱਖਿਆ ਜਾ ਸਕਦਾ।

(ਬਾਕੀ ਸਫ਼ਾ 27 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

**(855)641-6955, (888)795-7035**



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਰਾਮਦਾਸ ਜੀ

## (ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼)

ਗੁਰੂ ਰਾਮਦਾਸ ਜੀ ਦਾ ਗੁਰਿਆਈ ਸਮਾਂ 40 ਸਾਲ ਦੀ ਉਮਰ ਤੋਂ 1574-1581 ਤੱਕ ਦਾ ਹੈ। ਹੰਮਾਯੂ 1530 ਵਿੱਚ ਮੁਗਲ ਬਾਦਸ਼ਾਹ ਬਣਿਆ। ਉਸ ਵੇਲੇ ਪੰਜਾਬ ਵਿੱਚ ਰਾਜਨੀਤਿਕ ਅਰਾਜਕਤਾ ਸੀ। ਅਕਬਰ ਅਕਤੂਬਰ 1556 ਵਿੱਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਸਾਹਿਬ ਜੀ ਉਸ ਸਮੇਂ ਗੁਰੂ ਅਮਰਦਾਸ ਸਾਹਿਬ ਜੀ ਦੀ ਸਪ੍ਰਸਤੀ ਹੇਠ, ਗੋਇੰਦਵਾਲ ਵਿਖੇ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਦਾ ਗੈਰ ਇਸਲਾਮ ਧਰਮਾਂ ਨਾਲ ਵੈਰ ਵਿਰੋਧ ਸੀ। ਸਾਰੇ ਧਰਮਾਂ ਵਿੱਚ ਵੰਡੀਆਂ ਪਈਆਂ ਸਨ। ਜਾਤ-ਪਾਤ, ਧੜੇਬੰਦੀ ਲੁੱਟ ਖੁਸੁੱਟ ਜੋਰਾਂ 'ਤੇ ਸੀ।

ਗਿਆਨ ਵਿਹੂਣੇ ਲੋਕ ਹਨੇਰ ਵਿੱਚ ਭਟਕ ਰਹੇ ਸਨ ਪਰ ਬਾਦਸ਼ਾਹ ਅਕਬਰ ਆਪ ਖੁਸ਼ਦਿਲ ਅਤੇ ਖੁਲ੍ਹੇ ਸੁਭਾਅ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ 16 ਸਤੰਬਰ 1574 ਵਿੱਚ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚਲਤ ਝੂਠੇ ਕਰਮਕਾਂਡਾਂ, ਰੀਤੀ ਰਿਵਾਜਾਂ , ਰਸਮਾਂ ਦਾ ਵਿਰੋਧ ਕਰਕੇ ਇੱਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ 9 ਅਕਤੂਬਰ 1534 ਵਿੱਚ ਚੂਨਾ ਮੰਡੀ ਲਾਹੌਰ ਵਿਖੇ ਮਾਤਾ ਅਨੂਪ ਦੇਵੀ ਅਤੇ ਪਿਤਾ ਹਰੀਦਾਸ ਦੇ ਗ੍ਰਹਿ ਵਿਖੇ ਹੋਇਆ। ਪਲੇਠੇ ਪੁੱਤਰ ਸਨ। ਉਹਨਾਂ ਦੇ ਪਿਤਾ ਸਾਧਾਰਨ ਦੁਕਾਨਦਾਰ ਸਨ। ਆਪ ਜੀ ਨੂੰ ਜੇਠਾ ਦੇ ਨਾਮ ਨਾਲ ਬੁਲਾਇਆ ਜਾਂਦਾ। ਆਪ ਬਚਪਣ ਤੋਂ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਵਾਲੇ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਨ੍ਹਾਂ ਨੂੰ ਬਾਸਰਕੇ ਲੈ ਆਈ। ਜਿਥੇ ਆਪ ਜੀ ਘੁੰਙਣੀਆਂ ਵੇਚ ਕੇ ਪ੍ਰਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਬਾਸਰਕੇ ਵਿੱਚ ਹੀ ਹੋਈ, ਜਿਸ ਵੇਲੇ ਭਾਈ ਜੇਠਾ ਜੀ ਦੀ ਉਮਰ 12 ਕੁ ਸਾਲ ਸੀ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਹੀ ਵੇਚਦੇ ਰਹੇ। ਆਪਣਾ ਇਹ ਕੰਮ ਸ਼ਾਂਤ ਚਿੱਤ , ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ।

ਇਸ ਤਰਾਂ ਦੇ ਕਾਰ ਵਿਹਾਰ ਦੇ ਨਾਲ ਨਾਲ ਗੁਰੂ ਘਰ ਵਿੱਚ ਸੇਵਾ, ਸਿਮਰਨ ਤੇ ਸਤਿਸੰਗ ਵੀ ਕਰਦੇ। ਉਹ ਆਪਣੇ ਮਿੱਠੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਸੰਗਤਾਂ ਵਿੱਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿੱਚ ਉਤਸ਼ਾਹ ਅਤੇ ਰੁਚੀ ਵੱਧਦੀ ਗਈ। ਉਹ ਮਧੁਰ ਸੁਰ ਵਿੱਚ ਗਾਉਂਦੇ ਸਨ ਅਤੇ ਤੰਤਰੀ ਸਾਜ਼ ਵੀ ਵਜਾਉਂਦੇ। ਉਹ ਇੱਕ ਮੌਲਿਕ ਕਵੀ ਸਨ। ਉਹਨਾਂ ਗੁਰਬਾਣੀ ਦੀ ਰਚਨਾ ਵੀ ਕੀਤੀ।

ਉਹ 20 ਸਾਲ ਦੀ ਉਮਰ ਵਿੱਚ ਰਿਸ਼ਟ ਪੁਸ਼ਟ ਹੋ ਚੁੱਕੇ ਸਨ । ਗੁਰੂ ਅਮਰਦਾਸ ਸਾਹਿਬ ਜੀ ਭਾਈ ਜੇਠ ਜੀ ਦੇ ਸੁਭਾਅ, ਰਹਿਣੀ ਬਹਿਣੀ, ਬੋਲ ਚਾਲ, ਡੀਲ ਡੋਲ, ਸੇਵਾ ਸਿਮਰਨ ਤੋਂ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਕਰ ਦਿੱਤਾ। ਪਿਤਰੀ ਸਨੇਹ ਕਰਕੇ ਵੀ ਦੰਪਤੀ ਨੂੰ ਆਪਣੇ ਪ੍ਰਵਾਰ ਵਿੱਚ ਹੀ ਰੱਖ ਲਿਆ। ਆਪ ਜੀ ਦੇ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿੱਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖ ਜੀਵਨ ਨੂੰ ਅਪਣਾ ਲਿਆ ਸੀ। ਜਦੋਂ ਗੁਰੂ ਅਮਰਦਾਸ ਸਾਹਿਬ ਜੀ ਨੇ ਬਾਉਲੀ ਦੇ ਨਿਰਮਾਣ ਦਾ ਕਾਰਜ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰੇ ਪ੍ਰਬੰਧ ਦੀ ਜਿੰਮੇਵਾਰੀ ਲੈ ਲਈ ਸੀ। ਆਪ ਕਾਰ ਸੇਵਾ ਕਰਦਿਆਂ ਟੋਕਰੀ ਢੋਹਿਆ ਕਰਦੇ ਸਨ। ਲੋਕਾਚਾਰੀ ਅਤੇ ਰਿਸ਼ਤੇਦਾਰੀ ਤੋਂ ਉੱਪਰ ਉੱਠ ਕੇ ਸੇਵਾ ਕਰਦੇ ਰਹੇ। ਸੇਵਾ ਦੇ ਨਾਲ ਹੀ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ।

ਜਦੋਂ ਮੁਗਲ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਹੋਰ ਵਿਰੋਧੀ ਜਾਤ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਦੇ ਧਰਮ ਪ੍ਰਚਾਰ ਵਿਰੁੱਧ ਸ਼ਿਕਾਇਤ ਕੀਤੀ ਤਾਂ ਬਾਦਸ਼ਾਹ ਨੇ ਗੁਰੂ ਜੀ ਨੂੰ ਤਲਬ ਕਰਨ ਦਾ ਹੁਕਮ ਦਿੱਤਾ।

ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਸਿੱਖ ਧਰਮ ਦਾ ਪੱਖ ਪੇਸ਼ ਕਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂ ਸਾਹਿਬਾਨ ਜੀ ਦੀ ਬਾਣੀ ਦੀ ਪੂਰਬੀ ਘੋਖ ਕੀਤੀ ਹੋਈ ਸੀ। ਤਦ ਹੀ ਉਨ੍ਹਾਂ ਬੜੀ ਗੰਭੀਰਤਾ ਨਾਲ ਸਿੱਖ ਧਰਮ ਦਾ ਪੱਖ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡੇ ਧਰਮ ਦਾ ਮਨੋਰਥ ਲੋਕ ਭਲਾਈ ਹੈ। ਬਾਦਸ਼ਾਹ ਅਕਬਰ ਦੇ ਸਾਰੇ ਸ਼ੰਕੇ ਦੂਰ ਹੋ ਗਏ। ਇਸ ਤਰਾਂ ਸਾਰੇ ਦੋਸ਼ ਵੀ ਖਾਰਿਜ਼ ਹੋ ਗਏ।

ਸੇਵਾ, ਭਗਤੀ, ਪ੍ਰੇਮ ਗਿਆਨ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ, ਉਹਨਾਂ ਦੀ ਦ੍ਰਿੜ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਸਾਹਿਬ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹੋ ਗਏ ਹਨ। ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਰਾਮਦਾਸ ਜੀ ਦਾ ਨਾਉਂ ਦੇ ਕੇ ਗੁਰਗੱਦੀ ਬਿਠਾਇਆ ਜੋ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ।

ਗੁਰੂ ਰਾਮਦਾਸ ਜੀ ਨੇ ਗੁਰਬਾਣੀ ਰਚਨਾ ਦੇ ਖੇਤਰ ਵਿੱਚ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਇੱਕਤਰ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਉਤਾਰੇ ਤਿਆਰ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿੱਚ ਢਾਲ ਲਿਆ ਸੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿੱਚ ਉਨ੍ਹਾਂ ਦੇ 638 ਪਦੇ, 30 ਸੰਗੀਤਕ ਰਾਗਨੀਆਂ ਵਿੱਚ ਦਰਜ਼ ਹਨ। ਜਿਵੇਂ ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਨ੍ਹਾਂ ਦੇ 31 ਸਲੋਕ, ਵਾਰਾਂ ਅਤੇ ਵਧੀਕ ਵਿੱਚ ਹਨ। ਉਹ ਸ਼ਾਂਤੀ ਅਤੇ ਪ੍ਰੇਮ ਦੇ ਕਵੀ ਸਨ। ਆਪ ਜੀ ਦੀ ਰਚੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ ਮਾਣ ਦਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆਂ ਜਾਂਦਾ ਹੈ ਨਾ ਕਿ ਜਾਤ ਨਾਲ। ਹਉਮੇ ਦਾ ਤਿਆਗ ਕਰਕੇ ਪਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਗਲ ਦੂਰ ਹੁੰਦੀ ਹੈ। ਨਾਮੁ ਦਾਨ ਇਸ਼ਨਾਨ ਅਤੇ ਸੁੱਚੀ ਕ੍ਰਿਤ, ਵੰਡ ਕੇ ਛੱਕਣਾਂ, ਸਿੱਖੀ ਦੇ ਮੀਰੀ ਗੁਣ ਹਨ। ਆਪਣੇ ਆਪ ਨੂੰ ਸੱਚਾ ਸਿੱਖ ਕਹਾਉਣ ਵਾਲੇ ਦੀ ਸੇਵਰ ਦੀ ਗਤੀਵਿਧੀ ਦਾ ਵਰਨਣ ਹੈ : ਜੋ ਆਪਣੇ ਆਪ ਨੂੰ ਸੱਚੇ ਗੁਰੂ ਦਾ ਸਿੱਖ ਅਖਵਾਉਂਦਾ ਹੈ, ਉਹ ਸਵੇਰੇ ਉੱਠ ਕੇ ਵਾਹਿਗੁਰੂ ਦੇ ਨਾਮੁ ਦਾ ਸਿਮਰਨ ਕਰੇ। ਅੰਮ੍ਰਿਤ ਸਰੋਵਰ ਵਿੱਚ ਰੋਜ਼ਾਨਾ ਇਸ਼ਨਾਨ ਕਰੇ, ਗੁਰਾਂ ਦੇ ਉਪਦੇਸ਼ ਅਨੁਸਾਰ ਹਰਿ ਹਰਿ ਦਾ ਉਚਾਰਨ ਕਰੇ। ਸਾਰੇ ਪਾਪ ਕੁਕਰਮ ਅਤੇ ਨਾਕਾਰਾਤਮਕਤਾ ਮਿੱਟ ਜਾਵੇਗੀ।

ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ 'ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਸੇਵਾ ਨਾਲ ਮੁਕਤੀ ਦਾ ਮਾਰਗ, ਪਰਮਾਤਮਾ ਨਾਲ ਮਿਲਣ ਦਾ ਰਸਤਾ ਹੈ।

ਗੁਰੂ ਅਮਰਦਾਸ ਜੀ ਨੇ ਸੰਨ 1570 ਵਿੱਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ 'ਤੇ ਭੇਜਿਆ, ਜਿਥੇ ਹੁਣ ਅੰਮ੍ਰਿਤਸਰ ਵਸਿਆ ਹੈ ਕਿ ਉੱਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਬੈਠ ਕੇ ਉਦੇਸ਼ ਦਿੰਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ। ਗੁਰੂ ਰਾਮਦਾਸ ਜੀ ਨੇ ਆਪਣੇ ਗੁਰੂ ਕਾਲ (1574-1581) ਵਿੱਚ ਖਾਸ ਤੌਰ ਤੇ ਸਮਾਜ ਦੀ ਬਣਤਰ ਨੂੰ ਸੰਗਠਿਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਿੰਡ ਗੁਰੂ ਕਾ ਚੱਕ ਦੀ ਨੀਂਹ ਰੱਖੀ। ਜਿਸ ਦਾ ਨਾਉਂ ਰਾਮਦਾਸ ਪੁਰ ਜਾਂ ਚੱਕ ਰਾਮਦਾਸ ਪੁਰ ਹੋ ਗਿਆ। ਸੰਨ 1577 ਵਿੱਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ। ਨਗਰ ਵਸਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਜਿਸ ਦੇ ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ , ਆਰਥਿਕ ਅਤੇ ਰੁਜ਼ਗਾਰ ਪੱਖੋਂ ਵੀ ਖੁਸ਼ਹਾਲ ਹੋਣ। ਉਨ੍ਹਾਂ ਦੀ ਕ੍ਰਿਤ ਕਮਾਈ ਵਿੱਚ ਕੋਈ ਥੁੜ ਨਾ ਹੋਵੇ। ਆਪਸੀ ਮਿਲਵਰਤਣ, ਪਿਆਰ, ਪ੍ਰੇਮ ਅਤੇ ਸਾਂਝੇ ਭਾਈ ਚਾਰਕ ਲੋਕ ਵੱਸਣ। ਉਨ੍ਹਾਂ ਵੱਖ ਵੱਖ ਜਾਤਾਂ ਫਿਰਕਿਆਂ ਦੇ ਵੱਖ ਵੱਖ ਹੁਨਰ ਦੇ ਨਿੰਪੁਨ ਦਸਤਕਾਰਾਂ ਕ੍ਰਿਤੀਆਂ ਨੂੰ ਵਸਾਇਆ। ਵਸੇਬੇ ਲਈ ਉਨ੍ਹਾਂ ਦੀ ਮਦਦ ਵੀ ਕੀਤੀ। ਜਿਸ ਨਲ ਨਗਰ ਦਾ ਤੇਜੀ ਨਾਲ ਵਿਕਾਸ ਹੋਇਆ। ਕ੍ਰਿਤੀਆਂ ਨੇ ਸਮੂਹਿਕ ਤੌਰ 'ਤੇ ਇੱਕ ਬਜ਼ਾਰ ਦੇ ਰੂਪ ਵਿੱਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਹੋਂਦ ਵਿੱਚ ਆਇਆ। ਸੰਨ 1577 ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ 'ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਦਾ ਨਾਉਂ ਅੰਮ੍ਰਿਤਸਰ ਨਗਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇੱਕ ਮਕਾਨ ਵੀ ਬਣਵਾਇਆ, ਜਿਸ ਦਾ ਨਾਉਂ ਗੁਰੂ ਕੇ ਮਹਿਲ ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਰਤਾਰਪੁਰ ਸਾਹਿਬ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰਖਿਆ। ਸਰੋਵਰ ਦੇ ਵਿਚਕਾਰ ਹਰਿਮੰਦਰ ਬਨਾਉਣ ਦੀ ਯੋਜਨਾ ਬਣੀ। ਸ਼ਹਿਰ ਦੇ ਵਸੇਬੇ ਅਤੇ ਉਸਾਰੀ ਨਿਰਮਾਣ ਲਈ ਕੰਮ ਜਾਰੀ ਹੋਏ। ਇਨ੍ਹਾਂ ਖ਼ਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇੱਕਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਦੇ ਤੇ ਕੇਂਦਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ। ਅੱਗੋਂ ਇਹ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜਿੰਮੇਵਾਰੀ ਵੀ ਮਸੰਦਾਂ ਕੋਲ ਸੀ। ਜੋ ਗੁਰੂ ਦਾ ਸੰਦੇਸ਼ ਸੰਗਤ ਤਕ ਪਹੁੰਚਾਉਂਦੇ। ਗੁਰੂ ਅਤੇ ਸੰਗਤਾਂ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਸਨ। ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰਗੱਦੀ ਸੌਂਪਣ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨ ਦੀ ਸੋਚੀ। ਉਹ ਪ੍ਰਵਾਰ ਸਮੇਤ ਗੋਇੰਦਵਾਲ ਚਲੇ ਗਏ ਕਿਉਂਕਿ ਪ੍ਰਿਥੀ ਚੰਦ ਦਾ ਗੁਰਗੱਦੀ ਦੇ ਹੱਕ ਵਿੱਚ ਵਿਰੋਧ ਜਾਰੀ ਸੀ। ਆਪ ਜੀ ਨੇ 1 ਸਤੰਬਰ 1581 ਨੂੰ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ।

ਅੰਤਿਕਾ : ਜਿਸਦਾ ਦਰਸ਼ਨ ਕਰਨ ਲਈ ਅਨੇਕਾਂ ਯੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ ਅਤੇ ਜਟਾ ਜੂਟ ਰਹਿ ਕੇ ਉਦਾਸ ਭੇਖ ਧਾਰ ਕੇ ਫਿਰਦੇ ਹਨ, ਉਸ ਹਰੀ ਰੂਪ ਗੁਰੂ ਅਮਰਦਾਸ ਸਾਹਿਬ ਜੀ ਨੇ ਸਹਿਜ ਸੁਭਾਇਆ ਜੀਆਂ ਉੱਤੇ ਕ੍ਰਿਪਾ ਕੀਤੀ ਤੇ ਗੁਰੂ ਰਾਮਦਾਸ ਸਾਹਿਬ ਜੀ ਨੂੰ ਹਰਿ ਨਾਮ ਦੀ ਵਡਿਆਈ ਬਖਸ਼ੀ। ਅੰਗ -1404

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ



# ਪੰਜਾਬੀ ਸਭਿਆਚਾਰ ਦਾ ਬਦਲਦਾ ਰੂਪ



ਕੁਲਦੀਪ ਸਿੰਘ

ਸਾਡੇ ਸਮਾਜ ਉਤੇ ਪੱਛਮ ਦਾ ਪ੍ਰਭਾਵ ਇਸ ਕਦਰ ਪਿਆ ਹੈ ਕਿ ਜਿਸ ਨੇ ਸਾਡੇ ਸਾਰੇ ਸਭਿਆਚਾਰ ਨੂੰ ਪੂਰਨ ਤੌਰ 'ਤੇ ਬਦਲ ਕੇ ਰੱਖ ਦਿਤਾ ਹੈ । ਲੋਕ ਪਹਿਰਾਵੇ, ਖਾਣ ਪੀਣ, ਸਾਰੰਗੀਆਂ, ਅਲਗੋਜ਼ੇ, ਅਖਾੜੇ, ਫ਼ੁਲਕਾਰੀਆਂ, ਚਰਖੇ, ਖੂਹ ਆਦਿ ਨਾਲੋਂ ਨਿਖੜਦੇ ਜਾ ਰਹੇ ਹਨ । ਪੁਰਾਣੇ ਸਮਿਆਂ ਵਿੱਚ ਕੁੜੀਆਂ ਅਪਣਾ ਜ਼ਿਆਦਾਤਰ ਸਮਾਂ ਤਿ੍ਰਣਾਂ ਵਿਚ ਕੱਠੀਆਂ ਬਹਿ ਕੇ ਕਸੀਦੇ ਕੱਢਣ ਵਿੱਚ ਬਿਤਾਇਆ ਕਰਦੀਆਂ ਸਨ ਅਤੇ ਮੁੰਡੇ ਖੇਤਾਂ ਵਿੱਚ ਕੰਮ ਕਰਨ ਵਿੱਚ ਮਸ਼ਰੂਫ਼ ਰਹਿੰਦੇ ਸਨ ਪਰ ਅੱਜਕਲ ਇਨ੍ਹਾਂ ਦੀ ਥਾਂ ਸੋਸ਼ਲ ਮੀਡੀਆ ਨੇ ਲੈ ਲਈ ਹੈ । ਹੁਣ ਜਿਸ ਨੂੰ ਵੀ ਦੇਖੋ, ਉਹ ਸੋਸ਼ਲ ਮੀਡੀਆ ਉਤੇ ਵਿਅਸਤ ਹੈ। ਲੋਕਾਂ ਕੋਲ ਤਾਂ ਆਪਣੇ ਘਰ ਦੇ ਮੈਂਬਰਾਂ ਨਾਲ ਵੀ ਗੱਲ ਕਰਨ ਦਾ ਸਮਾਂ ਨਹੀਂ।

ਮਾਂ ਬਾਪ ਵੀ ਉਨ੍ਹਾਂ ਨੂੰ ਜ਼ਿਆਦਾ ਨਹੀਂ ਟੋਕਦੇ ਜਾਂ ਕਹਿ ਲਉ ਕਿ ਡਰਦੇ ਹਨ ਕਿ ਕਿਤੇ ਸਾਡਾ ਜੁਆਕ ਕੁੱਝ ਕਰ ਹੀ ਨਾ ਜਾਵੇ। ਇਸੇ ਤਰ੍ਹਾਂ ਹੁਣ ਗੱਲ ਕਰੀਏ ਫ਼ੁਲਕਾਰੀ, ਖੂਹ, ਟਿੰਡਾਂ, ਪਿੱਤਲ ਦੇ ਭਾਂਡੇ, ਦਰੀਆਂ ਤੇ ਖੇਸ, ਪੱਖੀਆਂ ਆਦਿ ਦੀ । ਅੱਜਕੱਲ੍ਹ ਦੇ ਬੱਚਿਆਂ ਸਾਹਮਣੇ ਇਨ੍ਹਾਂ ਚੀਜ਼ਾਂ ਦੇ ਨਾਂਅ ਲਉ ਤਾਂ ਉਹ ਮੂੰਹ ਚਿੜਾਅ ਕੇ ਹੱਸ ਪੈਂਦੇ ਹਨ ਕਿ ਇਹ ਸੱਭ ਤੁਸੀਂ ਕਿਸ ਬਾਰੇ ਗੱਲ ਕਰ ਰਹੇ ਹੋ ? ਸਰਦੀਆਂ ਵਿਚ ਕਮਰਿਆਂ ਵਿਚ ਹੀਟਰ ਹੋਣਗੇ, ਗਰਮ ਕੰਬਲ ਹੋਣਗੇ ਤੇ ਉਨ੍ਹਾਂ ਨੂੰ ਦਰੀਆਂ ਤੇ ਖੇਸਾਂ ਦੀ ਪਹਿਚਾਣ ਕਿਥੋਂ ਹੋਵੇਗੀ ? ਮਸ਼ੀਨੀ ਯੁੱਗ ਆਉਣ ਦੇ ਨਾਲ ਏ. ਸੀ. ਵਿੱਚ ਰਹਿਣ ਵਾਲੇ ਬੱਚਿਆਂ ਨੂੰ ਪੱਖੀਆਂ ਬਾਰੇ ਕਿਥੋਂ ਪਤਾ ਹੋਵੇਗਾ ? ਡਿਨਰ ਸੈੱਟ 'ਤੇ ਵਧੀਆ ਭਾਂਡਿਆਂ ਦੀ ਵਰਤੋਂ ਘਰ ਵਿੱਚ ਹੋਣ ਨਾਲ ਉਹ ਪਿੱਤਲ ਦੇ ਭਾਂਡਿਆਂ ਨੂੰ ਕਿਉਂ ਪੁਛਣਗੇ ?

ਅੱਜਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਤੋਂ ਇਲਾਵਾ ਕਣਕ ਦੇ ਸਿੱਟਿਆਂ ਤੱਕ ਦਾ ਪਤਾ ਨਹੀਂ ਹੈ। ਹੁਣ ਗੱਲ ਕਰੀਏ ਮਾਂ-ਬੋਲੀ ਦੀ, ਲੋਕ ਅਪਣੀ ਮਾਂ-ਬੋਲੀ ਨੂੰ ਦਿਨੋ-ਦਿਨ ਵਿਸਾਰਦੇ ਜਾ ਰਹੇ ਹਨ । ਬੱਚੇ ਤੇ ਨੌਜਵਾਨ ਸੱਭ ਘਰੋਂ ਬਾਹਰ ਜਾ ਕੇ ਪੰਜਾਬੀ ਬੋਲਣ ਵਿੱਚ ਹੇਠੀ ਮਹਿਸੂਸ ਕਰਦੇ ਹਨ । ਮਾਤਾ-ਪਿਤਾ ਵੀ ਦੇਖੋ-ਦੇਖੀ ਸਮਾਜਕ ਪ੍ਰਭਾਵ ਅਧੀਨ ਅਪਣੇ ਬੱਚਿਆਂ ਨੂੰ ਅੰਗਰੇਜ਼ੀ, ਹਿੰਦੀ ਬੋਲਣ ਲਈ ਪ੍ਰੇਰਿਤ ਕਰਦੇ ਹਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅਪਣੇ ਬੱਚਿਆਂ ਨੂੰ ਮਾਂ-ਬੋਲੀ ਨਾਲ ਜੋੜੀ ਰੱਖਣ ਤਾਂ ਹੀ ਬੱਚਿਆਂ ਵਿਚ ਮਾਂ-ਬੋਲੀ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੋਵੇਗੀ । ਪੁਰਾਤਨ ਯੁੱਗ ਦੇ ਪਹਿਰਾਵੇ ਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਢੇਰ ਸਾਰਾ ਅੰਤਰ ਆ ਗਿਆ ਹੈ। ਪਹਿਲਾਂ ਸਲਵਾਰ-ਕਮੀਜ਼ ਤੇ ਧੋਤੀ-ਕੁੜਤੇ, ਪੈਂਟ-ਕਮੀਜ਼ ਦਾ ਰਿਵਾਜ ਸੀ ਪਰ ਅੱਜਕਲ੍ਹ ਨੌਜਵਾਨ ਪੀੜ੍ਹੀ ਦਾ ਪਹਿਰਾਵਾ ਅੰਗਰੇਜ਼ੀ ਅਸਰ ਕਰ ਕੇ ਵਖਰੀ ਕਿਸਮ ਦਾ ਹੈ, ਉਨ੍ਹਾਂ ਲਈ ਪਹਿਰਾਵਾ ਇਕ ਹੁਨਰ ਬਣ ਗਿਆ ਹੈ।



ਕਪੜੇ ਖ਼ਰੀਦਣ, ਸਿਵਾਉਣ, ਪਾਉਣ ਤੇ ਸਜਾਉਣ ਵਿੱਚ ਸੁਰਮਾ ਮਟਕਾਉਣ ਵਾਲੀ ਗੱਲ ਕੀਤੀ ਜਾਣ ਲੱਗ ਪਈ ਹੈ । ਇਹ ਇੱਕ ਫ਼ੈਸ਼ਨ ਹੈ ਕਿਉਂਕਿ ਲੋਕ ਦੇਖੋ-ਦੇਖੀ ਪਹਿਰਾਵਾ ਜੇ ਨਹੀਂ ਬਦਲਦੇ ਤਾਂ ਸਮਾਜ ਵਿਚ ਰਹਿੰਦੇ ਹੋਏ ਉਹ ਮੂਰਖ ਅਖਵਾਉਂਦੇ ਹਨ। ਅੱਜ ਕੱਲ੍ਹ ਪੱਛਮੀ ਪਹਿਰਾਵਾ ਲੋਕ-ਦਿਖਾਵੇ ਤੇ ਦੂਜਿਆਂ ਨੂੰ ਅਪਣੇ ਵਲ ਆਕਰਸ਼ਿਤ ਕਰਨ ਲਈ ਪਾਉਂਦੇ ਹਨ। ਉਹ ਮਾਤਾ-ਪਿਤਾ ਨੂੰ ਨਾ ਪੁਛਦੇ ਹੋਏ ਅਪਣੇ ਪਹਿਰਾਵੇ ਦੀ ਚੋਣ ਆਪ ਕਰਨਾ ਵਧੇਰੇ ਪਸੰਦ ਕਰਦੇ ਹਨ। ਅਜਿਹੇ ਮਾਹੌਲ ਵਿੱਚ ਉਹ ਸਭਿਆਚਾਰ ਤੇ ਪੰਜਾਬੀ ਪਹਿਰਾਵੇ ਬਾਰੇ ਕਿਥੋਂ ਜਾਣੂੰ ਹੋਣਗੇ ?

ਅੱਜ ਰਹਿਣ-ਸਹਿਣ ਕਿੰਨਾ ਬਦਲ ਗਿਆ ਹੈ । ਸਾਂਝੇ ਪ੍ਰਵਾਰ ਟੁੱਟ ਰਹੇ ਹਨ, ਇਕੱਲਿਆਂ ਰਹਿਣਾ ਅੱਜਕੱਲ੍ਹ ਫ਼ੈਸ਼ਨ ਬਣ ਗਿਆ ਹੈ । ਕੋਈ ਪ੍ਰਵਾਰ ਵਿੱਚ ਬਜ਼ੁਰਗਾਂ ਦੀ ਗੱਲ ਨੂੰ ਸਹਾਰ ਨਹੀਂ ਸਕਦਾ। ਬਜ਼ੁਰਗਾਂ ਨੂੰ ਪਹਿਲਾਂ ਵਰਗਾ ਸਤਿਕਾਰ ਨਹੀਂ ਦਿਤਾ ਜਾਂਦਾ। ਘਰਾਂ ਵਿਚੋਂ, ਪ੍ਰਵਾਰਾਂ ਵਿਚੋਂ ਕਈ ਮੈਂਬਰ ਬਾਹਰ ਅਪਣੇ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ ਤੇ ਘਰ ਵਿੱਚ ਬੱਚਿਆਂ ਦਾ ਧਿਆਨ ਰੱਖਣ ਲਈ ਕੰਮ ਵਾਲੀਆਂ ਹੁੰਦੀਆਂ ਹਨ। ਉਨ੍ਹਾਂ ਵੱਲ ਪੂਰਾ ਧਿਆਨ ਨਾ ਦੇਣ ਕਾਰਨ ਉਹ ਵਿਗੜ ਜਾਂਦੇ ਹਨ ਤਾਂ ਹੀ ਬੱਚਿਆਂ ਦੀ ਸ਼ਖ਼ਸੀਅਤ ਦਾ ਸਹੀ ਵਿਕਾਸ ਨਹੀਂ ਹੁੰਦਾ ।

ਅਜੋਕੇ ਸਮੇਂ ਵਿਚ ਲੋੜ ਹੈ ਜਾਗਰੂਕਤਾ ਦੀ, ਕਿਉਂਕਿ ਆਧੁਨਿਕ ਬਦਲਾਅ ਨੇ ਸਾਡੇ ਸਭਿਆਚਾਰ ਦੀ ਮਹੱਤਤਾ ਨੂੰ ਘਟਾ ਦਿਤਾ ਹੈ । ਜੇ ਅਸੀਂ ਅਪਣੇ ਸਭਿਆਚਾਰ ਨੂੰ ਆਉਣ ਵਾਲੀ ਪੀੜ੍ਹੀ ਨੂੰ ਸੌਂਪਣਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਕਿ ਸਭਿਆਚਾਰ ਨਾਲ ਸਬੰਧਤ ਪ੍ਰਦਰਸ਼ਨੀਆਂ ਲਗਾਈਆਂ ਜਾਣ।

ਸਰਕਾਰ ਨੂੰ ਚਾਹੀਦਾ ਹੈ ਕਿ ਬੱਚਿਆਂ ਦੀ ਮੁਢਲੀ ਸਿੱਖਿਆ ਮਾਂ-ਬੋਲੀ ਵਿੱਚ ਦੇਵੇ। ਸੰਸਾਰ ਭਰ ਦੇ ਵਿਦਵਾਨ ਮੰਨਦੇ ਹਨ ਕਿ ਬੱਚੇ ਦੀ ਸ਼ਖ਼ਸੀਅਤ ਦਾ ਤਾਂ ਹੀ ਸਹੀ ਵਿਕਾਸ ਹੋਵੇਗਾ, ਜੇ ਉਨ੍ਹਾਂ ਦੀ ਮੁਢਲੀ ਸਿਖਿਆ ਮਾਂ-ਬੋਲੀ ਵਿੱਚ ਹੋਵੇਗੀ। ਲੋੜ ਹੈ ਸਮੇਂ ਅਨੁਸਾਰ ਸੰਭਲਣ ਦੀ । ਜੇ ਇਸੇ ਤਰ੍ਹਾਂ ਅਸੀਂ ਸਭਿਆਚਾਰ ਨੂੰ ਵਿਸਾਰਦੇ ਗਏ ਤਾਂ ਇੱਕ ਦਿਨ ਅਸੀਂ ਆਪਣਾ ਸਭਿਆਚਾਰ ਪੱਛਮੀ ਪ੍ਰਭਾਵ ਹੇਠ ਗੁਆ ਕੇ ਹੀਣਭਾਵਨਾ ਦਾ ਸ਼ਿਕਾਰ ਹੋ ਜਾਵਾਂਗੇ ।

# ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ . . .

ਗੁਰਮੀਤ ਸਿੰਘ ਵੇਰਕਾ

ਪਰਾਂਦੀ, ਪਰਾਂਦਾ ਪੰਜਾਬੀ ਸੱਭਿਆਚਾਰ ਵਿੱਚ ਵਾਲਾਂ ਦਾ ਇੱਕ ਪ੍ਰਮੁੱਖ ਗਹਿਣਾ ਹੈ। ਜਿਸ ਨੂੰ ਮੁੱਢ ਤੋਂ ਹੀ ਪੰਜਾਬੀ ਔਰਤਾਂ ਆਪਣੇ ਵਾਲਾਂ ਦੀ ਗੁੱਤ ਬਣਾ ਕੇ ਉਸ ਵਿੱਚ ਗੁੰਦਦੀਆਂ ਹਨ ਅਤੇ ਪਹਿਨਦੀਆਂ ਹਨ। ਇਸ ਨੂੰ ਪੰਜਾਬੀ ਵਿੱਚ ਪਰਾਂਦਾ ਤੇ ਡੋਰੀ ਵੀ ਕਿਹਾ ਜਾਂਦਾ ਹੈ। ਪਰਾਂਦੇ ਜਾਂ ਪਰਾਂਦੀ ਨੂੰ ਪੰਜਾਬੀ ਸੱਭਿਆਚਾਰ ਦੇ ਪਛਾਣ ਚਿੰਨ ਵਜੋਂ ਵੀ ਲਿਆ ਜਾਂਦਾ ਹੈ। ਪਰਾਂਦੀ 'ਤੇ ਗੀਤ ਵੀ ਗਾਏ ਜਾਂਦੇ ਹਨ। ਜਿਸ ਤੋਂ ਸੱਭਿਆਚਾਰ 'ਚ ਇਸ ਦੀ ਮਹੱਤਤਾ ਉਜਾਗਰ ਹੁੰਦੀ ਹੈ।

ਕਾਲਾ ਡੋਰੀਆ ਕੁੰਡੇ ਨਾਲ
ਅੜਿਆ ਵੇ,
ਛੋਟਾ ਦੇਵਰਾ ਭਾਬੀ ਨਾਲ
ਲੜਿਆ ਉਏ,
ਛੋਟੇ ਦੇਵਰਾ ਤੇਰੀ ਦੂਰ ਬਲਾਈਂ ਉਏ,
ਨਾ ਸੁਣ ਸੋਹਣਿਆ ਤੇਰੀ ਇੱਕ ਭਰਜਾਈ ਉਏ।
ਕਾਲੇ ਰੰਗ ਦੀ ਪਰਾਂਦੀ ਸਾਡੇ ਸੱਜਣਾ ਲਿਆਂਦੀ ,
ਨੀ ਮੈ ਚੁੰਮ ਚੁੰਮ ਰੱਖਦੀ ਫਿਰਾਂ,
ਕਿ ਭੱਬਾਂ ਭਾਰ ਨੱਚਦੀ ਫਿਰਾਂ।

ਵਾਲਾਂ ਦਾ ਸ਼ਿੰਗਾਰ

ਵਾਲਾਂ ਨੂੰ ਲੁਕਾ ਕੇ ਰੱਖਣਾ ਜ਼ਰੂਰੀ ਨਹੀਂ ਸਗੋਂ ਗੁੰਦਾ ਕੇ ਰੱਖਣਾ ਜ਼ਰੂਰੀ ਹੁੰਦਾ ਹੈ। ਸਿਰ ਦਾ ਵਾਲ ਕੋਈ ਐਂਵੇਂ ਨਾ ਰਹੇ, ਇਸ ਕਰ ਕੇ ਪੱਟੀਆਂ ਵਿਚ ਮੋਗਾ ਢਾਲ ਕੇ ਪਾਈ ਜਾਂਦੀ ਸੀ ਕਿ ਵਾਲ ਸਾਰੇ ਬੈਠ ਜਾਣ। ਫਿਰ ਪੱਟੀਆਂ ਤੇ ਬਾਕੀ ਵਾਲਾਂ ਨੂੰ ਪਰਾਂਦਾ ਪਾ ਲੈਂਦੀਆਂ ਸਨ। ਵਿਆਹ ਵਿਚ ਲਾਲ ਪਰਾਂਦਾ ਪਾਇਆ ਜਾਂਦਾ ਸੀ। ਉਂਝ ਕਾਲੇ ਪਰਾਂਦੇ ਦੇ ਸਿਰੇ ਤੇ ਮੋਤੀ ਗੋਟਾ ਆਦਿ ਕਈ ਕੁਝ ਲਗਾਇਆ ਹੁੰਦਾ ਸੀ। ਕੁੜੀਆਂ, ਔਰਤਾਂ ਵਿਆਹਾਂ, ਸਮਾਰੋਹਾਂ, ਤੀਆਂ ਦੇ ਤਿਉਹਾਰ, ਮੇਲਿਆਂ ਤੇ ਰੰਗ-ਬਰੰਗੇ ਪਰਾਂਦੇ ਪਾ ਕੇ ਜਾਂਦੀਆਂ ਹਨ। ਪਰਾਂਦਾ ਮੁਟਿਆਰ ਦਾ ਅਨਿੱਖੜਵਾਂ ਅੰਗ ਰਿਹਾ ਹੈ ਜੋ ਉਸ ਦੇ ਹੁਸਨ ਤੇ ਖ਼ੂਬਸੂਰਤੀ ਨੂੰ ਚਾਰ ਚੰਨ ਲਗਾਉਂਦਾ ਹੈ। ਅਕਸਰ ਲਾਲ ਪਰਾਂਦੇ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਵੀ ਕੀਤਾ ਜਾਂਦਾ ਹੈ। ਇਸ ਨੂੰ ਸੁਗਾਤ ਦੇ ਰੂਪ ਵਿਚ ਭੇਟ ਕੀਤਾ ਜਾਂਦਾ ਸੀ-

'ਕਾਲੀ ਤੇਰੀ ਗੁੱਤ
ਤੇ ਪਰਾਂਦਾ ਤੇਰਾ ਲਾਲ ਨੀ,
ਰੂਪ ਦੀਏ ਰਾਣੀਆਂ ਨੀ
ਪਰਾਂਦੇ ਨੂੰ ਸੰਭਾਲ ਨੀ।'
ਕਾਲਾ ਪਰਾਂਦਾ ਸੱਜਣ ਨੇ ਲਿਆਂਦਾ, ਚੁੰਮ ਚੁੰਮ ਰੱਖਾਂ ਇਸ ਨੂੰ।

ਇਸੇ ਤਰ੍ਹਾਂ ਦੁਪੱਟਾ ਵੀ ਪੰਜਾਬੀ ਸੱਭਿਆਚਾਰ ਅਤੇ ਸਲਵਾਰ ਕਮੀਜ਼ ਦਾ ਅਨਿੱਖੜਵਾਂ ਅੰਗ ਹੈ। ਸਲਵਾਰ ਕਮੀਜ਼ ਦੇ ਤੀਸਰੇ ਬਸਤਰ ਨੂੰ ਦੁਪੱਟਾ ਕਿਹਾ ਜਾਂਦਾ ਹੈ। ਦੁਪੱਟੇ ਦਾ ਪ੍ਰਯੋਗ ਪ੍ਰਚੀਨ ਕਾਲ ਤੋਂ ਸਲਵਾਰ, ਕਮੀਜ਼, ਸਾੜੀ, ਘੱਗਰੇ ਨਾਲ ਕੀਤਾ ਜਾਂਦਾ ਰਿਹਾ ਹੈ। ਪੇਂਡੂ ਔਰਤਾਂ ਦੁਪੱਟੇ ਦਾ ਜ਼ਿਆਦਾਤਰ ਇਸਤੇਮਾਲ ਇਸ ਤਰ੍ਹਾਂ ਕਰਦੀਆਂ ਹਨ ਤਾਂ ਜੋ ਉਨ੍ਹਾਂ ਦਾ ਆਪਣਾ ਸਿਰ 'ਤੇ ਜ਼ਿਆਦਾਤਰ ਭਾਗ ਚਿਹਰੇ ਨਾਲ ਢੱਕਿਆ ਰਹੇ। ਦੁਪੱਟਾ ਦੋ ਪੱਟਾ ਨੂੰ ਜੋੜ ਕੇ ਬਣਾਇਆ ਹੋਇਆ ਤਿੰਨ ਗਜ਼ ਲੰਬਾ ਤੇ ਡੇਢ ਗਜ਼ ਚੌੜਾ ਜਾਂ ਫੁਲਕਾਰੀ ਉੱਤੇ ਬਰੀਕ ਮਲਮਲ ਦਾ ਦੁਪੱਟਾ ਜੋੜਿਆ ਹੁੰਦਾ ਹੈ। ਪੰਜਾਬੀ ਲੋਕ ਧਾਰਾ ਵਿੱਚ ਇਸ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਦੁਪੱਟੇ 'ਤੇ ਮਰਹੂਮ ਗਾਇਕ ਬਿੰਦਰਖੀਆ ਦਾ ਗਾਣਾ 'ਦੁਪੱਟਾ ਤੇਰਾ ਸੱਤ ਰੰਗ ਦਾ' ਕਾਫ਼ੀ ਮਕਬੂਲ ਹੋਇਆ ਸੀ। ਜਦੋਂ ਅਸੀਂ ਛੋਟੇ ਸੀ ਪਿੰਡ ਦੀਆਂ ਨੂੰਹਾਂ ਜਿਹੜਾ ਵੀ ਪਿੰਡ ਦਾ ਸਿਆਣਾ ਬੰਦਾ ਹੁੰਦਾ ਸੀ, ਸ਼ਰਮ ਹਯਾ ਨੂੰ ਮੁੱਖ ਰੱਖਦੇ ਦੇਖ ਕੇ ਦੁਪੱਟੇ ਜਾਂ ਚੁੰਨੀ ਨਾਲ ਘੁੰਡ ਕੱਢਦੀਆਂ ਸਨ। ਘਰ ਵਿੱਚ ਵੱਡਿਆਂ ਦਾ ਸਹੁਰੇ ਤੇ ਜੇਠ ਦਾ ਆਦਰ ਕਰਨ ਲਈ ਘੁੰਢ ਕੱਢਦੀਆਂ ਸਨ। ਅਣਵਿਆਹੀਆਂ ਕੁੜੀਆਂ ਵੀ ਸਿਰ 'ਤੇ ਦੁਪੱਟੇ ਤੇ ਚੁੰਨੀ ਰੱਖਦੀਆਂ ਸਨ। ਵੱਡਿਆ ਦਾ ਸਤਿਕਾਰ ਚੁੰਨੀ ਅਤੇ ਦੁਪੱਟੇ ਨਾਲ ਸਿਰ ਢੱਕ ਕੇ ਕੀਤਾ ਜਾਂਦਾ ਸੀ।

ਭਾਵੇਂ ਹੁਣ ਲੋਕਾਂ ਦੀ ਰਹਿਣੀ ਬਹਿਣੀ ਵਿੱਚ ਵੱਡਾ ਬਦਲਾਅ ਆ ਗਿਆ ਹੈ ਪਰ ਅਜੇ ਵੀ ਪੁਰਾਣੀਆਂ ਔਰਤਾਂ ਨੇ ਇਸ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਅਜਿਹਾ ਹੋਣਾ ਚਾਹੀਦਾ ਵੀ ਹੈ।

ਪਿੰਡ ਦੇ ਥੜ੍ਹੇ 'ਤੇ ਆਮ ਲੋਕ ਵਿਹਲੇ ਹੋ ਕੇ ਤਖ਼ਤਪੋਸ਼ 'ਤੇ ਬੈਠ ਜਾਂਦੇ ਸੀ। ਜਿੱਥੋਂ ਆਮ ਲੋਕ ਪਿੰਡ ਦੇ ਗੁਜ਼ਰਦੇ ਸੀ,ਸਾਡੇ ਪਿੰਡ ਦਾ ਨੰਬਰਦਾਰ ਬੂਰ ਸਿੰਘ ਸੀ ਜੋ ਥੜ੍ਹੇ 'ਤੇ ਬੈਠਾ ਹੁੰਦਾ ਸੀ। ਔਰਤਾਂ ਨੇ ਤੇ ਘੁੰਢ ਕੱਢਣਾ ਹੁੰਦਾ ਸੀ, ਮਜਾਲ ਹੈ ਕੋਈ ਮੁੰਡਾ-ਕੁੜੀ ਨੰਗੇ ਸਿਰ ਥੜ੍ਹੇ ਲਾਗੋਂ ਲੰਘ ਜਾਵੇ। ਬਜ਼ੁਰਗਾਂ ਦਾ ਵਜਕਾ ਹੁੰਦਾ ਸੀ। ਜਦੋਂ ਕਿਸੇ ਲੜਕੀ ਨੂੰ ਕੋਈ ਮੁਸ਼ਟੰਡੇ ਗ਼ਲਤ ਨਿਗਾਹ ਨਾਲ ਵੇਖਦੇ ਸਨ ਤਾਂ ਉਹ ਬਜ਼ੁਰਗ ਕੋਲ ਚਲੀ ਜਾਂਦੀ ਸੀ। ਮੁੰਡੇ ਦੀ ਜੁਰੱਅਤ ਨਹੀਂ ਸੀ ਹੁੰਦੀ ਕੁੜੀ ਨੂੰ ਹੱਥ ਲਾਉਣ ਦੀ। ਇਹ ਹੀ ਵਜਾ ਸੀ ਪਿੰਡ ਦੇ ਲੋਕ ਪਿੰਡ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਦੇ ਸੀ। ਦੁੱਖ-ਸੁੱਖ,ਵਿਆਹ-ਸ਼ਾਦੀਆਂ ਵਿੱਚ ਸ਼ਰੀਕ ਹੁੰਦੇ ਸੀ। ਕਿੰਨੇ ਕਿੰਨੇ ਦਿਨ ਬਰਾਤਾਂ ਠਹਿਰਣੀਆਂ। ਪਿੰਡ ਦੇ ਲੋਕ ਆਪਣੀ ਧੀ ਭੈਣ ਦਾ ਵਿਆਹ ਸਮਝ ਸ਼ਰੀਕ ਹੁੰਦੇ। ਦੁੱਧ, ਮੰਜੇ ਬਿਸਤਰੇ ਇਕੱਠੇ ਕਰ ਭੇਜਦੇ ਸੀ-

ਇੱਕ ਵਾਰੀ ਲੈ ਕੇ ਛੁੱਟੀਆਂ ਜਦੋਂ ਪਿਛਲੇ ਵਰ੍ਹੇ ਤੂੰ ਆਇਆ,
ਹੱਥ ਉੱਤੇ ਲਾ ਕੇ ਮਹਿੰਦੀਆਂ ਵੇ ਮੈਂ ਸੰਗਲ਼ੀ ਦੁਪੱਟਾ ਰੰਗਵਾਇਆ।
ਅੱਧਾ ਅੱਧਾ ਘੁੰਢ ਕੱਢ ਕੇ, ਸਹੁਰੇ ਸਾਹਮਣੇ ਨਾਂ ਖੁੱਲ੍ਹ ਕੇ ਬੁਲਾਵਾਂ,
ਕੌਣ ਆਖੂ ਹੌਲਦਾਰਨੀ, ਕਿਤੇ ਆਵੀਂ ਨਾਂ ਤੁੜਾ ਕੇ ਨਾਂਵਾਂ।
ਸ਼ੌਂਕੀਆਂ ਦੁਪੱਟਾ ਨੀ ਮੈਂ ਸ਼ੌਕ ਨਾਲ ਰੰਗਿਆ,
ਹਾਸੀਆਂ ਨੂੰ ਰੋਕ ਰੋਕ ਮਾਹੀ ਕੋਲੋਂ ਲੰਘਿਆ।



'ਨੀ ਮੈਨੂੰ ਮਾਹੀ ਵਾਲੇ ਰੰਗ ਵਿੱਚ ਰੱਚ ਰਹਿਣ ਦੇ,
ਨੀ ਮੈਨੂੰ ਦਿਉਰ ਦੇ ਵਿਆਹ ਦੇ ਵਿੱਚ ਨੱਚ ਲੈਣ ਦੇ।'

ਹੁਣ ਕੁਆਰੀ ਕੁੜੀ ਤੇ ਨੂੰਹ ਵਿੱਚ ਫ਼ਰਕ ਨਜ਼ਰ ਨਹੀਂ ਆਉਂਦਾ। ਪੱਛਮੀ ਰੰਗਤ ਕਾਰਨ ਨਾ ਰੰਗ ਲਾ ਦੁਪੱਟਾ ਰਿਹਾ ਨਾ ਚੁੰਨੀ ਤੇ ਨਾ ਘੁੰਢ। ਸਭ ਕੁਝ ਖ਼ਤਮ ਹੋ ਰਿਹਾ। ਇਹ ਸਭ ਹੁਣ ਸਟੇਜਾਂ, ਡਰਾਮਿਆਂ, ਕਲਚਰ ਪ੍ਰੋਗਰਾਮਾਂ ਵਿੱਚ ਨਜ਼ਰ ਆਉਂਦਾਹੈ। ਜੋ ਬਾਬੇ ਬੂਰ ਸਿੰਘ ਨੰਬਰਦਾਰ ਵਰਗਿਆਂ ਦਾ ਵਜਕਾ ਸੀ ਰੁਲ ਰਹੇ ਹਨ, ਬੁਢਾਪਾ ਰੁੱਲ ਰਿਹਾ ਹੈ। ਕੋਈ ਕਿਸੇ ਕੋਲੋ ਨਹੀਂ ਡਰਦਾ। ਔਰਤਾਂ ਨਾਲ ਅਪਰਾਧਾਂ ਵਿੱਚ ਵਾਧਾ ਹੋਇਆ ਹੈ। ਲੋੜ ਹੈ ਨਵੀਂ ਪੀੜ੍ਹੀ ਜੋ ਆਪਣੇ ਸੱਭਿਆਚਾਰ ਤੋਂ ਦੂਰ ਜਾ ਰਹੀ ਹੈ, ਨੂੰ ਨਾਲ ਜੋੜਣ ਦੀ। ਸਾਡੀ ਨਵੀਂ ਪੀੜੀ ਨੂੰ ਪ੍ਰੇਰਨਾ ਦੇਣ ਦੀ ਕਿ ਉਹ ਪੰਜਾਬੀ ਸੱਭਿਆਚਾਰ, ਪੰਜਾਬੀ ਪਹਿਰਾਵੇ ਨਾਲ ਹਮੇਸ਼ਾ ਜੁੜ ਕੇ ਰਹਿਣ। ਇਸ ਤੋਂ ਦੂਰ ਨਾ ਜਾਣ। ਇਸ ਸਬੰਧੀ ਮੁਹਿੰਮ ਛੇੜਣ ਲਈ ਸਾਨੂੰ ਸਾਰਿਆਂ ਨੂੰ ਅੱਗੇ ਆਉਣ ਦੀ ਲੋੜ ਹੈ।







ਹਵਾ, ਪਾਣੀ, ਮਿੱਟੀ, ਜੰਗਲ ਅਤੇ ਜਾਨਵਰ—ਇਹ ਸਭ ਮਿਲ ਕੇ ਇੱਕ ਸੰਤੁਲਿਤ ਪ੍ਰਣਾਲੀ ਬਣਾਉਂਦੇ ਹਨ, ਜਿਸਨੂੰ ਅਸੀਂ ਵਾਤਾਵਰਣ ਕਹਿੰਦੇ ਹਾਂ।ਮਨੁੱਖੀ ਤਰੱਕੀ ਦੇ ਨਾਲ-ਨਾਲ ਵਾਤਾਵਰਣ ’ਤੇ ਪੈਣ ਵਾਲਾ ਦਬਾਅ ਵੀ ਤੇਜ਼ੀ ਨਾਲ ਵੱਧ ਰਿਹਾ ਹੈ। ਜੰਗਲਾਂ ਦੀ ਕਟਾਈ, ਪ੍ਰਦੂਸ਼ਣ, ਜਲਵਾਯੂ ਪਰਿਵਰਤਨ ਅਤੇ ਕੁਦਰਤੀ ਸੰਸਾਧਨਾਂ ਦੀ ਅਤਿ ਵਰਤੋਂ ਕਾਰਨ ਅੱਜ ਵਾਤਾਵਰਣ ਸੁਰੱਖਿਆ ਸਭ ਤੋਂ ਵੱਡੀ ਲੋੜ ਬਣ ਚੁੱਕੀ ਹੈ।

ਵਾਤਾਵਰਣ ਵਿੱਚ ਸਾਰੇ ਜੀਵਤ ਅਤੇ ਅਜੀਵ ਤੱਤ ਸ਼ਾਮਲ ਹੁੰਦੇ ਹਨ। ਇਸ ਵਿੱਚ ਹਵਾ, ਪਾਣੀ, ਮਿੱਟੀ, ਸੂਰਜੀ ਰੋਸ਼ਨੀ, ਪੌਦੇ, ਜਾਨਵਰ ਅਤੇ ਮਨੁੱਖ ਆਪ ਸ਼ਾਮਲ ਹਨ। ਇਹ ਸਾਰੇ ਤੱਤ ਇਕ-ਦੂਜੇ ’ਤੇ ਨਿਰਭਰ ਹਨ। ਜਦੋਂ ਇਸ ਸੰਤੁਲਨ ਵਿੱਚ ਵਿਗਾੜ ਆਉਂਦਾ ਹੈ, ਤਾਂ ਜੀਵਨ ਪ੍ਰਭਾਵਿਤ ਹੁੰਦਾ ਹੈ।

ਅੱਜ ਵਾਤਾਵਰਣ ਪ੍ਰਦੂਸ਼ਣ ਇੱਕ ਗੰਭੀਰ ਚੁਣੌਤੀ ਹੈ। ਹਵਾ ਪ੍ਰਦੂਸ਼ਣ ਕਾਰਨ ਸਾਂਸ ਦੀਆਂ ਬਿਮਾਰੀਆਂ ਵਧ ਰਹੀਆਂ ਹਨ। ਪਾਣੀ ਪ੍ਰਦੂਸ਼ਣ ਨਾਲ ਪੀਣ ਵਾਲਾ ਪਾਣੀ ਅਸੁਰੱਖਿਅਤ ਹੋ ਰਿਹਾ ਹੈ। ਉਦਯੋਗਾਂ ਦਾ ਕਚਰਾ, ਵਾਹਨਾਂ ਦਾ ਧੂੰਆ ਅਤੇ ਪਲਾਸਟਿਕ ਦੀ ਅਤਿ ਵਰਤੋਂ ਪ੍ਰਦੂਸ਼ਣ ਦੇ ਮੁੱਖ ਕਾਰਨ ਹਨ।

ਪਾਣੀ ਜੀਵਨ ਲਈ ਅਤਿ ਜ਼ਰੂਰੀ ਹੈ, ਪਰ ਅੱਜ ਸਾਫ਼ ਪਾਣੀ ਦੀ ਕਮੀ ਵਧ ਰਹੀ ਹੈ। ਨਦੀਆਂ, ਝੀਲਾਂ ਅਤੇ ਜ਼ਮੀਨੀ ਪਾਣੀ ਪ੍ਰਦੂਸ਼ਿਤ ਹੋ ਰਹੇ ਹਨ। ਬਰਸਾਤੀ ਜਲ ਸੰਭਾਲ, ਪਾਣੀ ਦੀ ਬਚਤ ਅਤੇ ਪ੍ਰਦੂਸ਼ਣ ’ਤੇ ਕੰਟਰੋਲ ਰਾਹੀਂ ਹੀ ਪਾਣੀ ਸੁਰੱਖਿਆ ਸੰਭਵ ਹੈ।

ਜੰਗਲ ਧਰਤੀ ਦੇ ਫੇਫੜੇ ਹਨ। ਇਹ ਕਾਰਬਨ ਡਾਈਆਕਸਾਈਡ ਨੂੰ ਸੋਖ਼ ਕੇ ਆਕਸੀਜਨ ਛੱਡਦੇ ਹਨ। ਜੰਗਲਾਂ ਦੀ ਕਟਾਈ ਕਾਰਨ ਜਲਵਾਯੂ ਪਰਿਵਰਤਨ ਤੇਜ਼ ਹੋ ਰਿਹਾ ਹੈ।ਜੰਗਲਾਂ ਦੀ ਸੰਭਾਲ , ਭਾਈਚਾਰਕ ਜੰਗਲ ਅਤੇ ਜੰਗਲ ਸੁਰੱਖਿਆ ਨੀਤੀਆਂ ਇਸ ਸਮੱਸਿਆ ਦਾ ਹੱਲ ਹਨ।

ਗਲੋਬਲ ਵਾਰਮਿੰਗ ਕਾਰਨ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ। ਇਸ ਨਾਲ ਬੇਮੌਸਮੀ ਮੀਂਹ, ਸੁੱਕਾ, ਬਾੜ ਅਤੇ ਤੂਫ਼ਾਨ ਵਧ ਰਹੇ ਹਨ। ਕਿਸਾਨੀ, ਸਿਹਤ ਅਤੇ ਆਰਥਿਕਤਾ ’ਤੇ ਇਸਦਾ ਗੰਭੀਰ ਅਸਰ ਪੈ ਰਿਹਾ ਹੈ। ਨਵੀਕਰਨਯੋਗ ਊਰਜਾ ਅਤੇ ਕਾਰਬਨ ਉਤਸਰਜਨ ਘਟਾਉਣਾ ਬਹੁਤ ਜ਼ਰੂਰੀ ਹੈ।

ਘਰੇਲੂ ਅਤੇ ਉਦਯੋਗਿਕ ਕਚਰਾ ਵਾਤਾਵਰਣ ਲਈ ਵੱਡੀ ਸਮੱਸਿਆ ਹੈ।ਕਚਰੇ ਦੀ ਛਾਂਟ, ਰੀਸਾਇਕਲਿੰਗ ਅਤੇ ਕਮਪੋਸਟਿੰਗ ਨਾਲ ਇਸਨੂੰ ਘਟਾਇਆ ਜਾ ਸਕਦਾ ਹੈ।ਇੱਕ ਵਾਰ ਵਰਤਣ ਵਾਲੇ ਪਲਾਸਟਿਕ ਤੋਂ ਬਚਣਾ ਵੀ ਵਾਤਾਵਰਣ ਸੁਰੱਖਿਆ ਲਈ ਲਾਜ਼ਮੀ ਹੈ।

ਟਿਕਾਊ ਵਿਕਾਸ ਦਾ ਮਤਲਬ ਹੈ ਅੱਜ ਦੀਆਂ ਲੋੜਾਂ ਪੂਰੀਆਂ ਕਰਨਾ ਬਿਨਾਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਨੁਕਸਾਨ ਪਹੁੰਚਾਏ। ਸਾਫ਼ ਊਰਜਾ, ਟਿਕਾਊ ਖੇਤੀ ਅਤੇ ਵਾਤਾਵਰਣ-ਮਿੱਤਰ ਉਦਯੋਗ ਇਸ ਸੋਚ ਨੂੰ ਅੱਗੇ ਵਧਾਉਂਦੇ ਹਨ।

ਵਾਤਾਵਰਣ ਸੁਰੱਖਿਆ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ। ਹਰ ਨਾਗਰਿਕ ਦੀ ਭੂਮਿਕਾ ਅਹਿਮ ਹੈ। ਪਾਣੀ ਅਤੇ ਬਿਜਲੀ ਦੀ ਬਚਤ, ਦਰੱਖ਼ਤ ਲਗਾਉਣਾ, ਜਨਤਕ ਆਵਾਜਾਈ ਵਰਤਣਾ ਅਤੇ ਸਾਫ਼-ਸੁਥਰਾ ਜੀਵਨ ਅਪਣਾਉਣਾ ਛੋਟੇ ਪਰ ਪ੍ਰਭਾਵਸ਼ਾਲੀ ਕਦਮ ਹਨ।

ਵਾਤਾਵਰਣ ਸੰਬੰਧੀ ਸਿੱਖਿਆ ਬਚਪਨ ਤੋਂ ਦੇਣੀ ਚਾਹੀਦੀ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਕਾਰਜਕ੍ਰਮ ਨੌਜਵਾਨਾਂ ਨੂੰ ਜ਼ਿੰਮੇਵਾਰ ਬਣਾਉਂਦੇ ਹਨ। ਮੀਡੀਆ ਅਤੇ ਡਿਜ਼ੀਟਲ ਪਲੇਟਫਾਰਮ ਵੀ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਭਾਰਤ ਵਿੱਚ ਕਈ ਵਾਤਾਵਰਣ ਸੰਭਾਲ ਯੋਜਨਾਵਾਂ ਚਲ ਰਹੀਆਂ ਹਨ। ਸਵੱਛ ਭਾਰਤ ਅਭਿਆਨ, ਨਮਾਮੀ ਗੰਗੇ ਅਤੇ ਰਾਸ਼ਟਰੀ ਵਣ ਨੀਤੀ ਇਸ ਦੀਆਂ ਉਦਾਹਰਣਾਂ ਹਨ। ਇਨ੍ਹਾਂ ਯੋਜਨਾਵਾਂ ਦੀ ਸਫ਼ਲਤਾ ਲੋਕਾਂ ਦੀ ਹਿੱਸੇਦਾਰੀ ’ਤੇ ਨਿਰਭਰ ਕਰਦੀ ਹੈ।

ਕੁਦਰਤੀ ਸਰੋਤ ਜਿਵੇਂ ਕਿ ਪਾਣੀ, ਜੰਗਲ, ਖਣਿਜ ਅਤੇ ਮਿੱਟੀ ਸੀਮਿਤ ਹਨ।ਮਨੁੱਖ ਵੱਲੋਂ ਇਨ੍ਹਾਂ ਦੀ ਬੇਹਿਸਾਬ ਵਰਤੋਂ ਕਾਰਨ ਇਹ ਤੇਜ਼ੀ ਨਾਲ ਖਤਮ ਹੋ ਰਹੇ ਹਨ।ਸਰੋਤਾਂ ਦੀ ਸੰਭਾਲ ਬਿਨਾਂ ਵਿਕਾਸ ਅਧੂਰਾ ਅਤੇ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਧਰਤੀ ’ਤੇ ਪੌਦਿਆਂ ਅਤੇ ਜਾਨਵਰਾਂ ਦੀ ਵੱਖ-ਵੱਖ ਕਿਸਮਾਂ ਨੂੰ ਜੈਵਿਕ ਵਿਭਿੰਨਤਾ ਕਿਹਾ ਜਾਂਦਾ ਹੈ। ਹਰ ਇਕ ਜੀਵ ਕਿਸੇ ਨਾ ਕਿਸੇ ਤਰ੍ਹਾਂ ਵਾਤਾਵਰਣ ਸੰਤੁਲਨ ਨਾਲ ਜੁੜਿਆ ਹੋਇਆ ਹੈ।ਜਦੋਂ ਕਿਸੇ ਇਕ ਪ੍ਰਜਾਤੀ ਦੀ ਹੋਂਦ ਖਤਮ ਹੁੰਦੀ ਹੈ, ਤਾਂ ਪੂਰੀ ਪ੍ਰਣਾਲੀ ਪ੍ਰਭਾਵਿਤ ਹੁੰਦੀ ਹੈ।ਜੰਗਲਾਂ ਦੀ ਕਟਾਈ ਅਤੇ ਪ੍ਰਦੂਸ਼ਣ ਜੈਵਿਕ ਵਿਭਿੰਨਤਾ ਲਈ ਸਭ ਤੋਂ ਵੱਡਾ ਖ਼ਤਰਾ ਹਨ।

ਤੇਜ਼ੀ ਨਾਲ ਵਧ ਰਹੇ ਸ਼ਹਿਰਾਂ ਕਾਰਨ ਹਰੇ ਭਰੇ ਖੇਤਰ ਘਟ ਰਹੇ ਹਨ। ਸੜਕਾਂ, ਇਮਾਰਤਾਂ ਅਤੇ ਉਦਯੋਗਾਂ ਨੇ ਕੁਦਰਤ ਦੀ ਥਾਂ ਲੈ ਲਈ ਹੈ। ਸ਼ਹਿਰੀਕਰਨ ਦੇ ਨਾਲ-ਨਾਲ ਗ੍ਰੀਨ ਬੈਲਟ, ਪਾਰਕ ਅਤੇ ਖੁੱਲ੍ਹੇ ਖੇਤਰ ਬਣਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਹਵਾ ਦੀ ਗੁਣਵੱਤਾ ਬਣੀ ਰਹੇ।

ਵਾਤਾਵਰਣ ਸੁਰੱਖਿਆ ਸਾਡੀ ਹੋਂਦ ਨਾਲ ਜੁੜੀ ਹੋਈ ਹੈ। ਜੇ ਅਸੀਂ ਅੱਜ ਕੁਦਰਤ ਦੀ ਸੰਭਾਲ ਨਹੀਂ ਕਰਾਂਗੇ, ਤਾਂ ਭਵਿੱਖ ਸਾਡੇ ਲਈ ਮੁਸ਼ਕਿਲ ਹੋ ਸਕਦਾ ਹੈ। ਛੋਟੇ-ਛੋਟੇ ਕਦਮਾਂ ਨਾਲ ਵੱਡਾ ਬਦਲਾਅ ਲਿਆਂਦਾ ਜਾ ਸਕਦਾ ਹੈ। ਕੁਦਰਤ ਨਾਲ ਸਾਂਝ ਬਣਾ ਕੇ ਹੀ ਅਸੀਂ ਇਕ ਸੁਰੱਖਿਅਤ ਅਤੇ ਸੁਖਮਈ ਭਵਿੱਖ ਬਣਾ ਸਕਦੇ ਹਾਂ।

## ਵਾਤਾਵਰਣ ਤਬਦੀਲੀ ਨੂੰ ਰੋਕਣ ਲਈ ਉਪਰਾਲੇ ਕਰਨ ਦੀ ਲੋੜ



ਭਾਰਤ, ਚੀਨ ਅਤੇ ਅਮਰੀਕਾ ਤੋਂ ਬਾਅਦ ਕਾਰਬਨ ਡਾਇਕਸਾਈਡ ਪੈਦਾ ਕਰਨ ਵਾਲਾ ਤੀਜਾ ਸਭ ਤੋਂ ਵੱਡਾ ਦੇਸ਼ ਹੈ। ਭਾਰਤ ਦੀ ਵਸੋਂ ਤੇਜ਼ੀ ਨਾਲ ਵਧ ਰਹੀ ਹੈ, ਜਦਕਿ ਇਸ ਦੀ ਆਰਥਿਕਤਾ ਅਜੇ ਵੀ ਆਪਣੀਆਂ ਊਰਜਾ ਲੋੜਾਂ ਲਈ ਤੇਲ ਅਤੇ ਕੋਲੇ ਉੱਪਰ ਹੀ ਨਿਰਭਰ ਹੈ। ਜੇ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਸਮਾਂ ਰਹਿੰਦਿਆਂ ਕਦਮ ਨਾ ਚੁੱਕੇ ਜਾਂਦੇ ਤਾਂ ਪ੍ਰਦੂਸ਼ਣ ਅਤੇ ਸੀਓ2 ਦੇ ਉਤਪਾਦਨ ਵਿੱਚ ਵਾਧਾ ਹੋਣਾ ਤੈਅ ਹੈ। ਭਾਰਤ ਦਾ ਤਰਕ ਰਿਹਾ ਹੈ ਕਿ ਵਾਤਾਵਰਣ ਤਬਦੀਲੀ ਨੂੰ ਰੋਕਣ ਲਈ ਕਾਰਬਨ ਨਿਕਾਸੀ ਘਟਾਉਣ ਲਈ ਕੁਝ ਭਾਰ ਵਿਕਸਿਤ ਦੇਸ਼ਾਂ ਨੂੰ ਵੀ ਚੁੱਕਣਾ ਚਾਹੀਦਾ ਹੈ, ਜੋ ਸਨਅਤੀਕਰਨ ਦੇ ਮੁਨਾਫ਼ੇ ਲੈ ਚੁੱਕੇ ਹਨ। ਪ੍ਰਦੂਸ਼ਣ ਨੂੰ ਘਟਾਉਣ ਲਈ ਮਿੱਥਿਆ ਟੀਚਾ ਕਿਸੇ ਦੇਸ਼ ਦੀ ਆਰਥਿਕ ਤਰੱਕੀ ਨੂੰ ਦਰਸਾਉਂਦਾ ਹੈ ਅਤੇ ਇਸ ਦੀ ਹੋਰ ਦੇਸ਼ਾਂ ਨਾਲ ਤੁਲਨਾ ਕਰਨ ਵਿੱਚ ਵੀ ਮਦਦਗਾਰ ਹੁੰਦਾ ਹੈ। ਭਾਰਤ ਨੇ 2005 ਵਿੱਚ 2030 ਤੱਕ ਜ਼ਹਿਰੀਲੀਆਂ ਗੈਸਾਂ ਦੀ ਨਿਕਾਸੀ ਵਿੱਚ 33-35% ਤੱਕ ਕਮੀ ਕਰਨ ਦਾ ਟੀਚਾ ਰੱਖਿਆ ਸੀ।

ਹਾਲਾਂਕਿ ਕਾਰਬਨ ਸੰਘਣਤਾ ਵਿੱਚ ਆਈ ਕਮੀ ਦਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਸਮੁੱਚੇ ਤੌਰ ’ਤੇ ਅਜਿਹੀ ਨਿਕਾਸੀ ਵਿੱਚ ਕਮੀ ਆਈ ਹੈ।

ਇਸ ਤੋਂ ਇਲਵਾ ਭਾਰਤ ਨੇ ਪਿਛਲੇ ਸਾਲਾਂ ਦੌਰਾਨ ਜੋ ਆਰਥਿਕ ਤਰੱਕੀ ਕੀਤੀ ਹੈ ਉਸ ਪਿੱਛੇ ਭਾਰਤ ਦੀ ਫੌਸਿਲ ਫਿਊਲ ਉੱਪਰ ਨਿਰਭਰਤਾ ਵੀ ਸੀ। ਭਾਰਤ ਜਿੰਨੀਆਂ ਗਰੀਨ ਹਾਊਸ ਪ੍ਰਭਾਵ ਵਾਲੀਆਂ ਗੈਸਾਂ ਹਵਾ ਵਿੱਚ ਛੱਡਦਾ ਹੈ, ਉਨ੍ਹਾਂ ਦਾ ਚੋਖਾ ਹਿੱਸਾ ਫੌਸਿਲ ਫਿਊਲ ਤੋਂ ਪੈਦਾ ਹੁੰਦਾ ਹੈ।

ਕਲਾਈਮੇਟ ਚੇਂਜ ਬਾਰੇ ਸਰਕਾਰਾਂ ਦੇ ਪੈਨਲ ਦਾ ਕਹਿਣਾ ਹੈ ਕਿ ਵਿਸ਼ਵੀ ਟੀਚਾ ਜ਼ਹਿਰੀਲੀਆਂ ਗੈਸਾਂ ਦੀ ਨਿਕਾਸੀ ਨੂੰ 2050 ਤੱਕ ‘ਸਿਫ਼ਰ’ ਲੈ ਕੇ ਆਉਣ ਦਾ ਹੈ। ਇਹ ਉਹ ਸਥਿਤੀ ਹੋਵੇਗੀ ਜਦੋਂ ਕੋਈ ਵੀ ਦੇਸ਼ ਵਿੱਚ ਬਿਲਕੁਲ ਸਿਫ਼ਰ ਗਰੀਨ ਹਾਊਸ ਪ੍ਰਭਾਵ ਵਾਲੀਆਂ ਗੈਸਾਂ ਛੱਡੇਗਾ।

ਧਰਤੀ ਦੇ ਤਾਪਮਾਨ ਨੂੰ 1.5 ਡਿਗਰੀ ਸੈਲਸੀਅਸ ਤੋਂ ਉੱਪਰ ਜਾਣ ਤੋਂ ਰੋਕਣ ਲਈ ਇਹ ਘੱਟੋ-ਘੱਟ ਲੋੜੀਂਦਾ ਟੀਚਾ ਹੈ।ਦੁਨੀਆਂ ਦੇ 130 ਦੇਸ਼ਾਂ ਨੇ ਜਨਤਕ ਤੌਰ ਤੇ ਇਸ ਟੀਚੇ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟਾਈ ਹੈ, ਵਾਅਦਾ ਕੀਤਾ ਹੈ। ਹਾਲਾਂਕਿ ਭਾਰਤ ਅਜੇ ਉਨ੍ਹਾਂ ਦੇਸ਼ਾਂ ਵਿੱਚੋਂ ਨਹੀਂ ਹੈ।

ਸਾਲ 2015 ਵਿੱਚ ਭਾਰਤ ਨੇ ਵਾਅਦਾ ਕੀਤਾ ਸੀ ਕਿ ਉਹ ਆਪਣੀ ਨਵਿਉਣ ਯੋਗ ਵਸੀਲਿਆਂ ਜਿਵੇਂ ਹਵਾ, ਸੂਰਜ, ਅਤੇ ਪਾਣੀ ਤੋਂ ਬਿਜਲੀ ਪੈਦਾ ਕਰਨ ਦੀ ਆਪਣੀ 175 ਗੀਗਾ ਵਾਟ ਦੀ ਮਸਰੱਥਾ ਨੂੰ 2022 ਤੱਕ ਪੰਜ ਗੁਣਾਂ ਵਧਾਏਗਾ

ਪਰ ਸਤੰਬਰ 2021 ਤੱਕ ਭਾਰਤ ਇਸ ਵਿੱਚ ਸਿਰਫ 100 ਗੀਗਾ ਵਾਟ ਦਾ ਹੀ ਵਾਧਾ ਕਰ ਸਕਿਆ। ਇਸੇ ਤਰ੍ਹਾਂ ਸਾਲ 2015 ਵਿੱਚ ਭਾਰਤ ਨੇ ਵਾਅਦਾ ਕੀਤਾ ਸੀ ਕਿ ਉਹ 2030 ਤੱਕ ਆਪਣੀਆਂ ਕੁਲ ਊਰਜਾ ਲੋੜਾਂ ਨਵਿਆਉਣਯੋਗ ਵਸੀਲਿਆਂ ਤੋਂ ਪੂਰੀਆਂ ਕਰੇਗਾ। ਇਹ ਟੀਚਾ ਭਾਰਤ ਨੇ ਲਗਭਗ ਪੂਰਾ ਕਰ ਲਿਆ ਹੈ। ਕਲਾਈਮੇਟ ਐਕਸ਼ਨ ਟਰੈਕਰ, ਜੋ ਕਿ ਮੁਲਕਾਂ ਦੀ ਨੀਤੀ ਨੂੰ 2015 ਦੇ ਪੈਰਿਸ ਸਮਝੌਤੇ ਦੀ ਕਸੌਟੀ ਉੱਪਰ ਪਰਖ਼ਦਾ ਹੈ- ਉਸ ਮੁਤਾਬਕ ਇਹ ਟੀਚਾ ਗੰਭੀਰ ਰੂਪ ਵਿੱਚ ਨਿਗੂਣਾ ਹੈ।

ਬੈਕਸਟਰ ਕਲਾਈਮੇਟ ਐਕਸ਼ਨ ਟਰੈਕਰ ਨਾਲ ਜੁੜੇ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਅਰਥਚਾਰਿਆਂ ਨੂੰ ਕਾਰਬਨ ਮੁਕਤ ਕਰਨ ਲਈ ਕੌਮਾਂਤਰੀ ਮਦਦ ਦੀ ਲੋੜ ਹੈ ਤਾਂ ਜੋ ਤਾਪਮਾਨ ਨੂੰ ਪੈਰਿਸ ਸਮਝੌਤੇ ਮੁਤਾਬਕ 1.5 ਡਿਗਰੀ ਸੈਲਸੀਅਸ ਦੇ ਅੰਦਰ ਰੱਖਿਆ ਜਾ ਸਕੇ।

ਭਾਰਤ ਨੇ ਕਈ ਵਾਰ ਕਿਹਾ ਹੈ ਕਿ ਉਹ ਆਪਣੀ ਜ਼ਮੀਨ ਦਾ ਤੀਜਾ ਹਿੱਸਾ ਜੰਗਲਾਂ ਹੇਠ ਲੈਕੇ ਆਉਣਾ ਚਾਹੁੰਦਾ ਹੈ। ਹਾਲਾਂਕਿ ਇਸ ਨੇ ਕਦੇ ਵੀ ਇਸ ਲਈ ਕੋਈ ਸਮਾਂਰੇਖਾ ਤੈਅ ਨਹੀਂ ਕੀਤੀ ਅਤੇ ਜੋ ਕੰਮ ਇਸ ਪਾਸੇ ਹੋਇਆ ਹੈ, ਉਹ ਹਿੱਸਿਆਂ ਦੇ ਰੂਪ ਵਿੱਚ ਹੈ। ਫਿਰ ਵੀ ਭਾਵੇਂ ਦੱਖਣੀ ਭਾਰਤ ਵਿੱਚ ਹਰਿਆਲੀ ਲਈ ਕੁਝ ਕੋਸ਼ਿਸ਼ਾਂ ਹੋਈਆਂ ਹਨ ਪਰ ਪਿਛਲੇ ਸਮੇਂ ਦੌਰਾਨ ਦੇਸ਼ ਦੇ ਉੱਤਰ-ਪੂਰਬੀ ਹਿੱਸੇ ਉੱਪਰੋਂ ਹਰੀ ਚਾਦਰ ਖਿੱਚੀ ਗਈ ਹੈ। ਜੰਗਲ ਕਾਰਬਨ ਨੂੰ ਵਾਤਾਵਰਣ ਵਿੱਚੋਂ ਸੋਖ ਕੇ ਧਰਤੀ ਵਿੱਚ ਦੱਬਣ ਦਾ ਕੰਮ ਕਰਦੇ ਹਨ। ਭਾਰਤ 2030 ਤੱਕ ਇੰਨੇ ਰੁੱਖ ਲਗਾਉਣ ਦਾ ਟੀਚਾ ਰੱਖਦਾ ਹੈ, ਜੋ ਢਾਈ ਤੋਂ ਤਿਨ ਬਿਲੀਅਨ ਟਨ ਕਾਰਬਨ ਡਾਇਕਸਾਈਡ ਨੂੰ ਹਵਾ ਵਿੱਚੋਂ ਸੋਖ ਸਕਣ।



ਯੂਨੀਵਰਸਿਟੀ ਆਫ਼ ਮੈਰੀਲੈਂਡ ,ਗੂਗਲ ਅਤੇ ਅਮਰੀਰਾ ਦੀ ਨਾਸਾ ਦਾ ਇੱਕ ਸਾਂਝਾ ਫਰੰਟ ਹੈ- ਗਲੋਬਲ ਫੌਰੇਸਟ ਵਾਚ। ਗਲੋਬਲ ਫੌਰੇਸਟ ਵਾਚ ਦੇ ਅੰਦਾਜ਼ੇ ਮੁਤਾਬਕ ਆਪਣੇ ਜੰਗਲਾਂ ਦਾ 18 ਫ਼ੀਸਦੀ ਅਤੇ ਰੁੱਖਾਂ ਹੇਠ ਖੇਤਰ ਵਿੱਚੋਂ 5 ਫ਼ੀਸਦੀ ਸਾਲ 2001 ਤੋਂ 2020 ਦੇ ਦੋ ਦਹਾਕਿਆਂ ਵਿੱਚ ਗੁਆਇਆ ਹੈ। ਇਹ ਇਸ ਲਈ ਹੈ ਕਿਉਂਕਿ ਗਲੋਬਲ ਫੌਰੈਸਟ ਵਾਚ ਦੀ ਰਿਪੋਰਟ ਵਿੱਚ ਸਿਰਫ਼ ਪੰਜ ਮੀਟਰ ਜਾਂ 16 ਫੁੱਟ ਤੋਂ ਉੱਚੇ ਰੁੱਖ ਹੀ ਗਿਣੇ ਜਾਂਦੇ ਹਨ। ਇਸ ਤੋਂ ਵੱਖਰਾ ਭਾਰਤ ਸਰਕਾਰ ਦਾ ਅੰਕੜਾ ਕਿਸੇ ਇਲਾਕੇ ਵਿਸ਼ੇਸ਼ ਰੁੱਖਾਂ ਦੀ ਸੰਘਣਤਾ ਦੇ ਅਧਾਰ ’ਤੇ ਬਣਦਾ ਹੈ।

# ਸਰਦਾਰਾਂ ਵਾਲਾ ਪਿੰਡ

ਦਲੀਪ ਮਾਣਵਾਲਾ



ਕੁਝ ਦਿਨ ਪਹਿਲਾਂ ਮੈਂ ਆਪਣੇ ਸ਼ਹਿਰ ਦੇ ਇੱਕ ਬੈਂਕ ਵਿੱਚ ਐੱਫ ਡੀ ਦੇ ਸਬੰਧ ਵਿੱਚ ਗਿਆ ਸੀ। ਲੰਚ ਬਰੇਕ ਹੋਣ ਕਾਰਨ ਮੈਂ ਬੈਂਕ ਦੇ ਅੰਦਰ ਹੀ ਮੇਨ ਗੇਟ ਕੋਲ ਪਈਆਂ ਕੁਰਸੀਆਂ ’ਤੇ ਬੈਠ ਗਿਆ। ਉੱਥੇ ਪਹਿਲਾਂ ਹੀ ਦੋ ਬਜ਼ੁਰਗ ਬੈਠੇ ਸਨ। ਸ਼ਾਇਦ ਉਹ ਵੀ ਲੰਚ ਬਰੇਕ ਖ਼ਤਮ ਹੋਣ ਦੀ ਉਡੀਕ ਕਰ ਰਹੇ ਸਨ। ਉਹ ਆਪਸ ਵਿੱਚ ਗੱਲਾਂ ਕਰ ਰਹੇ ਸਨ। ਮੈਂ ਵੀ ਕੋਲ ਜਾ ਕੇ ਬੈਠਣ ਕਾਰਨ ਉਨ੍ਹਾਂ ਦੀ ਗੱਲਬਾਤ ਵਿੱਚ ਸ਼ਾਮਲ ਹੋ ਗਿਆ। ਗੱਲਾਂ-ਗੱਲਾਂ ’ਚ ਇੱਕ ਬਜ਼ੁਰਗ ਨੇ ਪੁੱਛਿਆ, ਕਾਕਾ, ਤੇਰਾ ਪਿੰਡ ਕਿਹੜਾ ਹੈ? ਮੈਂ ਆਦਤਨ ਆਪਣੀ ਮੌਜੂਦਾ ਰਿਹਾਇਸ਼ ਵਾਲੇ ਸ਼ਹਿਰ (ਧੂਰੀ) ਅਤੇ ਆਪਣੇ ਪਿਛੋਕੜ ਵਾਲੇ ਪਿੰਡ ਦਾ ਨਾਮ ਦੱਸ ਦਿੱਤਾ। ਪਿੰਡ ਦਾ ਨਾਮ ਸੁਣਦਿਆਂ ਹੀ ਬਜ਼ੁਰਗ ਤ੍ਰਭਕ ਕੇ ਬੋਲਿਆ, ਅੱਛਾ! ਕਾਕਾ, ਤੂੰ ਤਾਂ ਸਰਦਾਰਾਂ ਵਾਲੇ ਪਿੰਡ ਤੋਂ ਹੈਂ! ਇਹ ਗੱਲ ਮੈਂ ਪਹਿਲਾਂ ਵੀ ਕਈ ਵਾਰ ਸੁਣੀ ਸੀ। ਆਸ-ਪਾਸ ਦੇ ਪਿੰਡਾਂ ਦੇ ਲੋਕ ਸਾਡੇ ਪਿੰਡ ਨੂੰ ਅਕਸਰ ‘ਸਰਦਾਰਾਂ ਵਾਲਾ ਪਿੰਡ’ ਕਹਿੰਦੇ ਸਨ ਪਰ ਅੱਜ ਪਿੰਡ ਦੀ ਆਰਥਿਕ ਹਾਲਤ ਉਹ ਨਹੀਂ ਰਹੀ ਜੋ ਕਦੇ ਹੋਇਆ ਕਰਦੀ ਸੀ। ਮੈਂ ਪੁੱਛਿਆ, ਬਜ਼ੁਰਗੋ, ਤੁਸੀਂ ਕਿਹੜੇ ਸਰਦਾਰਾਂ ਦੀ ਗੱਲ ਕਰਦੇ ਹੋ?

ਉਹ ਹੈਰਾਨੀ ਨਾਲ ਬੋਲਿਆ, ਕਾਕਾ, ਮੈਂ ਫਲਾਂ-ਫਲਾਂ ਸਿੰਘ ਤੇ ਫਲਾਂ ਮਾਨ ਦੀ ਗੱਲ ਕਰ ਰਿਹਾ ਹਾਂ, ਜਿਨ੍ਹਾਂ ਨੂੰ ਇਲਾਕੇ ਵਿੱਚ ਨੀਲੇ ਫੋਰਡ ਵਾਲੇ ਸਰਦਾਰ ਕਿਹਾ ਜਾਂਦਾ ਸੀ! ਇੱਕ ਪਲ ਮੇਰੇ ਸਾਹਮਣੇ ਪਿੰਡ ਦੇ ਪੁਰਾਣੇ ਸਮੇਂ ਦੀ ਤਸਵੀਰ ਆ ਗਈ। ਮੈਂ ਸਮਝ ਗਿਆ ਕਿ ਬਜ਼ੁਰਗ ਕਿਹੜੇ ਪਰਿਵਾਰਾਂ ਦੀ ਗੱਲ ਕਰ ਰਿਹਾ ਸੀ। ਪਰ ਮੇਰੇ ਮਨ ਵਿੱਚ ਤੁਰੰਤ ਇੱਕ ਸਵਾਲ ਉੱਠਿਆ- ਅੱਜ ਤਾਂ ਇਨ੍ਹਾਂ ਪਰਿਵਾਰਾਂ ਕੋਲ ਬਹੁਤੀ ਜ਼ਮੀਨ ਨਹੀਂ। ਕੋਈ ਵਿੱਘਿਆਂ ਦਾ ਮਾਲਕ ਹੈ ਤੇ ਕੋਈ ਮਰਲਿਆਂ ਦਾ। ਫਿਰ ਇਹ ਬਜ਼ੁਰਗ ਉਨ੍ਹਾਂ ਨੂੰ ਵੀਹ-ਵੀਹ, ਤੀਹ-ਤੀਹ ਅਤੇ ਚਾਲੀ-ਚਾਲੀ ਕਿੱਲਿਆਂ ਦੇ ਮਾਲਕ ਕਿਵੇਂ ਦੱਸ ਰਿਹਾ ਹੈ? ਬਜ਼ੁਰਗ ਆਪਣੀਆਂ ਯਾਦਾਂ ’ਚੋਂ ਪੁਰਾਣਾ ਪਿੰਡ ਕੱਢ ਕੇ ਮੇਰੇ ਸਾਹਮਣੇ ਰੱਖ ਰਿਹਾ ਸੀ। ਉਹ ਦੱਸ ਰਿਹਾ ਸੀ ਕਿ ਸਾਡੇ ਪਿੰਡ ਦੇ ਜ਼ਿਮੀਦਾਰਾਂ ਕੋਲ ਆਸ-ਪਾਸ ਦੇ ਪਿੰਡਾਂ ਦੇ ਜ਼ਿਮੀਦਾਰਾਂ ਨਾਲੋਂ ਕਿਤੇ ਵੱਧ ਜ਼ਮੀਨ ਹੁੰਦੀ ਸੀ। ਉਨ੍ਹਾਂ ਦਾ ਪਿੰਡ ਵਿੱਚ ਹੀ ਨਹੀਂ ਸਗੋਂ ਪੂਰੇ ਇਲਾਕੇ ਵਿੱਚ ਰੋਅਬ ਹੁੰਦਾ ਸੀ। ਫਿਰ ਉਸ ਨੇ ਇੱਕ ਅਜਿਹਾ ਵਾਕ ਕਿਹਾ ਜੋ ਮੇਰੇ ਮਨ ਵਿੱਚ ਅੱਜ ਤੱਕ ਵੱਸਿਆ ਹੋਇਆ ਹੈ। ਕਾਕਾ, ਤੇਰੇ ਪਿੰਡ ਦੇ ਫਲਾਂ ਸਰਦਾਰ ਦੇ ਖੇਤ ’ਚੋਂ ਤਾਂ ਹਵਾ ਵੀ ਪੁੱਛ ਕੇ ਲੰਘਦੀ ਸੀ! ਇਹ ਵਾਕ ਸਿਰਫ਼ ਕਿਸੇ ਵਿਅਕਤੀ ਦੇ ਰੋਅਬ ਦੀ ਕਹਾਣੀ ਨਹੀਂ ਸੀ। ਇਹ ਇੱਕ ਅਜਿਹੇ ਸਮੇਂ ਦੀ ਯਾਦ ਸੀ ਜਦੋਂ ਜ਼ਮੀਨ ਹੀ ਪਿੰਡ ਦੀ ਸਭ ਤੋਂ ਵੱਡੀ ਤਾਕਤ, ਪਛਾਣ ਅਤੇ ਦੌਲਤ ਹੁੰਦੀ ਸੀ। ਬਜ਼ੁਰਗ ਨੇ ਅੱਗੇ ਦੱਸਿਆ ਕਿ ਪਿੰਡ ਦੇ ਆਲੇ-ਦੁਆਲੇ ਬਣੇ ਕਈ ਗੋਦਾਮ, ਸ਼ੈੱਲਰ, ਫੈਕਟਰੀਆਂ ਅਤੇ ਕਾਰਖਾਨੇ ਉਨ੍ਹਾਂ ਹੀ ਪਰਿਵਾਰਾਂ ਦੇ ਖੇਤਾਂ ਵਿੱਚ ਉਸਰੇ ਹੋਏ ਹਨ। ਇਹ ਗੱਲ ਮੇਰੇ ਲਈ ਨਵੀਂ ਸੀ। ਮੈਂ ਸੋਚਣ ਲੱਗਾ- ਜਿਨ੍ਹਾਂ ਖੇਤਾਂ ਨੂੰ ਕਦੇ ਇਨ੍ਹਾਂ ਪਰਿਵਾਰਾਂ ਦੀ ਸ਼ਾਨ ਸਮਝਿਆ ਜਾਂਦਾ ਸੀ ਅੱਜ ਉਨ੍ਹਾਂ ਖੇਤਾਂ ’ਚ ਹੋਰਾਂ ਦੇ ਕਾਰਖਾਨੇ ਖੜ੍ਹੇ ਹਨ। ਜਿਨ੍ਹਾਂ ਪਰਿਵਾਰਾਂ ਕੋਲ ਕਦੇ ਤੀਹ-ਚਾਲੀ ਕਿੱਲੇ ਜ਼ਮੀਨ ਹੁੰਦੀ ਸੀ, ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਕੋਲ ਹੁਣ ਵਿੱਘੇ ਤੇ ਮਰਲੇ ਹੀ ਰਹਿ ਗਏ ਹਨ। ਕਦੇ ਜਿਹੜੀ ਜ਼ਮੀਨ ਪਰਿਵਾਰਾਂ ਦੀ ਤਾਕਤ ਸੀ, ਉਹ ਹੌਲੀ-ਹੌਲੀ ਵਿਕਦੀ ਗਈ। ਕਿਸੇ ਨੇ ਲੋੜ ਵੇਲੇ ਵੇਚੀ ਹੋਵੇਗੀ, ਕਿਸੇ ਨੇ ਕਾਰੋਬਾਰ ਲਈ ਤੇ ਕਿਸੇ ਨੇ ਸ਼ੌਕ ਲਈ। ਕਿਸੇ ਨੇ ਸ਼ਾਇਦ ਇਹ ਸੋਚ ਕੇ ਕਿ ਜ਼ਮੀਨ ਤਾਂ ਬਹੁਤ ਹੈ, ਥੋੜ੍ਹੀ ਵਿੱਕ ਗਈ ਤਾਂ ਕੀ ਹੋਇਆ ਪਰ ਜ਼ਮੀਨ ਵਿਕਣ ਤੋਂ ਬਾਅਦ ਮੁੜ ਖ਼ਰੀਦਣੀ ਸੌਖੀ ਨਹੀਂ ਹੁੰਦੀ। ਕੌਡੀਆਂ ਦੇ ਭਾਅ ਵਿਕੀ ਜ਼ਮੀਨ ’ਤੇ ਅੱਜ ਵੱਡੀਆਂ-ਵੱਡੀਆਂ ਇਮਾਰਤਾਂ, ਸ਼ੈੱਲਰ ਅਤੇ ਫੈਕਟਰੀਆਂ ਖੜ੍ਹੀਆਂ ਹਨ। ਜਿੱਥੇ ਕਦੇ ਮੋਤੀਆਂ ਵਰਗੀ ਕਣਕ ਉੱਗਦੀ ਹੋਵੇਗੀ ਅੱਜ ਉਸ ਜ਼ਮੀਨ ਦੀ ਛਾਤੀ ਉਪਰ ਗੱਡੀਆਂ ਚਿਮਨੀਆਂ ਬਿਮਾਰੀਆਂ ਵੰਡ ਰਹੀਆਂ ਹਨ। ਉਹ ਚਿਮਨੀਆਂ ਸਿਰਫ਼ ਧੂੰਆਂ ਨਹੀਂ ਛੱਡਦੀਆਂ- ਉਹ ਸਾਨੂੰ ਇੱਕ ਸਵਾਲ ਵੀ ਪੁੱਛਦੀਆਂ ਹਨ: ਕੀ ਅਸੀਂ ਆਪਣੀ ਅਗਲੀ ਪੀੜ੍ਹੀ ਦੀ ਪੂੰਜੀ ਨੂੰ ਅੱਜ ਦੀਆਂ ਲੋੜਾਂ ਲਈ ਵੇਚ ਤਾਂ ਨਹੀਂ ਦਿੱਤਾ? ਕੁਝ ਦਿਨਾਂ ਬਾਅਦ ਮੈਂ ਪਿੰਡ ਵੱਲ ਜਾ ਰਿਹਾ ਸੀ।

ਇਸ ਵਾਰ ਜਦੋਂ ਮੈਂ ਉਨ੍ਹਾਂ ਸ਼ੈੱਲਰਾਂ, ਫੈਕਟਰੀਆਂ ਅਤੇ ਕਾਰਖਾਨਿਆਂ ਕੋਲੋਂ ਲੰਘਿਆ ਤਾਂ ਮੇਰਾ ਨਜ਼ਰੀਆ ਪਹਿਲਾਂ ਨਾਲੋਂ ਵੱਖਰਾ ਸੀ। ਇੱਕ ਫੈਕਟਰੀ ਦੇ ਅੰਦਰ ਮੇਰੇ ਪਿੰਡ ਦੇ ਬਹੁਤ ਸਾਰੇ ਲੋਕ ਮਜ਼ਦੂਰ ਵਜੋਂ ਕੰਮ ਕਰਦੇ ਹਨ। ਥੋੜ੍ਹੇ ਲੋਕ ਸੁਪਰਵਾਈਜ਼ਰ ਹਨ। ਫੈਕਟਰੀ ਵਿੱਚ ਮਜ਼ਦੂਰ, ਮਕੈਨਿਕ, ਇੰਜਨੀਅਰ ਜ਼ਿਆਦਾਤਰ ਪਰਵਾਸੀ ਹਨ। ਜਿਉਂ ਹੀ ਮੈਂ ਉਸ ਫੈਕਟਰੀ ਦੇ ਗੇਟ ਕੋਲੋਂ ਲੰਘਣ ਲੱਗਾ ਤਾਂ ਮੇਰੀ ਨਜ਼ਰ ਇੱਕ ਸਰਦਾਰ ਸੁਰੱਖਿਆ ਕਰਮੀ ’ਤੇ ਪਈ ਜੋ ਨੀਲੇ ਫੋਰਡ ਵਾਲੇ ਸਰਦਾਰਾਂ ਦੀ ਜ਼ਮੀਨ ’ਤੇ ਉੱਸਰੀ ਫੈਕਟਰੀ ਦੇ ਗੇਟ ਅੱਗੇ ਨੀਲੀ ਵਰਦੀ ਪਾਈ ਖੜ੍ਹਾ ਸੀ ਅਤੇ ਅੰਦਰ ਜਾਣ ਵਾਲੇ ਹਰ ਵਿਅਕਤੀ ਦੀ ਚੰਗੀ ਤਰ੍ਹਾਂ ਜਾਂਚ ਕਰ ਰਿਹਾ ਸੀ। ਮੇਰੇ ਮਨ ਵਿੱਚ ਤੁਰੰਤ ਬੈਂਕ ਵਾਲੇ ਬਜ਼ੁਰਗ ਦੀ ਗੱਲ ਗੂੰਜੀ, ਤੇਰੇ ਪਿੰਡ ਦੇ ਸਰਦਾਰ ਦੇ ਖੇਤ ਵਿੱਚੋਂ ਤਾਂ ਹਵਾ ਵੀ ਪੁੱਛ ਕੇ ਲੰਘਦੀ ਸੀ।

ਮੈਂ ਕੁਝ ਪਲ ਲਈ ਉਸ ਗੇਟ ਵੱਲ ਦੇਖਦਾ ਰਿਹਾ। ਇਹ ਉਹੀ ਜ਼ਮੀਨ ਸੀ ਪਰ ਹੁਣ ਇਸ ਜ਼ਮੀਨ ਦਾ ਮਾਲਕ ਕੌਣ ਸੀ? ਗੇਟ ’ਤੇ ਖੜ੍ਹਾ ਸੁਰੱਖਿਆ ਕਰਮੀ ਕਿਸੇ ਨੂੰ ਅੰਦਰ ਜਾਣ ਦੇ ਰਿਹਾ ਸੀ ਅਤੇ ਕਿਸੇ ਨੂੰ ਰੋਕ ਰਿਹਾ ਸੀ। ਦੂਜੇ ਪਾਸੇ ਇੱਕ ਛੋਟੇ ਜਿਹੇ ਹੋਟਲ ’ਤੇ ਟਰੱਕ ਡਰਾਈਵਰ ਚਾਹ ਪੀ ਰਹੇ ਅਤੇ ਤਾਸ਼ ਖੇਡ ਰਹੇ ਸਨ। ਨਾਲ ਹੀ ਮੋਟਰ ਦਾ ਪੁਰਾਣੀਆਂ ਇੱਟਾਂ ਵਾਲਾ ਕੋਠਾ ਢਹਿ-ਢੇਰੀ ਹੋ ਰਿਹਾ ਸੀ। ਕੋਲ ਪਿਆ ਟੁੱਟਿਆ-ਖਿੱਲਰਿਆ ਚੁਬੱਚਾ ਵੀ ਜਿਵੇਂ ਆਪਣੇ ਆਖ਼ਰੀ ਸਾਹ ਲੈ ਰਿਹਾ ਸੀ। ਇੱਕ ਪਾਸੇ ਨਵੀਂ ਫੈਕਟਰੀ ਦੀਆਂ ਉੱਚੀਆਂ-ਉੱਚੀਆਂ ਕੰਧਾਂ ਸਨ ਅਤੇ ਦੂਜੇ ਪਾਸੇ ਪੁਰਾਣੇ ਖੇਤੀਬਾੜੀ ਵਾਲੇ ਸਮੇਂ ਦੀਆਂ ਨਿਸ਼ਾਨੀਆਂ ਮਿੱਟੀ ਵਿੱਚ ਰਲ ਰਹੀਆਂ ਸਨ। ਇਹ ਦ੍ਰਿਸ਼ ਆਪਣੇ ਆਪ ਵਿੱਚ ਇੱਕ ਪੂਰਾ ਇਤਿਹਾਸ ਸੀ। ਮੇਰੇ ਪਿੰਡ ਦੇ ਉਨ੍ਹਾਂ ਪਰਿਵਾਰਾਂ ਦੇ ਮੁੰਡੇ ਵੀ ਅੱਜ ਇਨ੍ਹਾਂ ਫੈਕਟਰੀਆਂ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਦੀ ਗੱਲ ਬੈਂਕ ਵਿੱਚ ਮਿਲਿਆ ਬਜ਼ੁਰਗ ਕਰ ਰਿਹਾ ਸੀ। ਉਹ ਪਰਿਵਾਰ, ਜਿਨ੍ਹਾਂ ਕੋਲ ਕਦੇ ਦਰਜਨਾਂ ਕਿੱਲੇ ਜ਼ਮੀਨ ਸੀ, ਅੱਜ ਉਨ੍ਹਾਂ ਦੀ ਆਪਣੀ ਪੁਰਾਣੀ ਜ਼ਮੀਨ ’ਤੇ ਬਣੀ ਫੈਕਟਰੀ ਵਿੱਚ ਉਹ ਰੁਜ਼ਗਾਰ ਦੀ ਤਲਾਸ਼ ਵਿੱਚ ਖੜ੍ਹੇ ਸਨ। ਕਦੇ ਜਿਨ੍ਹਾਂ ਦੇ ਖੇਤਾਂ ਵਿੱਚੋਂ ਹਵਾ ਪੁੱਛ ਕੇ ਲੰਘਦੀ ਸੀ ਅੱਜ ਉਨ੍ਹਾਂ ਦੀਆਂ ਪੀੜ੍ਹੀਆਂ ਸ਼ਾਇਦ ਉਸੇ ਜ਼ਮੀਨ ’ਤੇ ਬਣੀ ਫੈਕਟਰੀ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਗੇਟ ’ਤੇ ਆਪਣੀ ਜਾਂਚ ਕਰਵਾਉਂਦੀਆਂ ਹੋਣਗੀਆਂ। ਇਹ ਵਿਚਾਰ ਹੀ ਮਨ ਨੂੰ ਅੰਦਰ ਤੱਕ ਝੰਜੋੜ ਦਿੰਦਾ ਹੈ। ਪਰ ਇਸ ਕਹਾਣੀ ਨੂੰ ਸਿਰਫ਼ ਕਿਸੇ ਇੱਕ ਪਰਿਵਾਰ ਦੀ ਗ਼ਲਤੀ ਕਹਿ ਦੇਣਾ ਵੀ ਠੀਕ ਨਹੀਂ ਹੋਵੇਗਾ। ਸਮੇਂ ਦੇ ਹਾਲਾਤ, ਪਰਿਵਾਰਕ ਲੋੜਾਂ, ਬਦਲਦੀ ਖੇਤੀ, ਕਰਜ਼ੇ, ਕਾਰੋਬਾਰ ਅਤੇ ਬਦਲਦੀਆਂ ਸਮਾਜਿਕ ਕਦਰਾਂ-ਕੀਮਤਾਂ, ਇਹ ਸਾਰੇ ਕਾਰਨ ਰਹੇ ਹੋਣਗੇ। ਪਰ ਇੱਕ ਗੱਲ ਸਪੱਸ਼ਟ ਹੈ- ਜ਼ਮੀਨ ਵੇਚਣ ਦਾ ਫ਼ੈਸਲਾ ਇੱਕ ਵਿਅਕਤੀ ਕਰਦਾ ਹੈ ਪਰ ਉਸ ਦਾ ਪ੍ਰਭਾਵ ਕਈ ਪੀੜ੍ਹੀਆਂ ਤੱਕ ਜਾਂਦਾ ਹੈ। ਪੰਜਾਬ ਵਿੱਚ ਜ਼ਮੀਨ ਸਿਰਫ਼ ਮਿੱਟੀ ਦਾ ਟੁਕੜਾ ਨਹੀਂ। ਇਹ ਇੱਕ ਪਰਿਵਾਰ ਦੀ ਆਰਥਿਕ ਸੁਰੱਖਿਆ, ਪਛਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸੰਭਾਵਨਾ ਵੀ ਰਹੀ ਹੈ। ਇੱਕ ਪਾਸੇ ‘ਨੀਲੇ ਫੋਰਡ ਵਾਲੇ ਸਰਦਾਰ’ ਹਨ, ਜਿਨ੍ਹਾਂ ਦੀਆਂ ਕਹਾਣੀਆਂ ਅੱਜ ਬਜ਼ੁਰਗਾਂ ਦੀਆਂ ਯਾਦਾਂ ਵਿੱਚ ਤਾਜ਼ਾ ਹਨ। ਦੂਜੇ ਪਾਸੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਹਨ ਜੋ ਕਦੇ ਆਪਣੀ ਜ਼ਮੀਨ ’ਤੇ ਬਣੇ ਕਾਰਖਾਨਿਆਂ ਵਿੱਚ ਰੁਜ਼ਗਾਰ ਲੱਭਦੀਆਂ ਹਨ। ਇਹ ਜ਼ਮੀਨ ਤੋਂ ਰੁਜ਼ਗਾਰ ਤੱਕ, ਮਾਲਕੀ ਤੋਂ ਮਜ਼ਦੂਰੀ ਤੱਕ ਅਤੇ ਖੇਤ ਤੋਂ ਫੈਕਟਰੀ ਤੱਕ ਦੇ ਬਦਲਦੇ ਪੰਜਾਬ ਦੀ ਕਹਾਣੀ ਹੈ। ਪਿੰਡ ਦੀਆਂ ਪੁਰਾਣੀਆਂ ਹਵੇਲੀਆਂ, ਢਹਿ ਰਹੇ ਮੋਟਰਾਂ ਦੇ ਕੋਠੇ, ਟੁੱਟੇ ਚੁਬੱਚੇ ਅਤੇ ਉਨ੍ਹਾਂ ਦੇ ਸਾਹਮਣੇ ਖੜ੍ਹੀਆਂ ਫੈਕਟਰੀਆਂ ਅੱਜ ਵੀ ਚੁੱਪਚਾਪ ਸਾਨੂੰ ਕੁਝ ਕਹਿ ਰਹੀਆਂ ਹਨ। ਸਵਾਲ ਸਿਰਫ਼ ਇਹ ਨਹੀਂ ਕਿ ਕਿੰਨੀ ਜ਼ਮੀਨ ਵਿਕ ਗਈ। ਸਵਾਲ ਇਹ ਹੈ ਕਿ ਉਸ ਜ਼ਮੀਨ ਦੇ ਨਾਲ ਕਿੰਨੀਆਂ ਪੀੜ੍ਹੀਆਂ ਦੀ ਤਾਕਤ ਵੀ ਵਿਕ ਗਈ? ਕਦੇ ਜਿਨ੍ਹਾਂ ਖੇਤਾਂ ਵਿੱਚ ਕਣਕ ਦੀਆਂ ਬੱਲੀਆਂ ਲਹਿਰਾਉਂਦੀਆਂਸਨ, ਅੱਜ ਉਨ੍ਹਾਂ ਦੀ ਹਿੱਕ ’ਤੇ ਚਿਮਨੀਆਂ ਅਤੇ ਕਾਰਖਾਨਿਆਂ ਦੀਆਂ ਕੰਧਾਂ ਖੜ੍ਹੀਆਂ ਹਨ। ਸਮਾਂ ਬਦਲ ਗਿਆ ਹੈ। ਸਰਦਾਰਾਂ ਵਾਲੇ ਪਿੰਡ ਦਾ ਉਹ ਰੁਤਬਾ ਹੁਣ ਯਾਦਾਂ ਵਿੱਚ ਰਹਿ ਗਿਆ ਹੈ ਅਤੇ ਅੱਖਾਂ ਸਾਹਮਣੇ ਇੱਕ ਹੋਰ ਸਫ਼ਰ ਹੈ- ਸਰਦਾਰਾਂ ਤੋਂ ਲਾਚਾਰਾਂ ਤੱਕ ਦਾ ਸਫ਼ਰ।

---

ਮਿੰਨੀ ਕਹਾਣੀ

## ਓਹਦਾ ਦਿੱਤਾ ਸਭ ਕੁਝ ਹੈ... !

ਬਰਜਿੰਦਰ ਕੌਰ ਬਿਸਰਾਓ

ਤਾਈ ਰਾਮ ਕੌਰ ਦੀ ਉਮਰ ਚਾਹੇ ਅੱਸੀ-ਪਚਾਸੀ ਸਾਲਾਂ ਦੀ ਹੋ ਗਈ ਸੀ, ਪਰ ਉਸ ਦਾ ਸਰੀਰ ਇਕਹਿਰਾ ਤੇ ਤੰਦਰੁਸਤ ਪਿਆ ਸੀ। ਉਸ ਦਾ ਰੰਗ ਗੋਰਾ ਤੇ ਚਿਹਰੇ ’ਤੇ ਪੂਰੀ ਰੌਣਕ ਸੀ। ਚਿੱਟੇ ਦੁੱਧ ਧੋਤੇ ਕੱਪੜੇ ਉਸ ਦੇ ਬੁਢਾਪੇ ਦਾ ਸ਼ਿੰਗਾਰ ਸਨ, ਜੋ ਉਸ ਦੀ ਸ਼ਖ਼ਸੀਅਤ ਨੂੰ ਹੋਰ ਨਿਖ਼ਾਰ ਦਿੰਦੇ। ਉਸ ਦੀ ਨਿਗਾਹ ਚਾਹੇ ਘਟ ਗਈ ਸੀ, ਪਰ ਪਛਾਣ ਸਭ ਨੂੰ ਲੈਂਦੀ ਸੀ। ਕੋਲ ਰੁਕ ਕੇ ਕਿਸੇ ਨੇ ਉਸ ਦਾ ਹਾਲ ਚਾਲ ਪੁੱਛਣਾ ਤਾਂ ਉਸ ਨੇ ਕਹਿਣਾ, “ਬਹੁਤ ਵਧੀਆ... ਬਹੁਤ ਵਧੀਆ... ਰੱਬ ਨੇ ਰੰਗ ਭਾਗ ਲਾਏ ਪਏ ਨੇ... ਓਹਦਾ ਦਿੱਤਾ ਸਭ ਕੁਝ ਐ...!” ਇਹ ਆਖਦਿਆਂ ਦੋਵੇਂ ਹੱਥ ਜੋੜ ਕੇ ਉੱਪਰ ਨੂੰ ਦੇਖਦੀ ਹੋਈ ਰੱਬ ਦੇ ਸੌ ਸੌ ਸ਼ੁਕਰਾਨੇ ਕਰਦੀ। ਦਰਅਸਲ ਹੁਣ ਤਾਂ ਤਾਈ ਨੂੰ ਰੱਬ ਦਾ ਦਿੱਤਾ ਹੋਇਆ ਸਭ ਕੁਝ ਸੀ। ਸੱਚਮੁੱਚ ਹੀ ਉਸ ਨੂੰ ਹੁਣ ਕਿਸੇ ਚੀਜ਼ ਦੀ ਕਮੀ ਨਹੀਂ ਸੀ। ਉਸ ਦਾ ਇੱਕੋ ਪੁੱਤਰ ਸੀ, ਜੋ ਸਰਕਾਰੀ ਅਫ਼ਸਰ ਲੱਗਿਆ ਹੋਇਆ ਸੀ। ਉਸ ਦੀ ਪਤਨੀ ਅਤੇ ਬੱਚੇ ਉਸ ਨਾਲ ਹੀ ਰਹਿੰਦੇ ਸਨ। ਜਦੋਂ ਉਨ੍ਹਾਂ ਨੂੰ ਸਮਾਂ ਮਿਲਦਾ, ਉਹ ਤਾਈ ਕੋਲ਼ ਦੋ ਚਾਰ ਦਿਨ ਲਾ ਜਾਂਦੇ ਸਨ। ਪੜ੍ਹੇ-ਲਿਖੇ ਪਰਿਵਾਰ ਨੂੰ ਦੇਖ ਕੇ ਅਤੇ ਉਨ੍ਹਾਂ ਦਾ ਆਪਸ ਵਿੱਚ ਪਿਆਰ ਦੇਖ ਕੇ ਤਾਂ ਸੱਚਮੁੱਚ ਹੀ ਉਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਸੀ ਦਿਸਦੀ।

ਸੁਰਿੰਦਰ ਤੇ ਉਸ ਦੀ ਸੱਸ, ਜੋ ਤਾਈ ਰਾਮ ਕੌਰ ਦੇ ਗੁਆਂਢ ਵਿੱਚ ਹੀ ਰਹਿੰਦੀਆਂ ਸਨ ਤੇ ਸਕਿਆਂ ਵਿੱਚੋਂ ਹੀ ਸਨ, ਤਾਈ ਦੇ ਇਕੱਲੀ ਰਹਿੰਦੀ ਹੋਣ ਕਰਕੇ ਉਸ ਦਾ ਧਿਆਨ ਰੱਖਦੀਆਂ ਸਨ। ਕਦੇ ਕਦੇ ਸੁਰਿੰਦਰ ਦੇ ਬੱਚੇ ਵੀ ਤਾਈ ਕੋਲ ਜਾ ਕੇ ਸੌਂ ਜਾਂਦੇ। ਇੱਕ ਦਿਨ ਸੁਰਿੰਦਰ ਨੇ ਆਪਣੀ ਸੱਸ ਨੂੰ ਪੁੱਛਿਆ, “ਬੀਜੀ! ਮੈਨੂੰ ਕਿੰਨਾ ਚਿਰ ਹੋ ਗਿਆ ਵਿਆਹੀ ਆਈ ਨੂੰ... ਇਹ ਆਪਣੇ ਤਾਈ ਜੀ ਨੂੰ ਮੈਂ ਹਮੇਸ਼ਾ ਇਸ ਤਰ੍ਹਾਂ ਹੀ ਖੁਸ਼ਹਾਲ ਦੇਖਦੀ ਆਂ। ਕਦੇ ਉਦਾਸ, ਨਿਰਾਸ਼ ਜਾਂ ਮਰੂੰ ਮਰੂੰ ਕਰਦੇ ਨਹੀਂ ਦੇਖਿਆ। ਉਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਈ ਰਹਿੰਦੇ ਨੇ।”

ਸੁਰਿੰਦਰ ਦੇ ਬੀਜੀ ਉਸ ਦੀ ਗੱਲ ਸੁਣ ਕੇ ਮੁਸਕਰਾ ਪਏ ਤੇ ਆਖਣ ਲੱਗੇ, “ਤੂੰ ਤਾਂ ਹਾਲੇ ਕੱਲ੍ਹ ਦੀ ਜਵਾਕੜੀ ਐਂ ਸਾਡੇ ਲਈ। ਜਦੋਂ ਮੈਂ ਵਿਆਹੀ ਆਈ ਸੀ ਤਾਂ ਰਾਮ ਕੌਰ ਦੇ ਵਿਆਹ ਨੂੰ ਮਸਾਂ ਦੋ ਕੁ ਵਰ੍ਹੇ ਹੋਏ ਸਨ। ਮੈਂ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਇਹਨੂੰ ਕਦੇ ਉਦਾਸ ਜਾਂ ਮਰੂੰ ਮਰੂੰ ਕਰਦਿਆਂ ਨਹੀਂ ਦੇਖਿਆ। ਇਹਨੇ ਬਥੇਰੇ ਔਖੇ ਵੇਲੇ ਦੇਖੇ ਨੇ, ਪਰ ਜੀਹਨੂੰ ਮਿਲਣਾ, ਏਦਾਂ ਈ ਹੱਸ ਕੇ ਮਿਲਦੀ ਤੇ ਆਪਣੇ ਆਪ ਨੂੰ ਬਹੁਤ ਖੁਸ਼ਹਾਲ ਤੇ ਭਾਗਾਂ ਵਾਲੀ ਦੱਸਦੀ ਐ। ਦੇਖਣ ਵਾਲੇ ਨੂੰ ਲੱਗਦੈ ਕਿ ਇਹਦੇ ਜਿੰਨਾ ਕੋਈ ਸੁਖੀ ਇਨਸਾਨ ਹੋ ਹੀ ਨਹੀਂ ਸਕਦਾ।”

“ਅੱਛਾ ਬੀਜੀ! ਭਲਾ ਤਾਈ ਜੀ ’ਤੇ ਕੀ ਔਖੇ ਦਿਨ ਆਏ ਸਨ?” ਸੁਰਿੰਦਰ ਨੇ ਹੈਰਾਨ ਹੋ ਕੇ ਪੁੱਛਿਆ।

“ਰਾਮ ਕੌਰ, ਸਾਡੇ ਚਾਚੇ ਹੋਰਾਂ ਦੀ ’ਕੱਲੀ ’ਕੱਲੀ ਨੂੰਹ ਸੀ। ਚਾਚਾ ਤਾਂ ਹੈ ਨੀ ਸੀ, ਚਾਚੀ ਨੇ ਇਹਦੇ ਜਵਾਕ ਨਾ ਹੋਣ ਕਰਕੇ ਇਹਨੂੰ ਬਹੁਤ ਤੰਗ ਕੀਤਾ। ਇਹਦੇ ਜਦ ਪੰਜ ਸਾਲ ਜਵਾਕ ਨਾ ਹੋਇਆ ਤਾਂ ਸਾਡੀ ਚਾਚੀ ਨੇ ਇਹਦੀ ਸੌਂਕਣ ਲਿਆ ਕੇ ਇਹਦੀ ਹਿੱਕ ’ਤੇ ਬਿਠਾ ਦਿੱਤੀ, ਪਰ ਇਹ ਪਤਾ ਨਹੀਂ ਕਿਹੜੀ ਮਿੱਟੀ ਦੀ ਬਣੀ ਹੋਈ ਸੀ। ਇਹ ਭੋਰਾ ਨਾ ਡੋਲੀ। ਬਥੇਰਾ ਇਹਦੇ ਭਰਾਵਾਂ ਨੇ ਜ਼ੋਰ ਲਾਇਆ ਕਿ ਇਨ੍ਹਾਂ ਨੂੰ ਛੱਡ ਕੇ ਉਨ੍ਹਾਂ ਕੋਲ ਚਲੀ ਜਾਵੇ ਪਰ ਇਹ ਨਾ ਮੰਨੀ। ਨਾ ਇਹਨੇ ਘਰ ’ਚ ਕਲੇਸ਼ ਕੀਤਾ। ਘਰ ਦੀ ਕੁੜੀ ਵਾਂਗ ਹੀ ਘਰ ’ਚ ਰਹਿੰਦੀ ਰਹੀ। ਫੇਰ ਦੂਜੀ ਨੂੰ ਆਈ ਨੂੰ ਵੀ ਪੰਜ ਛੇ ਸਾਲ ਹੋ ਗਏ। ਓਹਦੇ ਵੀ ਨਾ ਕੋਈ ਜਵਾਕ ਹੋਇਆ। ਚਾਚੀ ਨੇ ਓਹਨੂੰ ਵੀ ਤੰਗ ਕਰਨਾ ਸ਼ੁਰੂ ਕਰ ਦਿੱਤਾ।”

“ਪਰ ਬੀਜੀ, ਇਨ੍ਹਾਂ ਦਾ ਆਹ ਕਿੰਨਾ ਸੋਹਣਾ ਪਰਿਵਾਰ ਤਾਂ ਹੈ। ਨਾਲੇ ਦੂਜੀ ਤਾਈ ਕਿੱਥੇ ਐ?” ਸੁਰਿੰਦਰ ਵਿੱਚੋਂ ਟੋਕ ਕੇ ਬੋਲੀ।

“ਇਹ ਵੀ ਦੱਸਦੀ ਆਂ, ਜਦ ਚਾਚੀ ਨੇ ਉਹਨੂੰ ਕੁੱਤੇ ਲਾਉਣੇ ਸ਼ੁਰੂ ਕੀਤੇ ਤਾਂ ਉਹ ਤਲਾਕ ਦੇ ਕੇ ਆਪਣੇ ਹਿੱਸੇ ਦੀ ਜ਼ਮੀਨ ਲੈ ਕੇ ਇਨ੍ਹਾਂ ਨੂੰ ਛੱਡ ਕੇ ਚਲੀ ਗਈ। ਜ਼ਮੀਨ ਤਾਂ ਇਨ੍ਹਾਂ ਕੋਲ ਪਹਿਲਾਂ ਹੀ ਢਾਈ ਕੁ ਕਿੱਲੇ ਸੀ। ਅੱਧੀ ਉਹਨੂੰ ਦੇ ਕੇ, ਪਿੱਛੇ ਰਹਿ ਗਿਆ ਸਵਾ ਕਿੱਲਾ। ਸਵਾ ਕਿੱਲੇ ਦੀ ਖੇਤੀ ’ਚੋਂ ਕੀ ਕਮਾਈ ਹੋਣੀ ਸੀ ਭਲਾ? ਕਈ ਵਾਰ ਮੈਂ ਇਨ੍ਹਾਂ ਨੂੰ ਰੋਟੀ ਲੂਣ ਨਾਲ ਖਾਂਦਿਆਂ ਆਪ ਅੱਖੀਂ ਦੇਖਿਆ, ਪਰ ਕਦੇ ਹਾਲ ਪੁੱਛਣਾ ਤਾਂ ਰਾਮ ਕੌਰ ਨੇ ਕਹਿਣਾ, ‘ਓਹਦਾ ਦਿੱਤਾ ਸਭ ਕੁਝ ਐ, ਭੜੋਲੇ ਭਰੇ ਪਏ ਐ।’ ਸੁਥਰੀ ਐਨੀ ਕਿ ਮਜਾਲ ਐ ਕਿ ਕਦੇ ਅਸੀਂ ਇਹਦੇ ਘਰ ’ਚ ਗੰਦ ਪਿਆ ਦੇਖਿਆ ਹੋਵੇ ਜਾਂ ਇਹਦੇ ਮੈਲਾ ਕੱਪੜਾ ਪਾਇਆ ਦੇਖਿਆ ਹੋਵੇ।”

“ਤਾਈ ਜੀ ਦੇ ਤਾਂ ਹੁਣ ਵੀ ਕਦੇ ਮੈਲਾ ਕੱਪੜਾ ਪਾਇਆ ਨਹੀਂ ਦੇਖਿਆ।” ਸੁਰਿੰਦਰ ਬੋਲੀ।

“ਓਧਰ ਸਾਡੀ ਚਾਚੀ, ਦੂਜੀ ਨੂੰਹ ਦੇ ਜ਼ਮੀਨ ਲਿਜਾਣ ਦੇ ਵਿਜੋਗ ਵਿੱਚ ਚੜ੍ਹਾਈ ਕਰ ਗਈ। ਉਸ ਤੋਂ ਕੁਝ ਸਮਾਂ ਬਾਅਦ ਰਾਮ ਕੌਰ ਦਾ ਆਦਮੀ ਵੀ ਬਿਮਾਰ ਰਹਿਣ ਲੱਗ ਗਿਆ ਤੇ ਉਹ ਵੀ ਚੜ੍ਹਾਈ ਕਰ ਗਿਆ। ਰਾਮ ਕੌਰ ਦੇ ਪੇਕਿਆਂ ਨੇ ਜ਼ੋਰ ਲਾਇਆ ਕਿ ਇੱਥੋਂ ਜ਼ਮੀਨ ਵੇਚ ਕੇ ਉਨ੍ਹਾਂ ਕੋਲ ਰਹਿਣ ਲੱਗ ਪਏ, ਹੁਣ ਐਥੇ ਰਹਿਣ ਨੂੰ ਪਿੱਛੇ ਕੀ ਬਚਿਆ ਸੀ, ਪਰ ਇਹ ਨਾ ਮੰਨੀ। ਇਹਨੇ ਆਪਣੀ ਛੋਟੀ ਭਰਜਾਈ ਦਾ ਮੁੰਡਾ ਗੋਦ ਲੈ ਕੇ ਇੱਥੇ ਹੀ ਆਪਣੀ ਜ਼ਿੰਦਗੀ ਕੱਟੀ। ਮੁੰਡੇ ਨੂੰ ਪਾਲਿਆ, ਪੜ੍ਹਾਇਆ। ਮੁੰਡਾ ਨੌਕਰੀ ’ਤੇ ਲੱਗ ਗਿਆ। ਉਹਦੇ ਨਾਲ ਦੇ ਅਫਸਰ ਨੇ ਹੀ ਆਪਣੀ ਕੁੜੀ ਦਾ ਰਿਸ਼ਤਾ ਕਰ ਦਿੱਤਾ। ਉਸ ਦਾ ਵਿਆਹ ਹੋ ਗਿਆ।”

ਸੁਰਿੰਦਰ ਨੇ ਸੱਸ ਦੀ ਗੱਲ ਸੁਣਨ ਮਗਰੋਂ ਕਿਹਾ, “ਵੇਖ ਲਓ ਬੀਜੀ, ਇਨ੍ਹਾਂ ਨੂੰ ਦੇਖ ਕੇ ਭੋਰਾ ਨੀ ਲੱਗਦਾ ਕਿ ਇਨ੍ਹਾਂ ਨੇ ਵੀ ਕਦੇ ਕੋਈ ਔਖਾ ਸਮਾਂ ਵੇਖਿਆ ਹੋਊ!”

“ਹੋਰ ਕੀ, ਨਾ ਮੈਂ ਇਹਦੇ ਮੂੰਹੋਂ ਕਦੇ ਵੀ ਕਿਸੇ ਦੀ ਚੁਗਲੀ ਸੁਣੀ ਐ, ਨਾ ਕਿਸੇ ਦੀ ਨਿੰਦਿਆ, ਨਾ ਕਿਸੇ ਨੂੰ ਦੇਖ ਦੇਖ ਕੇ ਝੂਰਦੇ ਸੀ ਤੇ ਨਾ ਹੀ ਮਰੂੰ ਮਰੂੰ ਕਰਦੇ ਸੀ। ਹਰ ਵੇਲੇ ਇੱਕੋ ਗੱਲ ‘ਓਹਦਾ ਦਿੱਤਾ ਸਭ ਕੁਝ ਐ’ ਮੈਂ ਤਾਂ ਇਹਨੂੰ ਸਦਾ ਦੋਵੇਂ ਹੱਥ ਜੋੜ ਕੇ ਉਸ ਦਾ ਸ਼ੁਕਰਾਨਾ ਕਰਦੀ ਹੀ ਦੇਖਿਐ। ਤਾਂ ਹੀ ਤਾਂ ਇਸ ਕੋਲ ਕੁਝ ਨਾ ਹੁੰਦੇ ਹੋਏ ਵੀ ਸਭ ਕੁਝ ਦੇ ਕੇ ਰੱਬ ਨੇ ਝੋਲੀਆਂ ਭਰ ਦਿੱਤੀਆਂ ਤੇ ਹੁਣ ਪਿੰਡ ਵਿੱਚ ਲੋਕ ਆਪਣੀਆਂ ਨੂੰਹਾਂ ਧੀਆਂ ਨੂੰ ਤਾਈ ਦੇ ਸਬਰ ਸਿਦਕ ਦੀਆਂ ਉਦਾਹਰਨਾਂ ਦਿੰਦੇ ਨੇ!”

ਸੁਰਿੰਦਰ ਪਹਿਲਾਂ ਤਾਂ ਬਜ਼ੁਰਗ ਹੋਣ ਦੇ ਨਾਤੇ ਹੀ ਤਾਈ ਦੀ ਇੱਜ਼ਤ ਕਰਦੀ ਸੀ, ਪਰ ਹੁਣ ਉਸ ਦੀ ਜ਼ਿੰਦਗੀ ਦੀ ਕਹਾਣੀ ਸੁਣ ਕੇ ਸੁਰਿੰਦਰ ਦੇ ਦਿਲ ਵਿੱਚ ਤਾਈ ਰਾਮ ਕੌਰ ਲਈ ਪਿਆਰ ਤੇ ਇੱਜ਼ਤ ਦੋਵੇਂ ਹੀ ਕਈ ਗੁਣਾ ਵਧ ਗਏ ਸਨ।




## ਉਹ ਦੇਸ਼ ਭਗਤਾ !

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਆਮ ਲੋਕਾਂ ਨੇ ਹੰਝੂ ਕੇਰੇ,
ਫ਼ਾਂਸੀ ਜਦੋਂ ਚੜ੍ਹਾਇਆ ਤੈਨੂੰ।
ਆਜ਼ਾਦੀ ਖ਼ਾਤਰ ਮਰਨ ਦਾ ਰਸਤਾ,
ਤੁਹੀਉਂ ਦਿਖਲਾਇਆ ਸੀ ਸਾਨੂੰ।
ਉਸ ਸਮੇਂ ਦੇ ਹਰ ਨੇਤਾ ਨੇ,
ਰਹਿਬਰ ਜਤਲਾਇਆ ਸੀ ਤੈਨੂੰ।
ਝੂਠ ਮੂਠ ਦੇ ਝਾਂਸੇ ਦੇ ਕੇ,
ਸਬਜ਼ ਬਾਗ਼ ਦਿਖਲਾਇਆ ਸਾਨੂੰ।
ਅੱਜ ਵੀ ਨੇਤਾ ਦੇਸ਼ ਦੇ ਦੁਸ਼ਮਣ,
ਤੇਰੀ ਫ਼ਰਜ਼ੀ ਪੂਜਾ ਕਰਦੇ।
ਤੇਰੀ ਫੋਕੀ ਉਪਮਾ ਕਰ ਕਰ,
ਆਪਣੀਆਂ ਖ਼ੂਬ ਤਜੋਰੀਆਂ ਭਰਦੇ।
ਪਵਿੱਤਰ ਤੇਰੀ ਕੁਰਬਾਨੀ ਦਾ,
ਬੋਲੀ ਲਾ ਲਾ ਮੁੱਲ ਨੇ ਕਰਦੇ।
ਤੈਨੂੰ ਮਹਾਨ ਯੋਧਾ ਦੱਸਣ ਲਈ,
ਇੱਕ ਦੂਜੇ ਤੋਂ ਅੱਗੇ ਖੜ੍ਹਦੇ।
ਤੂੰ 'ਤੇ ਜਨਮ ਤੋਂ ਭਗਤ ਸੀ ਜੰਮਿਆ,
ਦੇਸ਼ ਭਗਤੀ ਦੀ ਗੁੜ੍ਹਤੀ ਲੈ ਕੇ।
ਗੁਰ ਪੀਰਾਂ ਤੋਂ ਸ਼ਕਤੀ ਲੈ ਕੇ,
ਮਾਪਿਆਂ ਕੋਲੋਂ ਫੁਰਤੀ ਲੈ ਕੇ।
ਤੈਨੂੰ ਸ਼ੋਹਰਤ ਦੀ ਲੋੜ ਨਹੀਂ ਸੀ,
ਪੈਸੇ ਦੀ ਤੈਨੂੰ ਹੋੜ ? ਨਹੀਂ ਸੀ।
ਤੂੰ ਤਾਂ ਬੱਸ ਇੱਕ ਸੱਚ ਮੰਗਿਆ ਸੀ।
ਆਜ਼ਾਦੀ ਦਾ ਬੱਸ ਹੱਕ ਮੰਗਿਆ ਸੀ।
ਦੇਖ ਇਹ ਹੱਕ ਅੱਜ ਕਿਸ ਨੂੰ ਮਿਲਿਆ,
ਕਿਸ ਦੇ ਵਿਹੜੇ ਫੁੱਲ ਇਹ ਖਿੜਿਆ।
ਕਿਸ ਨੇ ਦੋਹੀਂ ਹੱਥੀਂ ਲੁੱਟ ਲੁੱਟ,
ਆਪਣਾ ਆਪਣਾ ਘਰ ਹੈ ਭਰਿਆ।
ਪੂੰਜੀਵਾਦੀ ਭਾਰਤ ਅੰਦਰ,
ਅੱਜ ਵੀ ਲੋਕ ਗ਼ੁਲਾਮੀ ਕਰਦੇ।
ਅੱਜ ਵੀ ਲੱਖਾਂ ਭਾਰਤਵਾਸੀ,
ਧਨਵਾਨਾਂ ਦੇ ਤਲਵੇ ਚੱਟਦੇ।
ਅੱਜ ਵੀ ਗ਼ਰੀਬ ਆਜ਼ਾਦੀ ਖ਼ਾਤਰ,
ਹਰ ਦਿਨ ਭੁੱਖ ਦੀ ਸੂਲੀ ਚੜ੍ਹਦੇ।
ਕਾਸ਼ ਤੇਰੀ ਦਿੱਤੀ ਕੁਰਬਾਨੀ,
ਤੇਰਾ ਸੁਪਨਾ ਸੱਚਾ ਕਰਦੀ।
ਕਾਸ਼ ਸੁਤੰਤਰ ਭਾਰਤ ਅੰਦਰ,
ਗ਼ਰੀਬਾਂ ਦਾ ਕੋਈ ਹੁੰਦਾ ਦਰਦੀ।
ਕਾਸ਼ ਸੁਤੰਤਰ ਭਾਰਤ ਅੰਦਰ,
ਗ਼ਰੀਬਾਂ ਦਾ ਕੋਈ ਹੁੰਦਾ ਦਰਦੀ।

## ਗ਼ਜ਼ਲ

ਜਗਜੀਤ ਗੁਰਮ

ਘੁਲਾੜੀ ਵਿੱਚ ਕਿੰਨੀ ਵਾਰ ਪੀੜਿਆ ਸੀ ਗਿਆ ਉਹਨੂੰ
ਕੀ ਮਿੱਠੇ ਹੋਣ ਦਾ ਅੰਜਾਮ ਤੂੰ ਗੰਨਿਆਂ ਤੋਂ ਪੁੱਛ ਲਈਂ।
ਬਿਗਾਨੀਆਂ ਭਾਸ਼ਾਵਾਂ ਪਿੱਛੇ ਕਿੰਨਾ ਕੁਝ ਗੁਆ ਬੈਠੇ
ਸਿਹਾਰੀਆਂ, ਬਿਹਾਰੀਆਂ ਤੇ ਕੰਨਿਆਂ ਤੋਂ ਪੁੱਛ ਲਈਂ।
ਹਰੀ ਕ੍ਰਾਂਤੀ ਪਲੀਤ ਕਰੇ ਹਵਾ, ਪਾਣੀ ਅਤੇ ਮਿੱਟੀ
ਤੂੰ ਭਾਵੇਂ ਵੱਟ, ਖਾਲਾਂ, ਟਿੱਬਿਆਂ, ਬੰਨਿਆਂ ਤੋਂ ਪੁੱਛ ਲਈਂ।
ਕਰੀ ਮਿਹਨਤ ਬਥੇਰੀ ਪਰ ਕਦੇ ਆਇਆ ਨਹੀਂ ਠਾਕੁਰ
ਪਏ ਗਲ਼ ਰੱਸਿਆਂ ਦਾ ਰਾਜ਼ ਤੂੰ ਧੰਨਿਆਂ ਤੋਂ ਪੁੱਛ ਲਈਂ।
ਦਹੀਂ, ਲੱਸੀ, ਘੀ, ਮੱਖਣ, ਸਾਗ, ਮੱਕੀ, ਮੋਠ ਤੇ ਛੋਲੇ
ਕੀ ਹੁੰਦੀਆਂ ਖੁਰਾਕਾਂ ਦੁੱਧ ਦੇ ਛੰਨਿਆਂ ਤੋਂ ਪੁੱਛ ਲਈਂ।
ਦੋ ਵੇਲੇ ਢਿੱਡ ਭਰ ਖਾਣਾ ਮਿਲੇ ਜਾ ਨਾ ਮਿਲੇ ਥੋਨੂੰ
ਸਮਾਂ ਮਿਲਿਆ ਕਦੇ ਤਾਂ ਕੰਮ ਦੇ ਭੰਨਿਆਂ ਤੋਂ ਪੁੱਛ ਲਈਂ।
ਸਿਆਹੀ ਦੀ ਥਾਂ ਲਹੂ ਪੈਂਦਾ 'ਗੁਰਮ' ਕਲਮਾਂ ਦੇ ਵਿੱਚ ਹੁਣ
ਨਹੀਂ ਆਉਂਦਾ ਮੇਰਾ ਵਿਸ਼ਵਾਸ ਜਾ ਕੇ ਪੰਨਿਆਂ ਤੋਂ ਪੁੱਛ ਲਈਂ।

## ਸੀਨੀਅਰ ਲੀਡਰ

ਰੰਜੀਵਨ ਸਿੰਘ

ਸੀਨੀਅਰ ਲੀਡਰ ਹਾਂ ਅਸੀਂ
ਸੀਨੀਅਰ ਲੀਡਰ !
ਇਸ ਪਾਰਟੀ ਵਿੱਚ
ਅਸੀਂ ਵਰਕਰ ਸਾਂ ਪਹਿਲੋਂ
ਫੇਰ ਬਲਾਕ ਪ੍ਰਧਾਨ
ਜ਼ਿਲ੍ਹਾ ਪ੍ਰਧਾਨ ਤੋਂ
ਸੂਬਾ ਪ੍ਰਧਾਨ ਹੁੰਦਿਆਂ
ਐੱਮ.ਐੱਲ.ਏ. ਵੀ ਰਹੇ
ਫੇਰ ਮੰਤਰੀ ਪਦ ਮਾਣਿਆ
ਦਮ ਘੁਟਣ ਲੱਗਾ ਫਿਰ
ਇਸ ਪਾਰਟੀ ਵਿੱਚ ਸਾਡਾ
ਅੱਚਵੀ ਜਿਹੀ ਲੱਗਣ ਲੱਗੀ
ਖੜੋਤ ਜਿਹੀ ਜਾਪਣ ਲੱਗੀ
ਰਾਜਨੀਤਕ ਖੜੋਤ
ਸਥਿਤੀਆਂ ਬਦਲੀਆਂ
ਸਮੀਕਰਨ ਬਦਲੇ
ਮਾਰ ਛੜੱਪੇ ਫੇਰ ਅਸੀਂ
ਕਦੀ ਏਸ ਪਾਰਟੀ
ਕਦੀ ਓਸ ਪਾਰਟੀ
ਪਰ ਦੇਖੋ !
ਕਮਾਲ ਅਸਾਡਾ
ਨਵੀਂ ਪਾਰਟੀ ਵਿੱਚ ਵੀ
ਰਹਿੰਦੇ ਅਸੀਂ
ਸੀਨੀਅਰ ਲੀਡਰ ਹੀ ਹਾਂ
ਅਸੀਂ ਜਿਸ ਵੀ ਪਾਰਟੀ
ਵਿੱਚ ਹੁੰਦੇ ਹਾਂ ਸ਼ਾਮਿਲ
ਆਪਣੀ ਸੀਨੀਆਰਤਾ
ਨਾਲ ਲੈ ਕੇ ਜਾਂਦੇ ਹਾਂ
ਅਸੀਂ ਕੋਈ ਮੁਲਾਜ਼ਮ ਥੋੜ੍ਹੇ ਹਾਂ
ਜੋ ਸੀਨੀਆਰਤਾ ਛੱਡਾਂਗੇ
ਦੂਜੇ ਵਿਭਾਗ ਵਿੱਚ ਜਾ ਕੇ
ਜਿਸ ਮਰਜ਼ੀ ਪਾਰਟੀ ਵਿੱਚ ਹੋਈਏ
ਟਿਕਟਾਂ ਸਾਨੂੰ ਹੀ ਮਿਲਦੀਆਂ ਹਨ
ਲਤਾੜਕੇ ਹੇਠਲੇ ਵਰਕਰਾਂ ਨੂੰ
ਰੌਂਦ ਕੇ ਟਕਸਾਲੀ ਲੀਡਰਾਂ ਨੂੰ
ਦੇਖਿਆ !
ਲੀਡਰ, ਲੀਡਰ ਹੀ ਰਹਿੰਦੇ ਨੇ
ਤੇ ਵਰਕਰ, ਵਰਕਰ ਹੀ
ਦਰੀਆਂ ਵਿਛਾਉਣ ਨੂੰ
ਰੈਲੀਆਂ 'ਚ ਨਾਹਰੇ ਲਾਉਣ ਨੂੰ

## ਗ਼ਜ਼ਲ

ਓਮਕਾਰ ਸੂਦ ਬਹੋਨਾ

ਸਾਥੋਂ ਬੇਮੁਖ ਹੋਈਂ ਨਾ, ਦਿਲ ਦੇ ਬੂਹੇ ਢੋਈਂ ਨਾ,
ਤੇਰੇ ਬਾਝੋਂ ਅਸੀਂ ਇਕੱਲੇ, ਚੈਨ ਅਸਾਡਾ ਖੋਹੀਂ ਨਾ !
ਦਿਲ ਦੀ ਬਸਤੀ ਉੱਜੜ ਜਾਣੀ, ਪਿੱਛੋਂ ਬਹਿ ਕੇ ਰੋਵੀਂ ਨਾ,
ਕੱਚੇ ਧਾਗੇ ਸਾਹਾਂ ਦੇ ਨੇ, ਤੋੜ ਕੇ ਪਾਸੇ ਹੋਵੀਂ ਨਾ।
ਤੇਰੇ ਨਾਂ ਦੀ ਮਾਲਾ ਜਪੀਏ, ਨਫ਼ਰਤ ਦਾ ਬੀਅ ਬੋਈਂ ਨਾ,
ਪਿਆਰ ਦਾ ਬੂਟਾ ਲਾ ਕੇ ਆਪੇ, ਨਾਲ ਤੇਜ਼ਾਬਾਂ ਧੋਈਂ ਨਾ।
ਹਰ ਇੱਕ ਧੜਕਣ ਤੇਰੇ ਨਾਂ, ਦਿਲ ਤੋਂ ਬੇਮੁਖ ਹੋਈਂ ਨਾ,
ਬਹਿ ਕੇ ਕੋਲ 'ਬਹੋਨੇ' ਦੇ, ਤੂੰ ਅੱਖੀਓਂ ਹੰਝੂ ਚੋਈਂ ਨਾ।



## ਰੁੱਖਾਂ ਦੇ ਹਤਿਆਰੇ ਲੋਕ

ਹਰਪ੍ਰੀਤ ਪੱਤੋ

ਰੁੱਖਾਂ ਤੋਂ ਮਿਲਦੀ ਹਰਿਆਲੀ।
ਜੀਵਨ ਵਿੱਚ ਭਰਦੇ ਖੁਸ਼ਹਾਲੀ।
ਇਹ ਫ਼ਰਿਸ਼ਤੇ ਧਰਤ 'ਤੇ ਆਏ।
ਕਿੰਨੇ ਗੁਣ ਇਨ੍ਹਾਂ ਵਿੱਚ ਸਮਾਏ।
ਸੰਜੀਵਨੀ ਬੂਟੀ ਦਾ ਕੰਮ ਕਰਦੇ।
ਸਾਰੇ ਰੋਗ ਇਹੋ ਨੇ ਹਰਦੇ।
ਕਿੰਨੇ ਕੰਮ ਸੰਵਾਰ ਨੇ ਦਿੰਦੇ।
ਕਰ ਨਦੀਆਂ ਤੋਂ ਪਾਰ ਨੇ ਦਿੰਦੇ।
ਫ਼ਲ, ਫੁੱਲ, ਪੱਤੇ ਨੇ ਗੁਣਕਾਰੀ।
ਹਰੀ ਭਰੀ ਲੱਗੇ ਧਰਤੀ ਸਾਰੀ।
ਜਿਨ੍ਹਾਂ ਥਾਵਾਂ 'ਤੇ ਰੁੱਖ ਨਹੀਂ ਹੁੰਦੇ।
ਠੰਡੀਆਂ ਛਾਵਾਂ ਸੁਖ ਨਹੀਂ ਹੁੰਦੇ।
ਨਾ ਰੁੱਖਾਂ ਨੂੰ ਤੁਸੀਂ ਕੱਟੋ ਸਾੜੋ।
ਭੋਲੇ ਜੀਵਾਂ ਤਾਈਂ ਨਾ ਮਾਰੋ।
ਕੁਦਰਤ ਨੇ ਫਿਰ ਰੁੱਸ ਹੈ ਜਾਣਾ।
ਕੀਤੇ ਦਾ ਫ਼ਲ ਪੈਣਾ, ਪਾਉਣਾ।
ਰੁੱਖਾਂ ਦੇ ਜੋ ਹਤਿਆਰੇ ਲੋਕ।
ਭਾਲਣ ਕਿੱਥੋਂ ਸਹਾਰੇ ਲੋਕ।
ਵਰਤੇ ਜਦ ਕੁਦਰਤ ਦਾ ਕਹਿਰ।
ਉੱਜੜ ਜਾਂਦੇ ਨੇ ਵੱਸਦੇ ਸ਼ਹਿਰ।
'ਪੱਤੋ' ਜੇਕਰ ਜਾਗ ਜਾਓਗੇ।
ਬਹੁਤੇ ਸੁਖ ਝੋਲੀ 'ਚ ਪਾਓਗੇ।

## ਗ਼ਜ਼ਲ

ਗੁਰਪ੍ਰੀਤ ਸਿੰਘ ਬਿਲਿੰਗ

ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ,
ਹਰ ਰੋਗ, ਹਰ ਜ਼ਖ਼ਮ ਦੀ ਉਹ ਹੀ ਸ਼ਿਫ਼ਾ ਹੁੰਦੀ ਹੈ।
ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤੱਕ ਪਹੁੰਚ ਜਾਵੇ,
ਮਾਂ ਦੀ ਹੀ ਯਾਦ ਤਪਦੇ ਰਾਹਾਂ 'ਚ ਛਾਂ ਹੁੰਦੀ ਹੈ।
ਮਨੁੱਖ ਭਾਵੇਂ ਹੋ ਜਾਵੇ ਵੱਡਾ, ਚਾਹੇ ਕਿੰਨੀ ਵੀ ਉਮਰ ਦਾ,
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ।
ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ,
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ।
ਮਸਜਿਦਾਂ ਦੀ ਅਜ਼ਾਨ, ਮੰਦਿਰਾਂ ਵਿੱਚ ਹੁੰਦੀ ਆਰਤੀ,
ਮਾਂ ਦੀ ਸਦਾ ਵਿੱਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ।
ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ,
ਧਰਤੀ 'ਤੇ ਮਾਂ ਹੀ ਰੱਬ ਦੀ ਮਰਜ਼ੀ ਤੇ ਰਜ਼ਾ ਹੁੰਦੀ ਹੈ।
ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ,
ਜਦ ਘਰ 'ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ।
ਮਾਂ ਮਰ ਕੇ ਵੀ ਨਹੀਂ ਮਰਦੀ, ਹੈ ਗੱਲ ਇਹ ਸੱਚ,
ਔਲਾਦ ਦੇ ਸਾਹਾਂ ਵਿੱਚ ਉਹ ਬਣ ਕੇ ਸਾਹ ਜਿਊਂਦੀ ਹੈ।

## ਊਣਾ ਘੜਾ ਛਲਕਦਾ

ਜਸਪਾਲ ਸਿੰਘ ਜੌਲੀ

ਊਣਾ ਘੜਾ ਰਹਿੰਦਾ ਛਲਕਦਾ, ਮੁੱਲ ਭਰਿਆ ਪਾਵੇ
ਗੁਣੀ ਗਿਆਨੀ ਯਾਰੋ ਕਦੇ ਨਕਲੀ ਭੇਸ ਨਾ ਧਾਰੇ।
ਦੋ ਅੱਖਰ ਪੜ੍ਹ ਕੇ ਕਈਆਂ ਨੂੰ, ਝੂਠੀ ਰੰਗਤ ਚੜ੍ਹ ਜਾਵੇ
ਊਣਾ ਘੜਾ ਰਹਿੰਦਾ ਛਲਕਦਾ, ਮੁੱਲ ਭਰਿਆ ਪਾਵੇ।
ਜਿਨ੍ਹੀਂ ਕੀਤੀ ਘਾਲ ਕਮਾਈ, ਵੱਖਰੀ ਉਨ੍ਹਾਂ ਦੀ ਸ਼ਾਨ
ਢੋਲ ਪਿੱਟਣ ਦੀ ਲੋੜ ਨਾ ਪੈਂਦੀ, ਆਪੇ ਮਿਲਦਾ ਮਾਣ।
ਚੰਨ ਚੜ੍ਹਿਆ ਵੇਖ ਕੇ ਸਾਰਾ, ਜਹਾਨ ਝੁਕਦਾ ਆਵੇ
ਊਣਾ ਘੜਾ ਰਹਿੰਦਾ ਛਲਕਦਾ, ਮੁੱਲ ਭਰਿਆ ਪਾਵੇ।
ਗਿਆਨ ਤੋਂ ਕੋਰੇ ਦੇਣ ਲੱਗ ਜਾਣ, ਲੋਕਾਂ ਨੂੰ ਉਪਦੇਸ਼
ਖੋਖਲੇ ਬੋਲਾਂ ਅੱਗੇ ਯਾਰੋ, ਨਾ ਬਣਦਾ ਕੋਈ ਦਰਵੇਸ਼।
ਅਣਸੁਣਿਆ ਕਰ ਦਿੰਦੇ ਲੋਕ, ਜੋ ਝੂਠਾ ਗਿਆਨ ਸੁਣਾਵੇ
ਊਣਾ ਘੜਾ ਰਹਿੰਦਾ ਛਲਕਦਾ, ਮੁੱਲ ਭਰਿਆ ਪਾਵੇ।
ਕੋਇਲ ਸੁਰੀਲੇ ਬੋਲ ਬੋਲੇ, ਸਭ ਦੇ ਮਨ ਨੂੰ ਭਾਵੇ
ਕਾਂ ਖਰ੍ਹਵੇ ਸੁਰ ਸੁਣਾ ਕੇ, ਆਪਣਾ ਮਾਣ ਗੁਆਵੇ।
ਪਹਿਲਾਂ ਤੋਲੇ ਫਿਰ ਜੋ ਬੋਲੇ, ਉਹੀ ਸੁੱਘੜ ਕਹਾਵੇ,
ਊਣਾ ਘੜਾ ਰਹਿੰਦਾ ਛਲਕਦਾ, ਮੁੱਲ ਭਰਿਆ ਪਾਵੇ।
ਜਿੰਨਾ ਫਲਿਆ ਰੁੱਖ ਹੁੰਦਾ, ਓਨਾ ਹੀ ਜ਼ਿਆਦਾ ਝੁਕਦਾ
ਗਿਆਨ ਦੀ ਜੋਤ ਦਾ ਤੇਲ, ਕਦੇ ਨਹੀਂ ਯਾਰੋ ਮੁੱਕਦਾ।
'ਜੌਲੀ' ਅੰਦਰੋਂ ਜੋ ਭਰਪੂਰ ਹੋਵੇ, ਕਦੇ ਨਾ ਝੋਲੇ ਖਾਵੇ
ਊਣਾ ਘੜਾ ਰਹਿੰਦਾ ਛਲਕਦਾ, ਮੁੱਲ ਭਰਿਆ ਪਾਵੇ।

## ਮਾਵਾਂ



ਮਾਂ ਬਿਨਾਂ ਜਗ ਘੁੱਪ ਹਨੇਰਾ,
ਕਹਿੰਦੇ ਲੋਕ ਸਿਆਣੇ।
ਖੋਹ ਲੈਂਦੇ ਟੁੱਕ ਹੱਥਾਂ ਵਿੱਚੋਂ,
ਕਾਂ ਕਾਲੇ ਮਰ ਜਾਣੇ।
ਚਾਅ ਮੁੱਕ ਜਾਣ ਦਿਲਾਂ ਦੇ ?, ਰੁਲਦੇ
ਗਲੀਆਂ ਵਿੱਚ ਨਿਆਣੇ।
ਜਿਨ੍ਹਾਂ ਕੋਲੇ ਮਾਂ ਨ੍ਹੀਂ ਹੁੰਦੀ,
ਘਾਟਾਂ ਉਹੀ ਜਾਣੇ।
ਕਈ ਮਾਵਾਂ ?, ਮਾਵਾਂ ਨ੍ਹੀਂ ਹੁੰਦੀਆਂ,
ਰੱਖਦੀਆਂ ਭੁੱਖਣ ਭਾਣੇ।
ਨਾਲ ਮਾਸੂਮਾਂ ਦਗਾ ਕਮਾਵਣ,
ਮੱਲਦੀਆਂ ਹੋਰ ਟਿਕਾਣੇ।
ਕੀਤੇ ਕਿਹੜੇ ਪਾਪ ਇਨ੍ਹਾਂ ਨੇ,
ਜਾਂ ਮੰਨ ਲਈਏ ਭਾਣੇ।
ਉਨ੍ਹਾਂ ਮਾਵਾਂ ਨੂੰ ਕੀ ਕਹੀਏ,
ਜੋ ਦਿੰਦੀਆਂ ਜ਼ਹਿਰੀ ਖਾਣੇ।
ਇੱਕ ਪੱਖ ਨਾ ਰੱਖੀਏ 'ਪੱਤੋ',
ਚਾਹੀਏ ਦੋਵੇਂ ਪੱਖ ਦਰਸਾਣੇ।

-ਹਰਪ੍ਰੀਤ ਪੱਤੋ

## ਮਾਂ

ਸਰਿਤਾ ਤੇਜੀ

ਉਹ ਮਾਂ ਹੈ
ਬੁੱਕਲ
ਨਿੱਘ
ਤੇ ਅੱਪਣਤ ਮਾਂ ਹੈ।
ਨਿਰਸਵਾਰਥ
ਕੁਰਬਾਨੀ
ਤੇ ਮਮਤਾ ਮਾਂ ਹੈ।
ਜ਼ਿਕਰ
ਫ਼ਿਕਰ
ਤੇ ਕਰਤੱਵ ਮਾਂ ਹੈ
ਪਿਆਰ
ਮਨੁਹਾਰ
ਤੇ ਵਿਹਾਰ ਮਾਂ ਹੈ।
ਔਲਾਦ ਦੇ ਤਾਨੇ
ਆਪਣੇ ਬੇਗਾਨੇ
ਤੇ ਵਿਸ਼ਵਾਸ ਮਾਂ ਹੈ ।



# ਯਾਦਗਾਰੀ ਪੈੜਾਂ ਛੱਡ ਗਿਆ ਏਸ਼ੀਅਨ ਖੇਡਾਂ ਦਾ ਮੇਲਾ

## ਰੌਸ਼ਨੀ ਅਤੇ ਸੰਗੀਤਕ ਸ਼ੋਅ ਦੇ ਨਾਲ 'ਦੋਹਾ' 'ਚ ਮਿਲਣ ਦੇ ਵਾਅਦੇ ਨਾਲ ਸਮਾਪਤ ਹੋਈਆਂ ਏਸ਼ਿਆਈ ਖੇਡਾਂ

## ਭਾਰਤ 21 ਸੋਨੇ ਦੇ, 27 ਚਾਂਦੀ ਦੇ ਅਤੇ 37 ਕਾਂਸੇ ਦੇ ਤਮਗ਼ੇ ਜਿੱਤੇ ਕੇ ਕੁੱਲ 85 ਤਮਗ਼ਿਆਂ ਨਾਲ ਚੌਥੇ ਸਥਾਨ 'ਤੇ ਰਿਹਾ





ਨਾਗੋਆ/ਏ.ਟੀ.ਨਿਊਜ਼: ਆਇਚੀ-ਨਾਗੋਆ ਏਸ਼ਿਆਈ ਖੇਡਾਂ ਐਤਵਾਰ ਨੂੰ ਸ਼ਾਨਦਾਰ ਸਮਾਗਮ ਨਾਲ ਸਮਾਪਤ ਹੋ ਗਈਆਂ। ਸਮਾਗਮ ਵਿੱਚ ਰੌਸ਼ਨੀ ਅਤੇ ਸੰਗੀਤਕ ਸ਼ੋਅ ਦੇ ਨਾਲ ਜਪਾਨ ਦੇ ਸੱਭਿਆਚਾਰ ਤੇ ਮਹਿਮਾਨਨਿਵਾਜ਼ੀ ਦੀ ਝਲਕ ਵੀ ਦੇਖਣ ਨੂੰ ਮਿਲੀ। ਦੋ ਹਫ਼ਤੇ ਤੋਂ ਵੱਧ ਸਮੇਂ ਤੱਕ ਚੱਲੇ ਸਖ਼ਤ ਮੁਕਾਬਲਿਆਂ ਵਿੱਚ ਘੱਟੋ-ਘੱਟ 50 ਆਲਮੀ ਰਿਕਾਰਡਾਂ ਸਣੇ 350 ਤੋਂ ਵੱਧ ਰਿਕਾਰਡ ਬਣੇ। ਮਿਜ਼ੂਹੋ ਪਾਰਕ ਐਥਲੈਟਿਕ ਸਟੇਡੀਅਮ ਵਿੱਚ ਡੇਢ ਘੰਟੇ ਤੱਕ ਚੱਲੇ ਸਮਾਪਤੀ ਸਮਾਗਮ ਵਿੱਚ ਏਸ਼ੀਆ ਦੇ 45 ਮੁਲਕਾਂ ਦੇ ਐਥਲੀਟ ਸ਼ਾਮਲ ਹੋਏ। 'ਵਨ ਏਸ਼ੀਆ' ਥੀਮ 'ਤੇ ਆਧਾਰਿਤ ਸਮਾਗਮ ਵਿੱਚ ਖੇਡਾਂ ਦੌਰਾਨ ਦੋ ਸੋਨ ਤਗ਼ਮੇ ਤੇ ਇੱਕ ਚਾਂਦੀ ਦਾ ਤਗ਼ਮਾ ਜਿੱਤਣ ਵਾਲੀ ਨਿਸ਼ਾਨੇਬਾਜ਼ ਨੀਰੂ ਢਾਂਡਾ ਭਾਰਤੀ ਖੇਡ ਦਸਤੇ ਦੀ ਝੰਡਾਬਰਦਾਰ ਬਣੀ।

ਏਸ਼ਿਆਈ ਉਲੰਪਿਕ ਕੌਂਸਲ (ਓ ਸੀ ਏ) ਦੇ ਮੁਖੀ ਸ਼ੇਖ਼ ਜੁਆਨ ਬਿਨ ਅਲ ਥਾਨੀ ਨੇ 19 ਸਤੰਬਰ ਤੋਂ ਸ਼ੁਰੂ ਹੋਈਆਂ ਇਨ੍ਹਾਂ ਖੇਡਾਂ ਦੇ ਖ਼ਤਮ ਹੋਣ ਦਾ ਰਸਮੀ ਐਲਾਨ ਕੀਤਾ। ਇਸ ਮੌਕੇ ਜਪਾਨ ਦਾ ਸ਼ਹਿਜ਼ਾਦਾ ਅਕੀਸ਼ੀਨੋ ਅਤੇ ਸ਼ਹਿਜ਼ਾਦੀ ਕੀਕੋ ਵੀ ਮੌਜੂਦ ਸਨ। ਸਾਲ 2030 ਵਿੱਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਦੀ ਮੇਜ਼ਬਾਨੀ ਦੋਹਾ ਕਰੇਗਾ। ਸਮਾਗਮ ਦੌਰਾਨ ਖੇਡਾਂ ਦੀ ਮਸ਼ਾਲ ਕਤਰ ਦੇ ਪ੍ਰਤੀਨਿਧਾਂ ਨੂੰ ਸੌਂਪ ਦਿੱਤੀ ਗਈ। ਸਮਾਪਤੀ ਸਮਾਗਮ ਵਿੱਚ ਹਜ਼ਾਰਾਂ ਖਿਡਾਰੀ, ਅਧਿਕਾਰੀ ਤੇ ਦਰਸ਼ਕ ਸ਼ਾਮਲ ਹੋਏ। ਭਾਰਤ ਨੇ ਆਇਚੀ-ਨਾਗੋਆ ਏਸ਼ਿਆਈ ਖੇਡਾਂ ਵਿੱਚ ਆਪਣੀ ਮੁਹਿੰਮ 85 ਤਗ਼ਮਿਆਂ ਨਾਲ ਖ਼ਤਮ ਕੀਤੀ। ਇਨ੍ਹਾਂ ਵਿੱਚ 21 ਸੋਨ, 27 ਚਾਂਦੀ ਅਤੇ 37 ਕਾਂਸੇ ਦੇ ਤਗ਼ਮੇ ਸ਼ਾਮਲ ਹਨ। ਤਗ਼ਮਾ ਸੂਚੀ ਵਿੱਚ ਭਾਰਤ ਚੌਥੇ ਸਥਾਨ 'ਤੇ ਰਿਹਾ; ਚੀਨ, ਜਪਾਨ ਤੇ ਕੋਰੀਆ ਉਸ ਤੋਂ ਅੱਗੇ ਰਹੇ।

### ਏਸ਼ਿਆਈ ਖੇਡਾਂ 'ਚ ਘੱਟ ਗਈ ਭਾਰਤ ਦੇ ਤਗ਼ਮਿਆਂ ਦੀ ਗਿਣਤੀ

ਐਤਕੀਂ ਆਈਚੀ-ਨਾਗੋਆ ਏਸ਼ਿਆਈ ਖੇਡਾਂ ਵਿੱਚ ਭਾਰਤ ਦੇ ਤਗ਼ਮਿਆਂ ਦੀ ਗਿਣਤੀ ਘਟ ਗਈ ਹੈ। ਭਾਰਤ ਨੇ ਚੌਥਾ ਸਥਾਨ ਤਾਂ ਬਰਕਰਾਰ ਰੱਖਿਆ, ਪਰ ਇਸ ਵਾਰ ਉਸ ਦੇ ਖਾਤੇ ਵਿੱਚ ਸਿਰਫ਼ 85 ਤਗ਼ਮੇ (21 ਸੋਨੇ, 27 ਚਾਂਦੀ ਅਤੇ 37 ਕਾਂਸੀ ਦੇ ਤਗ਼ਮੇ) ਆਏ, ਜੋ ਪਿਛਲੇ ਸਾਲਾਂ ਨਾਲੋਂ 21 ਘੱਟ ਹਨ।

ਸਾਲ 2036 ਤੱਕ ਸਿਖਰਲੇ ਦਸ ਅਤੇ 2047 ਤੱਕ ਸਿਖਰਲੇ ਪੰਜ ਖੇਡ ਦੇਸ਼ਾਂ ਵਿੱਚ ਥਾਂ ਬਣਾਉਣ ਦਾ ਟੀਚਾ ਰੱਖਣ ਵਾਲੇ ਭਾਰਤ ਲਈ ਇਹ ਨਤੀਜੇ ਵੱਡੀ ਚੁਣੌਤੀ ਬਣ ਕੇ ਸਾਹਮਣੇ ਆਏ ਹਨ। ਇਸ ਗਿਰਾਵਟ ਦਾ ਮੁੱਖ ਕਾਰਨ ਰਵਾਇਤੀ ਤੌਰ 'ਤੇ ਮਜ਼ਬੂਤ ਮੰਨੀਆਂ ਜਾਂਦੀਆਂ ਦੋ ਖੇਡਾਂ ਨਿਸ਼ਾਨੇਬਾਜ਼ੀ ਅਤੇ ਐਥਲੈਟਿਕਸ ਦਾ ਉਮੀਦਾਂ ਉੱਤੇ ਖਰਾ ਨਾ ਉਤਰਨਾ ਰਿਹਾ ਹੈ। ਨਿਸ਼ਾਨੇਬਾਜ਼ੀ ਵਿੱਚ ਤਗ਼ਮੇ 22 ਤੋਂ ਘਟ ਕੇ 15 ਰਹਿ ਗਏ, ਹਾਲਾਂਕਿ ਨੀਰੂ ਢਾਂਡਾ ਨੇ ਟਰੈਪ ਨਿਸ਼ਾਨੇਬਾਜ਼ੀ ਵਿੱਚ ਸੋਨ ਤਗ਼ਮਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਐਥਲੈਟਿਕਸ ਵਿੱਚ ਵੀ ਨੀਰਜ ਚੋਪੜਾ ਦੀ ਗ਼ੈਰ-ਮੌਜੂਦਗੀ ਅਤੇ ਖਿਡਾਰੀਆਂ ਦੀਆਂ ਸੱਟਾਂ ਕਾਰਨ ਪ੍ਰਦਰਸ਼ਨ ਪ੍ਰਭਾਵਿਤ ਹੋਇਆ ਹੈ; ਹਾਲਾਂਕਿ ਮਹਿਲਾ 4 ਗੁਣਾ 400 ਮੀਟਰ ਰਿਲੇਅ ਟੀਮ ਨੇ ਸੋਨ ਤਗ਼ਮਾ ਜਿੱਤ ਕੇ ਕੁਝ ਰਾਹਤ ਦਿੱਤੀ ਹੈ।

ਇਸ ਨਿਰਾਸ਼ਾ ਦੇ ਬਾਵਜੂਦ ਕਈ ਖੇਤਰਾਂ ਵਿੱਚ ਭਾਰਤ ਦਾ ਪ੍ਰਦਰਸ਼ਨ ਬੇਹੱਦ ਸ਼ਾਨਦਾਰ ਰਿਹਾ। ਤੀਰਅੰਦਾਜ਼ੀ ਵਿੱਚ ਕੁਮਕੁਮ ਮੋਹਦ ਨੇ ਇਤਿਹਾਸਕ ਸੋਨ ਤਗ਼ਮਾ ਜਿੱਤਿਆ। ਭਾਰਤ ਨੇ ਤੀਰਅੰਦਾਜ਼ੀ ਵਿੱਚ ਕੁੱਲ ਨੌਂ ਤਗ਼ਮੇ (ਪੰਜ ਸੋਨੇ, ਦੋ ਚਾਂਦੀ ਅਤੇ ਦੋ ਕਾਂਸੀ ਦੇ) ਹਾਸਲ ਕੀਤੇ। ਕੁਸ਼ਤੀ ਵਿੱਚ ਸੁਜੀਤ ਅਤੇ ਅਮਨ ਨੇ ਅਤੇ ਮੁੱਕੇਬਾਜ਼ੀ ਵਿੱਚ ਲਵਲੀਨਾ ਤੇ ਪਰਵੀਨ ਨੇ ਸੋਨ ਤਗ਼ਮੇ ਜਿੱਤੇ। ਗੋਲਫ ਵਿੱਚ ਪ੍ਰਣਵੀ ਉਰਸ ਨੇ ਨਿੱਜੀ ਸੋਨ ਤਗ਼ਮਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਵੱਡੀ ਖ਼ੁਸ਼ਖ਼ਬਰੀ ਹਾਕੀ ਅਤੇ ਕ੍ਰਿਕਟ ਤੋਂ ਆਈ। ਮਹਿਲਾ ਅਤੇ ਪੁਰਸ਼ ਦੋਵਾਂ ਹਾਕੀ ਟੀਮਾਂ ਨੇ ਸੋਨ ਤਗ਼ਮੇ ਜਿੱਤਣ ਦੇ ਨਾਲ-ਨਾਲ 2028 ਲਾਸ ਏਂਜਲਸ ਉਲੰਪਿਕ ਲਈ ਸਿੱਧਾ ਕੋਟਾ ਹਾਸਲ ਕਰ ਲਿਆ ਹੈ। ਇਸ ਤੋਂ ਇਲਾਵਾ ਪੁਰਸ਼ ਅਤੇ ਮਹਿਲਾ ਕ੍ਰਿਕਟ ਟੀਮਾਂ ਨੇ ਵੀ ਆਪਣੇ ਸੋਨ ਤਗ਼ਮਿਆਂ ਦਾ ਸਫਲਤਾਪੂਰਵਕ ਬਚਾਅ ਕੀਤਾ। ਖ਼ਰਾਬ ਤਿਆਰੀ ਅਤੇ ਰਿਹਾਇਸ਼ ਸਮੱਸਿਆਵਾਂ ਦੇ ਬਾਵਜੂਦ ਜਪਾਨ ਵਿੱਚ ਹੋਈਆਂ ਇਨ੍ਹਾਂ ਖੇਡਾਂ ਨੇ ਦਿਖਾਇਆ ਕਿ ਭਾਰਤ ਦਾ ਖੇਡ ਆਧਾਰ ਲਗਾਤਾਰ ਵਸੀਹ ਹੋ ਰਿਹਾ ਹੈ।



### ਹਾਕੀ ਦੀ ਨਰਸਰੀ ਮਿੱਠਾਪੁਰ 'ਚ ਵਿਆਹ ਵਰਗਾ ਮਾਹੌਲ

ਮਿੱਠਾਪੁਰ (ਜਲੰਧਰ): ਭਾਰਤੀ ਮਹਿਲਾ ਹਾਕੀ ਟੀਮ ਵੱਲੋਂ ਏਸ਼ਿਆਈ ਖੇਡਾਂ ਵਿੱਚ ਸੋਨੇ ਦਾ ਤਗਮਾ ਜਿੱਤਣ ਮਗਰੋਂ ਮਿੱਠਾਪੁਰ ਵਿੱਚ ਇਸ ਵਾਰ ਖ਼ੁਸ਼ੀ ਕੁਝ ਜ਼ਿਆਦਾ ਹੀ ਹੈ। ਸਾਬਕਾ ਭਾਰਤੀ ਕਪਤਾਨ ਅਤੇ ਸਭ ਤੋਂ ਵੱਧ ਕੌਮਾਂਤਰੀ ਮੈਚ ਖੇਡਣ ਵਾਲੇ ਮਨਪ੍ਰੀਤ ਸਿੰਘ ਨੇ ਜਿੱਤ ਮਗਰੋਂ ਆਪਣੀ ਮਾਂ ਮਨਜੀਤ ਕੌਰ ਨੂੰ ਫੋਨ ਕਰਕੇ ਕਿਹਾ, "ਮੰਮੀ ਮੈਚ ਦੇਖਦੇ ਹੋ ? ਬੱਲੀ (ਬਲਜੀਤ) ਹੁਰੀਂ ਜਿੱਤ ਗਏ।"

ਮਨਜੀਤ ਕੌਰ ਨੇ ਕਿਹਾ, "ਮੁੰਡਿਆਂ ਨਾਲੋਂ ਸਾਨੂੰ ਇਸ ਵਾਰੀ ਕੁੜੀਆਂ ਦਾ ਜ਼ਿਆਦਾ ਚਾਅ ਹੈ। ਮੁੰਡੇ ਕਈ ਵਾਰ ਤਗਮੇ ਜਿੱਤ ਚੁੱਕੇ ਹਨ ਪਰ ਕੁੜੀਆਂ ਦਾ ਜਿੱਤਣਾ ਵੀ ਬਹੁਤ ਜ਼ਰੂਰੀ ਹੈ। ਸਾਡੀਆਂ ਬੱਚੀਆਂ, ਧੀਆਂ ਸੋਨੇ ਦਾ ਤਗਮਾ ਲੈ ਕੇ ਘਰ ਆਈਆਂ ਹਨ।

### 44 ਸਾਲਾਂ ਮਗਰੋਂ ਮਹਿਲਾ ਟੀਮ ਨੂੰ ਸੋਨ ਤਗਮਾ

ਹਾਕੀ ਉਲੰਪੀਅਨ ਅਤੇ ਮਨਦੀਪ ਸਿੰਘ ਦੀ ਪਤਨੀ ਉਦਿਤਾ ਦੂਹਨ ਨੇ ਕਿਹਾ ਕਿ ਮਿੱਠਾਪੁਰ ਵਿੱਚ ਇਸ ਵਾਰ ਜਸ਼ਨ ਦੋਹਰੇ ਹਨ। ਮਨਦੀਪ ਨੇ 300 ਕੌਮਾਂਤਰੀ ਮੈਚ ਖੇਡੇ ਜਦਕਿ ਮਨਪ੍ਰੀਤ ਭਾਰਤ ਵੱਲੋਂ ਸਭ ਤੋਂ ਵੱਧ ਮੈਚ ਖੇਡਣ ਵਾਲਾ ਖਿਡਾਰੀ ਬਣਿਆ। ਉਨ੍ਹਾਂ ਕਿਹਾ ਕਿ 44 ਸਾਲਾਂ ਮਗਰੋਂ ਮਹਿਲਾ ਟੀਮ ਦਾ ਏਸ਼ਿਆਈ ਖੇਡਾਂ ਵਿੱਚ ਸੋਨ ਤਗਮਾ ਜਿੱਤਣਾ ਲੰਬੇ ਸਮੇਂ ਤੋਂ ਦੇਖਿਆ ਸੁਪਨਾ ਸੀ। ਪੁਰਸ਼ ਅਤੇ ਮਹਿਲਾ ਦੋਵੇਂ ਟੀਮਾਂ ਨੇ 2028 ਲਾਸ ਏਂਜਲਸ ਉਲੰਪਿਕ ਲਈ ਵੀ ਕੁਆਲੀਫਾਈ ਕਰ ਲਿਆ ਹੈ। ਮਿੱਠਾਪੁਰ ਦੇ ਲੋਕਾਂ ਲਈ ਪੁਰਸ਼ ਅਤੇ ਮਹਿਲਾ ਟੀਮਾਂ ਦਾ ਇਕੱਠਿਆਂ ਸੋਨ ਤਗਮਾ ਜਿੱਤਣਾ ਸਿਰਫ਼ ਇਤਫ਼ਾਕ ਨਹੀਂ। ਪਿੰਡ ਵਿੱਚ ਮਹਿਲਾ ਹਾਕੀ ਨੂੰ ਮੈਦਾਨ ਤੱਕ ਲਿਆਉਣ ਦੀ ਇੱਕ ਨਵੀਂ ਕੋਸ਼ਿਸ਼ ਵੀ ਸ਼ੁਰੂ ਹੋ ਗਈ ਹੈ। ਮਨਦੀਪ ਦੀ ਪਤਨੀ ਉਦਿਤਾ ਦੂਹਨ ਹੁਣ ਮਿੱਠਾਪੁਰ ਦੇ ਬੱਚਿਆਂ ਨੂੰ ਸਵੇਰੇ ਅਤੇ ਸ਼ਾਮ ਹਾਕੀ ਦੀ ਕੋਚਿੰਗ ਦੇ ਰਹੀ ਹੈ।

### ਪਰਗਟ ਸਿੰਘ ਦੇ ਦੌਰ ਤੋਂ ਤਿਆਰ ਹੋਈ ਪੀੜ੍ਹੀ

ਮਨਪ੍ਰੀਤ ਸਿੰਘ ਅਤੇ ਬਲਜੀਤ ਕੌਰ (ਬੱਲੀ) ਪੁਰਾਣੇ ਦੋਸਤ ਅਤੇ ਬੈਚਮੇਟ ਹਨ। ਦੋਵਾਂ ਨੇ ਕਈ ਸਾਲ ਇਕੱਠਿਆਂ ਹਾਕੀ ਖੇਡੀ। 2016 ਵਿੱਚ ਲਖਨਊ ਜੂਨੀਅਰ ਵਿਸ਼ਵ ਕੱਪ ਜਿੱਤਣ ਵਾਲੀ ਟੀਮ ਨਾਲ ਜੁੜੀ ਇਸ ਪੀੜ੍ਹੀ ਨੂੰ ਮਿੱਠਾਪੁਰ ਦੇ ਲੋਕ ਅੱਜ ਦੇ ਹਾਕੀ ਸਿਤਾਰਿਆਂ ਦੀ ਨੀਂਹ ਮੰਨਦੇ ਹਨ। ਉਸ ਸਮੇਂ ਪਰਗਟ ਸਿੰਘ ਪੰਜਾਬ ਦੇ ਖੇਡ ਡਾਇਰੈਕਟਰ ਸਨ।

ਕੋਚ ਬਲਵਿੰਦਰ ਸਿੰਘ ਨੇ ਕਿਹਾ ਕਿ ਪਰਗਟ ਸਿੰਘ ਨੇ ਮਨਪ੍ਰੀਤ, ਮਨਦੀਪ ਅਤੇ ਹੋਰਨਾਂ ਨੂੰ ਪ੍ਰੇਰਿਤ ਕੀਤਾ ਅਤੇ ਹੁਣ ਇਹ ਖਿਡਾਰੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਿੱਠਾਪੁਰ ਦੇ 11 ਖਿਡਾਰੀ ਇਸ ਵੇਲੇ ਵੱਖ-ਵੱਖ ਅਕੈਡਮੀਆਂ ਵਿੱਚ ਹਨ। ਹੁਣ ਪਿੰਡ ਵਿੱਚ ਕੁੜੀਆਂ ਨੂੰ ਵੀ ਹਾਕੀ ਨਾਲ ਜੋੜਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸੇ ਕਰਕੇ ਮਿੱਠਾਪੁਰ ਵਿੱਚ ਇਸ ਸਾਲ ਦੋਹਰੀ ਹਾਕੀ ਜਿੱਤ ਦਾ ਜਸ਼ਨ ਹੋਰ ਵੀ ਖਾਸ ਹੈ।

### ਭਾਰਤ-ਪਾਕਿ ਮੈਚਾਂ ਨੇ ਸਿਰਜਿਆ ਇਤਿਹਾਸ

ਨਾਗੋਆ: ਆਈਚੀ-ਨਾਗੋਆ ਏਸ਼ਿਆਈ ਖੇਡਾਂ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਖੇਡੇ ਗਏ ਕ੍ਰਿਕਟ ਦੇ ਫਾਈਨਲ ਅਤੇ ਹਾਕੀ ਦੇ ਸੈਮੀ ਫਾਈਨਲ ਮੈਚਾਂ ਨੇ ਇਤਿਹਾਸ ਸਿਰਜ ਦਿੱਤਾ ਹੈ। ਉਲੰਪਿਕ ਕੌਂਸਲ ਆਫ ਏਸ਼ੀਆ (ਓ ਸੀ ਏ) ਨੇ ਐਲਾਨ ਕੀਤਾ ਹੈ ਕਿ ਇਹ ਮੁਕਾਬਲੇ ਏਸ਼ਿਆਈ ਖੇਡਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਦੇਖੇ ਜਾਣ ਵਾਲੇ ਮੈਚ ਬਣ ਗਏ ਹਨ। ਇਨ੍ਹਾਂ ਰੁਮਾਂਚਕ ਮੁਕਾਬਲਿਆਂ ਵਿੱਚ ਭਾਰਤ ਨੇ ਦੋਵਾਂ ਖੇਡਾਂ ਵਿੱਚ ਪਾਕਿਸਤਾਨ ਨੂੰ ਮਾਤ ਦੇ ਕੇ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ। ਓ ਸੀ ਏ ਕੋਆਰਡੀਨੇਸ਼ਨ ਕਮੇਟੀ ਦੇ ਪ੍ਰਧਾਨ ਤੱਈਅਬ ਇਕਰਾਮ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਇਨ੍ਹਾਂ ਦੋ ਮਹਾਂ-ਮੁਕਾਬਲਿਆਂ ਨੇ ਪ੍ਰਸਾਰਨ ਦੇ ਸਾਰੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ। ਉਨ੍ਹਾਂ ਮੰਨਿਆ ਕਿ ਰਵਾਇਤੀ ਖੇਡ ਪਿੰਡ ਦੀ ਅਣਹੋਂਦ ਅਤੇ ਰਿਹਾਇਸ਼ੀ ਪ੍ਰਬੰਧਾਂ ਕਾਰਨ ਕੁਝ ਚੁਣੌਤੀਆਂ ਅਤੇ ਸ਼ਿਕਾਇਤਾਂ ਜ਼ਰੂਰ ਸਨ, ਪਰ ਪ੍ਰਬੰਧਕਾਂ ਨੇ ਇਨ੍ਹਾਂ ਨੂੰ ਬਾਖ਼ੂਬੀ ਹੱਲ ਕੀਤਾ। ਖਿਡਾਰੀਆਂ ਦੀ ਸਹੂਲਤ ਲਈ ਹੋਟਲ ਕਮਰਿਆਂ ਅਤੇ ਕਰੂਜ਼ ਜਹਾਜ਼ਾਂ ਦੀ ਵਰਤੋਂ ਕੀਤੀ ਗਈ, ਜਿਸ ਨੂੰ ਐਥਲੀਟਾਂ ਨੇ ਹਾਂਦਰੂ ਤੌਰ 'ਤੇ ਅਪਣਾਇਆ। ਓ ਸੀ ਏ ਦੇ ਡਾਇਰੈਕਟਰ ਜਨਰਲ ਹੁਸੈਨ ਅਲ-ਮੁਸਲਮ ਨੇ ਖ਼ੁਲਾਸਾ ਕੀਤਾ ਕਿ ਇਨ੍ਹਾਂ ਖੇਡਾਂ ਦੌਰਾਨ ਕੁੱਲ 212 ਰਿਕਾਰਡ (ਜਿਨ੍ਹਾਂ ਵਿੱਚ 54 ਵਿਸ਼ਵ ਅਤੇ 89 ਏਸ਼ਿਆਈ ਰਿਕਾਰਡ ਸ਼ਾਮਲ ਹਨ) ਟੁੱਟੇ। ਉਨ੍ਹਾਂ ਕਿਹਾ ਕਿ ਇਹ ਸਫਲਤਾ ਖਿਡਾਰੀਆਂ ਨੂੰ ਮਿਲੇ ਬਿਹਤਰੀਨ ਮਾਹੌਲ ਸਦਕਾ ਸੰਭਵ ਹੋਈ ਹੈ।





# ਪੰਜਾਬੀ ਗੀਤ-ਸੰਗੀਤ ਦਾ ਮਾਣਮੱਤਾ ਸਫ਼ਰ





**ਨਵਨੀਤ ਸਿੰਘ ਝੁਨੀਰ**

ਪੰਜਾਬੀ ਸੰਗੀਤ ਦਾ ਸਫ਼ਰ ਮਹਿਜ਼ ਧੁਨਾਂ ਅਤੇ ਸਾਜ਼ਾਂ ਦੇ ਬਦਲਣ ਦਾ ਸਫ਼ਰ ਨਹੀਂ, ਸਗੋਂ ਪੰਜਾਬੀ ਸਮਾਜ, ਸਾਹਿਤ, ਸੱਭਿਆਚਾਰ ਅਤੇ ਚਿੰਤਨ ਦੇ ਬਦਲਦੇ ਰੂਪਾਂ ਦੀ ਇਤਿਹਾਸਕ ਗਵਾਹੀ ਹੈ। ਰਬਾਬ ਦੀ ਛੋਹ, ਸਰੰਦਾ ਅਤੇ ਤਾਊਸ ਦੀ ਗੰਭੀਰਤਾ, ਖੇਤਾਂ ਦੀਆਂ ਵੱਟਾਂ 'ਤੇ ਗੂੰਜਦੀ ਹੇਕ, ਢੱਡ-ਸਾਰੰਗੀ ਦੀ ਕਰੁਣਾ, ਅਲਗੋਜ਼ੇ ਦੀ ਮਿਠਾਸ, ਤੂੰਬੀ ਦੀ ਟੁਣਕਾਰ, ਢੋਲ ਦੀ ਧਮਕ, ਰੇਡੀਓ, ਗ੍ਰਾਮੋਫੋਨ, ਕੈਸੇਟ, ਪੌਪ, ਬ੍ਰਿਟਿਸ਼ ਭੰਗੜਾ ਅਤੇ ਅੱਜ ਦੀ ਹਿਪ-ਹੌਪ ਤੇ ਰੈਪ-ਇਹ ਸਭ ਇਸ ਲੰਮੀ ਯਾਤਰਾ ਦੇ ਵੱਖ-ਵੱਖ ਪੜਾਅ ਹਨ। ਅੱਜ ਸਵਾਲ ਇਹ ਹੈ ਕਿ ਨਵੀਂ ਬੀਟ ਦੇ ਨਾਲ ਸਾਡੀ ਪੁਰਾਣੀ ਸੰਗੀਤਕ ਯਾਦ ਵੀ ਤੁਰ ਰਹੀ ਹੈ ਜਾਂ ਨਹੀਂ?

ਪੰਜਾਬੀ ਲੋਕ-ਸੰਗੀਤ ਦੀ ਸਭ ਤੋਂ ਵੱਡੀ ਤਾਕਤ ਇਹ ਰਹੀ ਕਿ ਇਸ ਵਿੱਚ ਲੋਕ-ਜੀਵਨ, ਦਰਦ, ਪ੍ਰੇਮ, ਵਿਛੋੜਾ, ਕਹਾਣੀ ਅਤੇ ਸਾਹਿਤ ਇੱਕ-ਦੂਜੇ ਦੇ ਹਾਣੀ ਬਣ ਕੇ ਤੁਰਦੇ ਰਹੇ। ਮਾਹੀਏ, ਢੋਲੇ, ਟੱਪੇ, ਬੋਲੀਆਂ, ਸੁਹਾਗ, ਘੋੜੀਆਂ, ਸਿੱਠਣੀਆਂ, ਅਲਾਹੁਣੀਆਂ ਅਤੇ ਵਾਰ ਵਰਗੀਆਂ ਲੋਕ-ਕਾਵਿ ਵੰਨਗੀਆਂ ਨੇ ਪੰਜਾਬੀ ਜੀਵਨ ਦੇ ਹਰ ਰੰਗ ਨੂੰ ਆਵਾਜ਼ ਦਿੱਤੀ। ਇਸੇ ਲਈ ਪੁਰਾਣਾ ਪੰਜਾਬੀ ਗੀਤ ਸਿਰਫ਼ ਸੁਣਿਆ ਨਹੀਂ ਜਾਂਦਾ ਸੀ, ਸਗੋਂ ਉਸ ਵਿੱਚੋਂ ਪੰਜਾਬੀ ਜੀਵਨ ਪੜ੍ਹਿਆ ਅਤੇ ਮਹਿਸੂਸ ਕੀਤਾ ਜਾਂਦਾ ਸੀ। ਇਸ ਸੰਗੀਤਕ ਪਰੰਪਰਾ ਦੇ ਪਿੱਛੇ ਸਦੀਆਂ ਪੁਰਾਣੀ ਸਾਹਿਤਕ, ਅਧਿਆਤਮਕ ਅਤੇ ਸੰਗੀਤਕ ਵਿਰਾਸਤ ਹੈ। ਬਾਰ੍ਹਵੀਂ ਸਦੀ ਵਿੱਚ ਬਾਬਾ ਸ਼ੇਖ਼ ਫ਼ਰੀਦ ਜੀ ਦੇ ਸ਼ਲੋਕਾਂ ਨੇ ਪੰਜਾਬੀ ਰੂਹਾਨੀ ਕਾਵਿ ਨੂੰ ਡੂੰਘੀ ਆਵਾਜ਼ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਸੰਗਤ ਵਿੱਚ ਬਾਣੀ ਦਾ ਗਾਇਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ 31 ਰਾਗਾਂ ਅਧੀਨ ਸੰਕਲਿਤ ਕੀਤਾ ਅਤੇ ਸਰੰਦਾ ਵਰਗੇ ਸਾਜ਼ ਨੂੰ ਸੰਗੀਤਕ ਪਰੰਪਰਾ ਨਾਲ ਜੋੜਿਆ, ਜਦਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੌਰ ਵਿੱਚ ਤਾਊਸ ਅਤੇ ਦਿਲਰੁਬਾ ਵਰਗੇ ਸਾਜ਼ਾਂ ਨੇ ਬੀਰ-ਰਸ ਅਤੇ ਰੂਹਾਨੀਅਤ ਦੇ ਪ੍ਰਗਟਾਵੇ ਨੂੰ ਨਵਾਂ ਰੂਪ ਦਿੱਤਾ ।ਅੱਗੇ ਚੱਲ ਕੇ ਪਟਿਆਲਾ ਅਤੇ ਸ਼ਾਮ ਚੌਰਾਸੀ ਵਰਗੇ ਘਰਾਣਿਆਂ ਨੇ ਪੰਜਾਬ ਦੀ ਸ਼ਾਸਤਰੀ ਸੁਰ-ਸਾਧਨਾ ਨੂੰ ਮਜ਼ਬੂਤੀ ਦਿੱਤੀ, ਜਿਸ ਦੀ ਗਵਾਹੀ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ ਵਰਗੇ ਸੁਰ-ਸਾਧਕਾਂ ਨੇ ਦਿੱਤੀ। ਇਸੇ ਧਰਾਤਲ 'ਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ, ਸੁਲਤਾਨ ਬਾਹੂ ਦੀਆਂ ਸੀਹਰਫ਼ੀਆਂ ਅਤੇ ਬਾਬਾ ਬੁੱਲ੍ਹੇ ਸ਼ਾਹ ਦਾ ਸੂਫ਼ੀਆਨਾ ਕਲਾਮ ਪੰਜਾਬੀ ਬੋਲੀ ਨੂੰ ਰੂਹਾਨੀ ਡੂੰਘਾਈ ਦਿੰਦੇ ਰਹੇ। ਇਸੇ ਸੱਭਿਆਚਾਰਕ ਧਰਾਤਲ 'ਤੇ ਪੰਜਾਬੀ ਕਿੱਸਾ-ਕਾਵਿ ਨੇ ਆਪਣਾ ਵਿਸ਼ਾਲ ਸੰਸਾਰ ਸਿਰਜਿਆ। ਪੀਲੂ ਦਾ ਮਿਰਜ਼ਾ-ਸਾਹਿਬਾਂ, ਵਾਰਿਸ ਸ਼ਾਹ ਦੀ ਹੀਰ, ਹਾਫ਼ਿਜ਼ ਬਰਖ਼ੁਰਦਾਰ ਦੇ ਕਿੱਸੇ, ਹਾਸ਼ਮ ਸ਼ਾਹ ਦੀ ਸੱਸੀ-ਪੁੰਨੂੰ, ਕਾਦਰਯਾਰ ਦਾ ਪੂਰਨ ਭਗਤ, ਫ਼ਜ਼ਲ ਸ਼ਾਹ ਦੀ ਸੋਹਣੀ-ਮਹੀਂਵਾਲ ਅਤੇ ਮੀਆਂ ਮੁਹੰਮਦ ਬਖ਼ਸ਼ ਦਾ ਸੈਫ਼-ਉਲ-ਮਲੂਕ ਸਿਰਫ਼ ਪੁਸਤਕਾਂ ਤੱਕ ਸੀਮਤ ਨਹੀਂ ਰਹੇ, ਸਗੋਂ ਇਹ ਢੱਡ-ਸਾਰੰਗੀ ਅਤੇ ਲੋਕ-ਸੁਰਾਂ ਵਿੱਚ ਢਲ ਕੇ ਪੀੜ੍ਹੀ ਦਰ ਪੀੜ੍ਹੀ ਗਾਏ ਜਾਂਦੇ ਰਹੇ।

ਬਾਬੂ ਰਜਬ ਅਲੀ ਅਤੇ ਢਾਡੀ ਅਮਰ ਸਿੰਘ ਸ਼ੌਂਕੀ ਦੀ ਕਵੀਸ਼ਰੀ ਨੇ ਛੰਦ-ਬੱਧ ਗਾਇਕੀ ਨੂੰ ਵੀ ਲੋਕ-



ਚੇਤਨਾ ਦਾ ਹਿੱਸਾ ਬਣਾਇਆ। ਇਸੇ ਪਰੰਪਰਾ ਦੇ ਅਗਲੇ ਪੜਾਅ ਵਜੋਂ ਵੀਹਵੀਂ ਸਦੀ ਵਿੱਚ ਗ੍ਰਾਮੋਫੋਨ, ਰਿਕਾਰਡਿੰਗ ਅਤੇ ਰੇਡੀਓ ਨੇ ਪੰਜਾਬੀ ਸੰਗੀਤ ਨੂੰ ਨਵਾਂ ਆਕਾਸ਼ ਦਿੱਤਾ। 1930ਵਿਆਂ ਵਿੱਚ ਢਾਡੀ ਅਤੇ ਕਵੀਸ਼ਰੀ ਟੋਲੀਆਂ ਦੇ ਰਿਕਾਰਡ ਬਣਨ ਲੱਗੇ ਅਤੇ ਪੰਜਾਬੀ ਫਿਲਮਾਂ ਦੇ ਗੀਤਾਂ ਨੇ ਵੀ ਲੋਕ-ਸੰਗੀਤ ਨੂੰ ਵੱਡੇ ਸਰੋਤਾ ਵਰਗ ਤੱਕ ਪਹੁੰਚਾਇਆ। ਆਲ ਇੰਡੀਆ ਰੇਡੀਓ ਰਾਹੀਂ ਚਾਂਦੀ ਰਾਮ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਪੁਸ਼ਪਾ ਹੰਸ, ਨੂਰਜਹਾਂ ਅਤੇ ਸ਼ਮਸ਼ਾਦ ਬੇਗਮ ਵਰਗੇ ਕਲਾਕਾਰਾਂ ਦੀ ਆਵਾਜ਼ ਘਰ-ਘਰ ਪਹੁੰਚੀ। ਧਨੀ ਰਾਮ ਚਾਤ੍ਰਿਕ ਅਤੇ ਨੰਦ ਲਾਲ ਨੂਰਪੁਰੀ ਵਰਗੇ ਗੀਤਕਾਰਾਂ ਨੇ ਸਾਹਿਤ ਅਤੇ ਗਾਇਕੀ ਵਿਚਕਾਰ ਪੁਲ ਬਣਾਇਆ। ਇਸੇ ਦੌਰ ਵਿੱਚ ਇਪਟਾ, ਲੋਕ ਸੰਘਰਸ਼ਾਂ ਅਤੇ ਗ਼ਦਰੀ ਬਾਬਿਆਂ ਦੇ ਇਨਕਲਾਬੀ ਗੀਤਾਂ ਨੇ ਸੰਗੀਤ ਨੂੰ ਸਮਾਜਿਕ ਬਰਾਬਰੀ ਅਤੇ ਜਨ-ਚੇਤਨਾ ਦਾ ਸ਼ਕਤੀਸ਼ਾਲੀ ਹਥਿਆਰ ਬਣਾਇਆ।

ਇਸ ਤੋਂ ਬਾਅਦ ਲੋਕ-ਗਾਇਕੀ ਦਾ ਬੇਹੱਦ ਪ੍ਰਭਾਵਸ਼ਾਲੀ ਦੌਰ ਆਇਆ। ਲਾਲ ਚੰਦ ਯਮਲਾ ਜੱਟ ਨੇ ਤੂੰਬੀ ਅਤੇ ਇਕਤਾਰੇ ਦੀ ਟੁਣਕਾਰ ਨੂੰ ਲੋਕ-ਚੇਤਨਾ ਦੀ ਆਵਾਜ਼ ਬਣਾਇਆ। ਆਲਮ ਲੁਹਾਰ ਨੇ ਚਿਮਟੇ ਦੀ ਛਣਕਾਰ ਨਾਲ ਜੁਗਨੀ ਨੂੰ ਕੌਮਾਂਤਰੀ ਪਛਾਣ ਦਿੱਤੀ। ਕੁਲਦੀਪ ਮਾਣਕ ਨੇ ਕਲੀਆਂ ਨੂੰ ਵਿਲੱਖਣ ਪਛਾਣ ਦਿੱਤੀ ਅਤੇ ਗੁਰਮੀਤ ਬਾਵਾ ਨੇ ਲੰਮੀ ਹੇਕ ਨਾਲ ਲੋਕ-ਧੁਨਾਂ ਨੂੰ ਸਥਾਪਿਤ ਕੀਤਾ। ਦੀਦਾਰ ਸੰਧੂ, ਮੁਹੰਮਦ ਸਦੀਕ-ਰਣਜੀਤ ਕੌਰ, ਕਰਤਾਰ ਰਮਲਾ, ਨਰਿੰਦਰ ਬੀਬਾ, ਸੁਰਿੰਦਰ ਸ਼ਿੰਦਾ ਅਤੇ ਅਮਰ ਸਿੰਘ ਚਮਕੀਲਾ ਨੇ ਪੇਂਡੂ ਜੀਵਨ, ਸੰਵਾਦ ਅਤੇ ਅਖਾੜੇ ਦੀ ਗਾਇਕੀ ਨੂੰ ਨਵੇਂ ਮੁਕਾਮ 'ਤੇ ਪਹੁੰਚਾਇਆ। ਇਸ ਦੌਰ ਵਿੱਚ ਗੀਤਕਾਰਾਂ ਦੀ ਭੂਮਿਕਾ ਵੀ ਮਹੱਤਵਪੂਰਨ ਰਹੀ। ਬਾਬੂ ਸਿੰਘ ਮਾਨ ਅਤੇ ਦੇਵ ਥਰੀਕੇ ਵਾਲੇ ਨੇ ਲੋਕ ਕਥਾਵਾਂ, ਪੇਂਡੂ ਜੀਵਨ ਅਤੇ ਮਨੁੱਖੀ ਰਿਸ਼ਤਿਆਂ ਨੂੰ ਹਰਮਨਪਿਆਰੀ ਗੀਤਕਾਰੀ ਦਿੱਤੀ, ਜਦਕਿ ਸ਼ਿਵ ਕੁਮਾਰ ਬਟਾਲਵੀ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਅਜਿਹੀ ਭਾਵਨਾਤਮਕ ਡੂੰਘਾਈ ਦਿੱਤੀ ਜਿਸ ਦਾ ਪ੍ਰਭਾਵ ਗਾਇਕੀ ਅਤੇ ਸੰਗੀਤ 'ਤੇ ਵੀ ਪਿਆ। ਦੋਵਾਂ ਦੀਆਂ ਭੂਮਿਕਾਵਾਂ ਵੱਖਰੀਆਂ ਸਨ, ਪਰ ਦੋਵਾਂ ਨੇ ਸਾਬਤ ਕੀਤਾ ਕਿ ਪੰਜਾਬੀ ਸੰਗੀਤ ਦੀ ਤਾਕਤ ਧੁਨ ਦੇ ਨਾਲ ਸ਼ਬਦ ਵਿੱਚ ਵੀ ਵੱਸਦੀ ਹੈ।



1980ਵਿਆਂ ਵਿੱਚ ਕੈਸੇਟ ਕਲਚਰ ਨਾਲ ਗੁਰਦਾਸ ਮਾਨ ਦਾ ਪੌਪ ਸਾਹਮਣੇ ਆਇਆ। ਸਾਫ਼-ਸੁਥਰੀ ਅਤੇ ਸਾਹਿਤਕ ਗਾਇਕੀ, ਡਾਂਸ ਅਤੇ ਆਧੁਨਿਕ ਪੇਸ਼ਕਾਰੀ ਦੇ ਸੁਮੇਲ ਨੇ ਪੰਜਾਬੀ ਗੀਤ ਨੂੰ ਨਵਾਂ ਰੂਪ ਦਿੱਤਾ। ਇਸ ਤੋਂ ਬਾਅਦ ਬ੍ਰਿਟੇਨ ਵਿੱਚ ਅਲਾਪ, ਹੀਰਾ ਗਰੁੱਪ, ਆਪਣਾ ਸੰਗੀਤ, ਬੱਲੀ ਸੱਗੂ, ਜੈਜ਼ੀ ਬੀ ਅਤੇ ਪੰਜਾਬੀ ਐੱਮ.ਸੀ. ਵਰਗੇ ਕਲਾਕਾਰਾਂ ਨੇ ਢੋਲ ਤੇ ਤੂੰਬੀ ਨੂੰ ਪੱਛਮੀ ਡਰੰਮ, ਬੇਸ ਅਤੇ ਇਲੈੱਕਟ੍ਰਾਨਿਕ ਸੰਗੀਤ ਨਾਲ ਜੋੜ ਕੇ ਯੂਕੇ ਭੰਗੜੇ ਦੀ ਲਹਿਰ ਖੜ੍ਹੀ ਕੀਤੀ। ਹਰਭਜਨ ਮਾਨ, ਸਰਦੂਲ ਸਿਕੰਦਰ, ਬੱਬੂ ਮਾਨ ਅਤੇ ਹੰਸ ਰਾਜ ਹੰਸ ਨੇ ਵੀ ਮੈਲੋਡੀ ਅਤੇ ਸੱਭਿਆਚਾਰਕ ਗਾਇਕੀ ਨੂੰ ਅੱਗੇ ਤੋਰਿਆ।



ਅੱਜ ਅੱਲ੍ਹੜਾਂ ਦੀ ਜ਼ਿੰਦਗੀ ਮੋਬਾਈਲ ਅਤੇ ਸੋਸ਼ਲ ਮੀਡੀਆ ਕੇਂਦਰਿਤ ਹੋ ਚੁੱਕੀ ਹੈ। ਉਹ ਕੀ ਦੇਖਦੇ ਹਨ, ਕੀ ਸੁਣਦੇ ਹਨ ਅਤੇ ਸਟ੍ਰੀਮਿੰਗ ਪਲੈਟਫਾਰਮ ਉਨ੍ਹਾਂ ਨੂੰ ਅੱਗੇ ਕੀ ਦਿਖਾਉਂਦੇ ਹਨ, ਇਸ ਦਾ ਵੱਡਾ ਹਿੱਸਾ ਮਾਪਿਆਂ, ਅਧਿਆਪਕਾਂ ਅਤੇ ਸਮਾਜ ਦੀ ਨਜ਼ਰ ਤੋਂ ਬਾਹਰ ਰਹਿੰਦਾ ਹੈ। ਮੋਬਾਈਲ ਹੁਣ ਸਿਰਫ਼ ਇੱਕ ਸਾਧਨ ਨਹੀਂ ਰਿਹਾ, ਸਗੋਂ ਉਹ ਅੱਲ੍ਹੜ ਉਮਰ ਦੇ ਬੱਚਿਆਂ ਦਾ ਇੱਕ ਵਰਚੁਅਲ ਸਮਾਜ ਬਣ ਗਿਆ ਹੈ। ਅੱਲ੍ਹੜ ਉਮਰ ਵਿੱਚ ਸੂਹਜ-ਸੂਝ ਅਤੇ ਪਸੰਦ ਅਜੇ ਵਿਕਸਤ ਹੋ ਰਹੇ ਹੁੰਦੇ ਹਨ। ਅਜਿਹੇ ਵਿੱਚ ਜੇ ਐਲਗੋਰਿਦਮ ਕਿਸੇ ਬੱਚੇ ਦੇ ਥੋੜ੍ਹੇ ਜਿਹੇ ਰੁਕਣ ਜਾਂ ਦੇਖਣ ਤੋਂ ਬਾਅਦ ਉਸੇ ਕਿਸਮ ਦੀ ਤੇਜ਼ ਬੀਟ, ਭੜਕਾਊ ਸ਼ਬਦਾਵਲੀ ਅਤੇ ਸਨਸਨੀਖੇਜ਼ ਸਮੱਗਰੀ ਵਾਰ-ਵਾਰ ਉਸ ਦੇ ਸਾਹਮਣੇ ਲਿਆਉਂਦਾ ਰਹੇ, ਤਾਂ ਉਸ ਦੀ ਸੁਣਨ ਦੀ ਦੁਨੀਆ ਹੌਲੀ-ਹੌਲੀ ਉਸੇ ਘੇਰੇ ਵਿੱਚ ਸਿਮਟ ਸਕਦੀ ਹੈ। ਫਿਰ ਬੁੱਲ੍ਹੇ ਸ਼ਾਹ ਦੀ ਕਾਫ਼ੀ ਜਾਂ ਸ਼ਾਹ ਹੁਸੈਨ ਦਾ ਕਲਾਮ ਉਸ ਨੂੰ ਅਜਨਬੀ ਲੱਗਣ ਲੱਗਦਾ ਹੈ। ਕਈ ਵਾਰ ਜਦੋਂ ਉਸ ਨੂੰ ਕਾਫ਼ੀ ਸੁਣਾਈ ਜਾਂਦੀ ਹੈ ਤਾਂ ਉਹ ਹੱਸ ਕੇ ਪੁੱਛਦਾ ਹੈ-"ਇਹ ਕੀ ਹੈ? ਇਹ ਵੀ ਕੋਈ ਸੁਣਨ ਵਾਲੀ ਚੀਜ਼ ਹੈ?" ਇਹ ਪ੍ਰਤੀਕਿਰਿਆ ਸਿਰਫ਼ ਇੱਕ ਬੱਚੇ ਦੀ ਨਹੀਂ, ਸਗੋਂ ਬਦਲ ਰਹੇ ਸੱਭਿਆਚਾਰਕ ਸੂਹਜ-ਸੁਆਦ ਦੀ ਨਿਸ਼ਾਨੀ ਹੈ।



## ਕੀ ਪਰਗਟ ਸਿੰਘ ਮੁਕਾ ਸਕਣਗੇ ਪੰਜਾਬ ਕਾਂਗਰਸ

2022 ਵਿੱਚ ਜਦੋਂ ਪੂਰੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਹਨੇਰੀ ਝੁੱਲੀ ਸੀ, ਉਦੋਂ ਵੀ ਪਰਗਟ ਸਿੰਘ ਨੇ ਜਲੰਧਰ ਕੈਂਟ ਤੋਂ 'ਆਪ' ਦੇ ਉਮੀਦਵਾਰ ਸੁਰਿੰਦਰ ਸਿੰਘ ਸੋਢੀ ਨੂੰ ਹਰਾ ਕੇ ਆਪਣੀ ਸੀਟ ਬਚਾਈ ਸੀ ਅਤੇ ਲਗਾਤਾਰ ਤੀਜੀ ਵਾਰ ਵਿਧਾਇਕ ਬਣੇ ਰਹੇ।

**ਕੀ ਧੜੇਬੰਦੀ ਮੁੱਕੇਗੀ ਜਾਂ ਕਾਂਗਰਸ ਹੋਰ ਉਲਝੇਗੀ ?**

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕਾਂਗਰਸ ਨੇ ਇੱਕ ਸੋਚੀ-ਸਮਝੀ ਰਣਨੀਤੀ ਤਹਿਤ ਪਰਗਟ ਸਿੰਘ 'ਤੇ ਦਾਅ ਖੇਡਿਆ ਹੈ, ਪਰ ਰਾਹ ਕੰਡਿਆਂ ਨਾਲ ਭਰਿਆ ਹੈ। ਪਰਗਟ ਸਿੰਘ 'ਤੇ ਭ੍ਰਿਸ਼ਟਾਚਾਰ ਜਾਂ ਵਿਵਾਦਾਂ ਦੇ ਕੋਈ ਗੰਭੀਰ ਦੋਸ਼ ਨਹੀਂ ਹਨ। ਇੱਕ ਕੌਮਾਂਤਰੀ ਖਿਡਾਰੀ ਵਜੋਂ ਉਨ੍ਹਾਂ ਦਾ ਅਕਸ ਲੋਕਾਂ ਵਿੱਚ ਬੇਹੱਦ ਇੱਜ਼ਤ ਵਾਲਾ ਹੈ।

ਸਭ ਧੜਿਆਂ ਲਈ ਪ੍ਰਵਾਨਿਤ: ਉਹ ਕਿਸੇ ਖ਼ਾਸ ਕੱਟੜ ਧੜੇ ਨਾਲ ਨਹੀਂ ਜੁੜੇ ਹੋਏ। ਚੰਨੀ ਧੜਾ, ਮਾਝਾ ਬ੍ਰਿਗੇਡ (ਰੰਧਾਵਾ, ਬਾਜਵਾ) ਅਤੇ ਇੱਥੋਂ ਤੱਕ ਕਿ ਨਵਜੋਤ ਸਿੱਧੂ ਦੇ ਸਮਰਥਕ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਹਨ। ਪਰਗਟ ਸਿੰਘ ਜੱਟ ਸਿੱਖ ਚਿਹਰਾ ਹਨ ਅਤੇ ਦੋਆਬੇ ਨਾਲ ਸਬੰਧ ਰੱਖਦੇ ਹਨ। ਪੰਜਾਬ ਕਾਂਗਰਸ ਦੀ ਰਾਜਨੀਤੀ ਅਕਸਰ ਮਾਲਵੇ ਦੁਆਲੇ ਘੁੰਮਦੀ ਰਹੀ ਹੈ। ਦੋਆਬੇ ਨੂੰ ਲੀਡਰਸ਼ਿਪ ਦੇ ਕੇ ਕਾਂਗਰਸ ਨੇ ਸੰਤੁਲਨ ਬਣਾਉਣ ਦਾ ਯਤਨ ਕੀਤਾ ਹੈ।

ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ 69 ਸੀਟਾਂ ਇਕੱਲੇ ਮਾਲਵੇ ਵਿੱਚ ਹਨ। ਰਾਜਾ ਵੜਿੰਗ ਦੇ ਜਾਣ ਨਾਲ ਮਾਲਵੇ ਦੇ ਵੜਿੰਗ ਪੱਖੀ ਨੌਜਵਾਨ ਕਾਡਰ ਅੰਦਰ ਨਿਰਾਸ਼ਾ ਆ ਸਕਦੀ ਹੈ। ਰਵਾਇਤੀ ਕਾਂਗਰਸੀ ਕਲਚਰ: ਪਰਗਟ ਸਿੰਘ ਪਾਰਟੀ ਵਿੱਚ ਬਾਹਰੋਂ (ਅਕਾਲੀ ਦਲ ਵਿੱਚੋਂ) ਆਏ ਨੇਤਾ ਹਨ। ਟਕਸਾਲੀ ਕਾਂਗਰਸੀ ਵਰਕਰਾਂ ਅਤੇ ਜ਼ਿਲ੍ਹਾ ਪੱਧਰੀ ਪ੍ਰਧਾਨਾਂ ਨੂੰ ਕੰਟਰੋਲ ਕਰਨਾ ਉਨ੍ਹਾਂ ਲਈ ਸੌਖਾ ਨਹੀਂ ਹੋਵੇਗਾ। ਪੰਜਾਬ ਕਾਂਗਰਸ ਵਿੱਚ ਸਮੱਸਿਆ ਪ੍ਰਧਾਨ ਦੀ ਨਹੀਂ, ਸਗੋਂ 'ਮੁੱਖ ਮੰਤਰੀ ਦਾ ਚਿਹਰਾ' ਬਣਨ ਦੀ ਦੌੜ ਹੈ। ਚੰਨੀ, ਬਾਜਵਾ ਅਤੇ ਰੰਧਾਵਾ ਆਪੋ-ਆਪਣੇ ਦਾਅਵੇਦਾਰ ਹਨ। ਪਰਗਟ ਸਿੰਘ ਇਨ੍ਹਾਂ ਸਾਰੇ ਵੱਡੇ ਕੱਦ ਵਾਲੇ ਆਗੂਆਂ ਨੂੰ ਇੱਕ ਮੇਜ਼ 'ਤੇ ਕਿਵੇਂ ਬਿਠਾਉਣਗੇ, ਇਹ ਵੱਡਾ ਸਵਾਲ ਹੈ।

**ਕੀ ਕਾਂਗਰਸ 'ਆਪ' ਨੂੰ ਟੱਕਰ ਦੇ ਕੇ ਸੱਤਾ 'ਚ ਵਾਪਸੀ ਕਰ ਸਕੇਗੀ ?**

ਪੰਜਾਬ ਅੰਦਰ ਇਸ ਵੇਲੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਿਸ ਦੀ ਅਗਵਾਈ ਭਗਵੰਤ ਮਾਨ ਕਰ ਰਹੇ ਹਨ। ਮੁੱਖ ਮੰਤਰੀ ਅਤੇ ਵਿੱਤ ਮੰਤਰੀ ਮਾਲਵੇ ਦੇ ਸੰਗਰੂਰ ਜ਼ਿਲ੍ਹੇ ਵਿੱਚੋਂ ਹਨ। ਭਾਜਪਾ ਅਤੇ 'ਆਪ' ਦੇ ਸੂਬਾ ਪ੍ਰਧਾਨ ਵੀ ਸੰਗਰੂਰ ਨਾਲ ਜੁੜੇ ਹੋਏ ਹਨ।

ਇਸ ਮਾਹੌਲ ਵਿੱਚ ਕਾਂਗਰਸ ਦੀ ਵਾਪਸੀ ਹੇਠ ਲਿਖੇ ਨੁਕਤਿਆਂ 'ਤੇ ਨਿਰਭਰ ਕਰੇਗੀ:

ਰਾਜਾ ਵੜਿੰਗ 'ਤੇ ਅਕਸਰ ਦੋਸ਼ ਲੱਗਦੇ ਸਨ ਕਿ ਉਹ 'ਆਪ' ਸਰਕਾਰ ਪ੍ਰਤੀ ਨਰਮ ਰੁਖ਼ ਰੱਖਦੇ ਹਨ। ਹੁਣ ਪਰਗਟ ਸਿੰਘ ਨੂੰ ਨਸ਼ੇ, ਕਿਸਾਨੀ ਸੰਕਟ, ਬੇਰੁਜ਼ਗਾਰੀ, ਕਾਨੂੰਨ ਵਿਵਸਥਾ ਅਤੇ ਸੂਬੇ ਦੇ ਵਿੱਤੀ ਸੰਕਟ ਵਰਗੇ ਮੁੱਦਿਆਂ 'ਤੇ ਸੜਕਾਂ 'ਤੇ ਉਤਰ ਕੇ ਵਿਰੋਧ ਪ੍ਰਦਰਸ਼ਨ ਕਰਨੇ ਪੈਣਗੇ।

ਪਿੰਡਾਂ ਅਤੇ ਬੂਥ ਪੱਧਰ 'ਤੇ ਕਾਂਗਰਸ ਦਾ ਢਾਂਚਾ ਕਮਜ਼ੋਰ ਹੋ ਚੁੱਕਾ ਹੈ। ਪਰਗਟ ਸਿੰਘ ਨੂੰ ਖੇਡ ਮੈਦਾਨ ਦੇ ਕਪਤਾਨ ਵਾਂਗ ਹਰ ਜ਼ਿਲ੍ਹੇ ਵਿੱਚ ਨਵੇਂ ਅਤੇ ਸਰਗਰਮ ਆਗੂ ਤਾਇਨਾਤ ਕਰਨੇ ਹੋਣਗੇ।

ਦਲਿਤ, ਪੇਂਡੂ ਕਿਸਾਨ ਅਤੇ ਸ਼ਹਿਰੀ ਹਿੰਦੂ ਵੋਟ ਬੈਂਕ ਨੂੰ ਇਕੱਠਾ ਰੱਖਣਾ ਸਭ ਤੋਂ ਵੱਡੀ ਪ੍ਰੀਖਿਆ ਹੋਵੇਗੀ। ਜੇਕਰ ਪਰਗਟ ਸਿੰਘ ਹਿੰਦੂ ਅਤੇ ਦਲਿਤ ਚਿਹਰਿਆਂ ਨੂੰ ਬਣਦਾ ਮਾਣ-ਸਤਿਕਾਰ ਨਹੀਂ ਦਿੰਦੇ, ਤਾਂ ਇਹ ਵੋਟ ਬੈਂਕ ਭਾਜਪਾ ਜਾਂ 'ਆਪ' ਵੱਲ ਖਿਸਕ ਸਕਦਾ ਹੈ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਹਾਕੀ ਦੇ ਮੈਦਾਨ ਵਿੱਚ ਪਰਗਟ ਸਿੰਘ ਨੇ ਹਮੇਸ਼ਾ ਮੁਸ਼ਕਿਲ ਹਾਲਾਤ ਵਿੱਚ ਟੀਮ ਦਾ ਬਚਾਅ ਕੀਤਾ ਹੈ। ਪਰ ਸਿਆਸਤ ਦੀ ਖੇਡ ਹਾਕੀ ਦੇ ਨਿਯਮਾਂ ਨਾਲ ਨਹੀਂ ਚੱਲਦੀ। ਇੱਥੇ ਵਿਰੋਧੀ ਟੀਮ ਸਾਹਮਣੇ ਹੋਣ ਦੇ ਨਾਲ-ਨਾਲ ਕਈ ਵਾਰ ਆਪਣੀ ਹੀ ਟੀਮ ਦੇ ਖਿਡਾਰੀ 'ਸੈਲਫ਼ ਗੋਲ' ਕਰਨ ਨੂੰ ਤਿਆਰ ਬੈਠੇ ਹੁੰਦੇ ਹਨ।

ਪਰਗਟ ਸਿੰਘ ਦੀ ਸਫ਼ਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਹ ਪਾਰਟੀ ਦੇ ਸੀਨੀਅਰ ਆਗੂਆਂ ਦੇ ਹੰਕਾਰ ਨੂੰ ਸੰਤੁਸ਼ਟ ਕਰਦੇ ਹੋਏ ਜ਼ਮੀਨੀ ਵਰਕਰ ਨੂੰ ਕਿੰਨਾ ਉਤਸ਼ਾਹਿਤ ਕਰਦੇ ਹਨ। ਜੇਕਰ ਉਹ ਧੜਿਆਂ ਵਿੱਚ ਵੰਡੀ ਕਾਂਗਰਸ ਨੂੰ ਇੱਕ ਸੁਰ ਕਰ ਸਕੇ, ਤਾਂ ਉਹ ਯਕੀਨਨ ਸੱਤਾਧਾਰੀ ਧਿਰ ਨੂੰ ਸਖ਼ਤ ਚੁਣੌਤੀ ਦੇ ਸਕਣਗੇ। ਪਰ ਜੇਕਰ ਅੰਦਰੂਨੀ ਖਿੱਚੋਤਾਣ ਜਾਰੀ ਰਹੀ, ਤਾਂ ਕਪਤਾਨ ਬਦਲਣ ਨਾਲ ਵੀ ਪੰਜਾਬ ਕਾਂਗਰਸ ਦੀ ਕਿਸਮਤ ਨਹੀਂ ਬਦਲੇਗੀ। ਆਉਣ ਵਾਲੇ ਕੁਝ ਮਹੀਨੇ ਸਪੱਸ਼ਟ ਕਰ ਦੇਣਗੇ ਕਿ ਪਰਗਟ ਸਿੰਘ ਕਾਂਗਰਸ ਦੀ ਬੇੜੀ ਨੂੰ ਪਾਰ ਲਗਾਉਂਦੇ ਹਨ ਜਾਂ ਇਹ ਸਿਆਸੀ ਦਲਦਲ ਵਿੱਚ ਹੀ ਫਸੀ ਰਹੇਗੀ।

***

## ਕੀ ਪ੍ਰਵਾਸੀਆਂ ਨੂੰ ਨਹੀ

ਦਿੱਤੀ ਹੈ ਕਿ ਵੱਖ-ਵੱਖ ਸਰਕਟਾਂ ਦੇ ਵਿਰੋਧੀ ਫੈਸਲਿਆਂ ਕਾਰਨ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਭਾਰੀ ਗੜਬੜ ਪੈਦਾ ਹੋ ਚੁੱਕੀ ਹੈ। ਦੇਸ਼ ਦੀਆਂ ਅਦਾਲਤਾਂ ਹਜ਼ਾਰਾਂ ਅਜਿਹੀਆਂ ਪਟੀਸ਼ਨਾਂ ਨਾਲ ਭਰੀਆਂ ਪਈਆਂ ਹਨ ਜਿਨ੍ਹਾਂ ਵਿੱਚ ਪ੍ਰਵਾਸੀ ਸਰਕਾਰੀ ਨੀਤੀ ਦੀ ਵਿਆਖਿਆ ਨੂੰ ਚੁਣੌਤੀ ਦੇ ਰਹੇ ਹਨ।

ਸਰਕਾਰੀ ਵਕੀਲਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਇਸ ਦਾ ਨਤੀਜਾ ਇੱਕ ਵਿਗੜੀ ਹੋਈ ਇਮੀਗ੍ਰੇਸ਼ਨ ਪ੍ਰਣਾਲੀ ਦੇ ਰੂਪ ਵਿੱਚ ਨਿਕਲਿਆ ਹੈ। ਇੱਕੋ ਜਿਹੇ ਹਾਲਾਤਾਂ ਵਾਲੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਕੁਝ ਖੇਤਰਾਂ ਵਿੱਚ ਲਾਜ਼ਮੀ ਤੌਰ 'ਤੇ ਹਿਰਾਸਤ ਵਿੱਚ ਰੱਖਿਆ ਜਾਂਦਾ ਹੈ, ਜਦਕਿ ਦੂਜੇ ਸਰਕਟਾਂ ਵਿੱਚ ਉਨ੍ਹਾਂ ਨੂੰ ਜ਼ਮਾਨਤ ਸੁਣਵਾਈ ਮਿਲਦੀ ਹੈ ਅਤੇ ਉਹ ਰਿਹਾਅ ਹੋ ਜਾਂਦੇ ਹਨ।

ਸਰਕਾਰ ਦਾ ਕਹਿਣਾ ਹੈ ਕਿ 1996 ਦੇ ਇਮੀਗ੍ਰੇਸ਼ਨ ਕਾਨੂੰਨ ਤਹਿਤ ਉਸ ਕੋਲ ਅਜਿਹੇ ਪ੍ਰਵਾਸੀਆਂ ਨੂੰ ਲਾਜ਼ਮੀ ਹਿਰਾਸਤ ਵਿੱਚ ਰੱਖਣ ਦਾ ਪੂਰਾ ਅਧਿਕਾਰ ਹੈ।

ਸਿਵਲ ਰਾਈਟਸ ਸੰਸਥਾਵਾਂ ਵੱਲੋਂ ਵਿਰੋਧ ਅਤੇ ਚਿਤਾਵਨੀ

ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ, ਜੋ ਪ੍ਰਵਾਸੀਆਂ ਵੱਲੋਂ ਕੇਸ ਲੜ ਰਹੀ ਹੈ, ਨੇ ਸਰਕਾਰ ਦੇ ਇਸ ਕਦਮ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਦਾ ਕਹਿਣਾ ਹੈ ਕਿ ਸੈਂਕੜੇ ਜ਼ਿਲ੍ਹਾ ਜੱਜਾਂ ਅਤੇ ਜ਼ਿਆਦਾਤਰ ਅਪੀਲ ਅਦਾਲਤਾਂ ਨੇ ਸਰਕਾਰ ਦੀ ਇਸ ਨਵੀਂ ਵਿਆਖਿਆ ਨੂੰ ਰੱਦ ਕਰ ਦਿੱਤਾ ਹੈ।

ਪਿਛਲੇ ਰਾਸ਼ਟਰਪਤੀ ਪ੍ਰਸ਼ਾਸਨਾਂ ਦੌਰਾਨ ਨਿਯਮ ਇਹ ਸੀ ਕਿ ਲਾਜ਼ਮੀ ਹਿਰਾਸਤ ਮੁੱਖ ਤੌਰ 'ਤੇ ਸਰਹੱਦ 'ਤੇ ਫੜੇ ਜਾਣ ਵਾਲਿਆਂ ਜਾਂ ਗੰਭੀਰ ਅਪਰਾਧਿਕ ਪਿਛੋਕੜ ਵਾਲਿਆਂ 'ਤੇ ਲਾਗੂ ਹੁੰਦੀ ਸੀ। ਜੇਕਰ ਕੋਈ ਪ੍ਰਵਾਸੀ ਦੇਸ਼ ਦੇ ਅੰਦਰੋਂ ਗ੍ਰਿਫ਼ਤਾਰ ਹੁੰਦਾ ਸੀ ਅਤੇ ਉਸਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੁੰਦਾ ਸੀ, ਤਾਂ ਉਸਨੂੰ ਜ਼ਮਾਨਤ ਦੀ ਮੰਗ ਕਰਨ ਦਾ ਹੱਕ ਦਿੱਤਾ ਜਾਂਦਾ ਸੀ।

ਪ੍ਰਸ਼ਾਸਨ ਹੁਣ ਦੇਸ਼ ਦੇ ਅੰਦਰ ਕਿਤੇ ਵੀ ਗ੍ਰਿਫ਼ਤਾਰ ਕੀਤੇ ਗਏ ਹਰੇਕ ਪ੍ਰਵਾਸੀ 'ਤੇ ਇਹ ਨਿਯਮ ਥੋਪਣਾ ਚਾਹੁੰਦਾ ਹੈ, ਭਾਵੇਂ ਉਹ ਕਿੰਨੇ ਵੀ ਦਹਾਕਿਆਂ ਤੋਂ ਅਮਰੀਕਾ ਵਿੱਚ ਸ਼ਾਂਤਮਈ ਢੰਗ ਨਾਲ ਰਹਿ ਰਿਹਾ ਹੋਵੇ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਵਕੀਲਾਂ ਨੇ ਚਿਤਾਵਨੀ ਦਿੱਤੀ ਹੈ ਕਿ ਸਰਕਾਰ ਦੀ ਇਸ ਗਲਤ ਵਿਆਖਿਆ ਨਾਲ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਪਰਿਵਾਰ ਪ੍ਰਭਾਵਿਤ ਹੋਣਗੇ।

ਸੁਪਰੀਮ ਕੋਰਟ ਆਉਣ ਵਾਲੇ ਮਹੀਨਿਆਂ ਵਿੱਚ ਇਸ ਕੇਸ ਦੀ ਵਿਸਤ੍ਰਿਤ ਸੁਣਵਾਈ ਕਰੇਗੀ। ਇਸ ਕੇਸ ਦਾ ਨਤੀਜਾ ਨਾ ਸਿਰਫ਼ ਅਮਰੀਕਾ ਦੇ ਇਮੀਗ੍ਰੇਸ਼ਨ ਕਾਨੂੰਨ ਦੇ ਭਵਿੱਖ ਨੂੰ ਤੈਅ ਕਰੇਗਾ, ਬਲਕਿ ਇਹ ਵੀ ਨਿਰਧਾਰਿਤ ਕਰੇਗਾ ਕਿ ਪ੍ਰਵਾਸੀਆਂ ਨੂੰ ਸੰਵਿਧਾਨਕ ਸੁਰੱਖਿਆ ਮਿਲੇਗੀ ਜਾਂ ਫਿਰ ਸਰਕਾਰ ਨੂੰ ਲੱਖਾਂ ਲੋਕਾਂ ਨੂੰ ਬਿਨਾਂ ਸੁਣਵਾਈ ਜੇਲ੍ਹਾਂ ਵਿੱਚ ਬੰਦ ਰੱਖਣ ਦੀ ਖੁੱਲ੍ਹ ਮਿਲੇਗੀ।

***

## ਕੈਲੀਫ਼ੋਰਨੀਆਂ ਵਿੱਚ 26ਵੀਂ ਵਿਸ਼ਵ ਪੰਜਾਬੀ

ਸੈਸ਼ਨ ਦੀ ਸੰਚਾਲਕਾ ਲਾਜ ਨੀਲਮ ਸੈਣੀ ਨੇ ਸਰੋਤਿਆਂ ਨੂੰ ਬਹੁਤ ਸੰਖੇਪ ਸ਼ਬਦਾਂ ਵਿੱਚ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਮੁੱਖ ਵਕਤਾ ਵਜੋਂ ਪੰਜਾਬੀ ਭਾਸ਼ਾ ਦੇ ਵਿਕਾਸ, ਇਸ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਦੇ ਭਵਿੱਖ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਖਾਸ ਤੌਰ 'ਤੇ ਦੋਵਾਂ ਪੰਜਾਬਾਂ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਨਾਲ ਜੁੜੇ ਭਾਵਨਾਤਮਕ, ਇਤਿਹਾਸਕ ਅਤੇ ਵਿਹਾਰਕ ਪੱਖਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਉਭਾਰਿਆ। ਉਨ੍ਹਾਂ ਕਿਹਾ ਕਿ ਬੋਲੀ ਸਿਰਫ ਬੋਲੀ ਹੀ ਨਹੀਂ ਬਲ ਕਿ ਸਾਡੀ ਪਹਿਚਾਣ, ਵਿਰਸੇ ਅਤੇ ਸਭਿਆਚਾਰਕ ਦਾ ਧੁਰਾ ਹੈ। ਬੋਲੀ ਦੇ ਖੁੱਸਣ ਨਾਲ ਸਭ ਕੁਝ ਗਵਾਚ ਜਾਣ ਖਦਸ਼ਾ ਹੁੰਦਾ ਹੈ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਡਾ ਪ੍ਰਿਥੀਪਾਲ ਸਿੰਘ ਸੋਹੀ ਨੇ ਪਰਵਾਸ ਵਿੱਚ ਤਿੰਨ ਪੀੜ੍ਹੀਆਂ ਦੇ ਸੰਦਰਭ ਵਿੱਚ ਭਾਸ਼ਾ ਦੇ ਵਿਕਾਸ ਦੀ ਗੱਲ ਕੀਤੀ। ਹਰਜਿੰਦਰ ਕੰਗ, ਅਮਰਜੀਤ ਕੌਰ ਪੰਨੂੰ ਅਤੇ ਕਰਨੈਲ ਸਿੰਘ ਕੈਲ ਨੇ ਵੀ ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਸ਼ਮੂਲੀਅਤ ਕੀਤੀ। ਕਾਨਫ਼ਰੰਸ ਦਾ ਦੂਜਾ ਸੈਸ਼ਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੇ ਸਾਂਝੇ ਇਤਿਹਾਸ ਅਤੇ ਚੁਣੌਤੀਆਂ ਨਾਲ ਸਬੰਧਤ ਸੀ। ਇਸ ਸੈਸ਼ਨ ਵਿੱਚ ਮੁੱਖ-ਵਕਤਾ ਲਹਿੰਦੇ ਪੰਜਾਬ ਤੋਂ ਓਰੀਐਂਟਲ ਕਾਲਜਲਹੌਰ ਦੀ ਪ੍ਰਿੰਸੀਪਲ ਡਾ.ਨਬੀਲਾ ਰਹਿਮਾਨ ਸਨ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਪ੍ਰੋ.ਹਰਿੰਦਰ ਕੌਰ ਸੋਹੀ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਇਸ ਸੈਸ਼ਨ ਵਿੱਚ ਪ੍ਰੋਫੈਸਰ ਸੁਰਿੰਦਰ ਸਿੰਘ ਸੀਰਤ ਨੇ ਸੀਮਤ ਸਮੇਂ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਸੁਹਿਰਦ ਕਾਰਜਾਂ ਅਤੇ ਦਰਪੇਸ਼ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਕੈਨੇਡਾ ਤੋਂ ਕਾਨਫਰੰਸ ਵਿੱਚ ਸ਼ਮੂਲੀਅਤ ਕਰ ਰਹੇ ਵਿਦਵਾਨ ਭੁਪਿੰਦਰ ਮੱਲ੍ਹੀ ਨੇ ਗਲੋਬਲ ਪੰਜਾਬ ਦੇ ਸੰਦਰਭ ਵਿੱਚ ਪੰਜਾਬੀ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਤੇ ਰੌਸ਼ਨੀ ਪਾਈ। ਪ੍ਰਧਾਨਗੀ ਮੰਡਲ ਵਿੱਚ ਕਵਿੱਤਰੀ ਸੁਰਜੀਤ ਸਖੀ ਅਤੇ ਡਾ.ਰਾਮ ਸਿੰਘ ਹਾਜ਼ਰਾ ਵੀ ਸ਼ਾਮਲ ਸਨ । ਇਸ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਡਾ. ਆਤਮ ਸਿੰਘ ਰੰਧਾਵਾ ਪ੍ਰਿੰਸੀਪਲ ਖ਼ਾਲਸਾ ਕਾਲਜ, ਅੰਮ੍ਰਿਤਸਰ ਨੇ ਸੈਸ਼ਨ ਵਿੱਚ ਹੋਈ ਵਿਚਾਰ ਚਰਚਾ ਦਾ ਸੁਚਾਰੂ ਢੰਗ ਨਾਲ ਨਿਚੋੜ ਕੱਢਦੇ ਹੋਏ ਦੋਵਾਂ ਪੰਜਾਬਾਂ ਦੇ ਖ਼ਿੱਤਿਆਂ ਵਿੱਚ ਪੰਜਾਬੀ ਭਾਸ਼ਾ ਲਈ ਹੋ ਰਹੇ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ।

ਤੀਜਾ ਸੈਸ਼ਨ 'ਸਾਹਿਤ ਅਤੇ ਸਾਹਿਤਕਾਰ – ਜਿੱਥੇ ਭਾਸ਼ਾ ਦੀ ਤਕਦੀਰ ਬਦਲਦੀ ਹੈ' ਵਿਸ਼ੇ 'ਤੇ ਕੇਂਦਰਿਤ ਰਿਹਾ। ਪ੍ਰਸਿੱਧ ਸ਼ਾਇਰ ਜਸਵਿੰਦਰ ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ, ਜਦਕਿ ਪ੍ਰਧਾਨਗੀ ਡਾ. ਗੁਰਪ੍ਰੀਤ ਧੁੱਗਾ ਨੇ ਕੀਤੀ। ਮੁੱਖ ਬੁਲਾਰੇ ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਰਾਜਵੰਤ ਰਾਜ, ਗੁਲਸ਼ਨ ਦਿਆਲ, ਦਿਲ ਨਿੱਜਰ, ਅਮਰ ਸੂਫ਼ੀ ਅਤੇ ਹਰਪ੍ਰੀਤ ਕੌਰ ਧੂਤ ਵੀ ਸ਼ਾਮਲ ਹੋਏ।

ਚੌਥਾ ਸੈਸ਼ਨ 'ਨਵੀਂ ਪੀੜ੍ਹੀ ਅਤੇ ਅਮਰੀਕਾ ਵਿੱਚ ਪੰਜਾਬੀ ਭਾਸ਼ਾ ਦਾ ਪ੍ਰਸਾਰ ਅਤੇ ਸਿੱਖਿਆ' ਵਿਸ਼ੇ ਨੂੰ ਸਮਰਪਿਤ ਸੀ। ਇਸ ਦੇ ਮੁੱਖ ਮਹਿਮਾਨ ਬਲਵਿੰਦਰ ਸਿੰਘ (ਲਾਲੀ) ਧਨੋਆ ਸਨ ਅਤੇ ਪ੍ਰਧਾਨਗੀ ਡਾ. ਪਿਆਰਾ ਸਿੰਘ ਕੁੱਦੋਵਾਲ ਨੇ ਕੀਤੀ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਇੰਗਲੈਂਡ ਵਿੱਚ ਸਭ ਤੋਂ ਪਹਿਲਾਂ ਪੰਜਾਬੀਆਂ ਪਰਵਾਸ ਕੀਤਾ ਪਰ ਉਹਨਾਂ ਦੀ ਚੌਥੀ ਪੀੜ੍ਹੀ ਪੰਜਾਬੀ ਤੋਂ ਦੂਰ ਹੋ ਗਈ ਸੀ ਪਰ ਅੱਜ ਦੇ ਪਰਵਾਸੀਆਂ ਕੋਲ ਨਵਾਂ ਮੀਡੀਆ, ਸੁਖਾਲੀ ਲਿਪੀਆਂਤਰ ਦੀ ਸਹੂਲਤ, ਸੰਗੀਤ/ਵੀਡੀਓ ਅਤੇ ਪੰਜਾਬ ਨਾਲ ਸੰਚਾਰ ਦੇ ਸਸਤੇ ਸਾਧਨ ਹਨ, ਇਸ ਲਈ ਪੰਜਾਬੀ ਬਿਲਕੁਲ ਭੁੱਲ ਜਾਣ ਦਾ ਏਨਾ ਖਤਰਾ ਨਹੀਂ।

***

## ਜੀ.ਡੀ.ਪੀ. ਦੇ ਦਾਅਵਿਆਂ ਵਿਚਾਲੇ ਪੰਜਾਬ

ਦੇਸ਼ ਦੀ ਜਵਾਨੀ ਨੂੰ ਇਸ ਦਾ ਸਭ ਤੋਂ ਵੱਡਾ 'ਜਨਸੰਖਿਆ ਲਾਭ' (ਡੈਮੋਗ੍ਰਾਫਿਕ ਡਿਵੀਡੈਂਡ) ਮੰਨਿਆ ਜਾਂਦਾ ਸੀ, ਪਰ ਜੇਕਰ ਇੰਨੀ ਵੱਡੀ ਗਿਣਤੀ ਦਿਸ਼ਾਹੀਣਤਾ ਅਤੇ ਬੇਬਸੀ ਦੀ ਮਾਰ ਹੇਠ ਰਹੇਗੀ ਤਾਂ ਵਿਕਾਸ ਦੀ ਇਮਾਰਤ ਕਿਸ ਬੁਨਿਆਦ 'ਤੇ ਖੜ੍ਹੀ ਹੋਵੇਗੀ ? ਜਦੋਂ ਤੱਕ ਨੌਜਵਾਨਾਂ ਦੀ ਊਰਜਾ ਨੂੰ ਸਹੀ ਸੇਧ ਅਤੇ ਸਨਮਾਨਜਨਕ ਰੁਜ਼ਗਾਰ ਨਹੀਂ ਮਿਲਦਾ, ਉਦੋਂ ਤੱਕ 2047 ਤੱਕ ਵਿਕਸਿਤ ਭਾਰਤ ਦੇ ਦਾਅਵੇ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਹੀ ਰਹਿਣਗੇ।

***

## ਅਮਰੀਕਾ ਦੇ ਓਹਾਇਓ 'ਚ ਸਵਾਮੀ ਨਾਰਾਇਣ ਮੰਦਰ

ਹਾਲਾਂਕਿ, ਹਾਲੇ ਤੱਕ ਪੁਲਿਸ ਨੇ ਕਿਸੇ ਵੀ ਸ਼ੱਕੀ ਦਾ ਨਾਂ ਜਨਤਕ ਨਹੀਂ ਕੀਤਾ ਹੈ ਅਤੇ ਨਾ ਹੀ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਗਈ ਹੈ।

ਹਿੰਦੂ ਅਮੈਰੀਕਨ ਫਾਊਂਡੇਸ਼ਨ ਅਤੇ ਕੋਲੀਸ਼ਨ ਆਫ਼ ਹਿੰਦੂਜ਼ ਆਫ਼ ਨਾਰਥ ਅਮਰੀਕਾ ਵਰਗੀਆਂ ਪ੍ਰਮੁੱਖ ਜਥੇਬੰਦੀਆਂ ਨੇ ਇਸ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਹੈ। ਹਿੰਦੂ ਅਮੈਰੀਕਨ ਫਾਊਂਡੇਸ਼ਨ ਦੀ ਕਾਰਜਕਾਰੀ ਨਿਰਦੇਸ਼ਕ ਸੁਹਾਗ ਸ਼ੁਕਲਾ ਨੇ ਮੰਗ ਕੀਤੀ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਣ ਅਤੇ ਹਮਲਾਵਰਾਂ ਨੂੰ ਫੜਨ ਨੂੰ ਆਪਣੀ ਮੁੱਖ ਤਰਜੀਹ ਬਣਾਉਣ। ਜਥੇਬੰਦੀਆਂ ਨੇ ਰਿਚਮੰਡ ਹਾਈਟਸ ਦੀ ਮੇਅਰ ਕਿਮ ਥਾਮਸ ਅਤੇ ਸਿਆਸੀ ਲੀਡਰਸ਼ਿਪ ਨੂੰ ਅਪੀਲ ਕੀਤੀ ਹੈ ਕਿ ਉਹ ਭਾਈਚਾਰੇ ਦੇ ਹੱਕ ਵਿੱਚ ਖੁੱਲ੍ਹ ਕੇ ਸਾਹਮਣੇ ਆਉਣ, ਇਸ ਘਿਨਾਉਣੀ ਹਰਕਤ ਦੀ ਜਨਤਕ ਤੌਰ 'ਤੇ ਨਿਖੇਧੀ ਕਰਨ ਅਤੇ ਮੰਦਰਾਂ ਦੀ ਬਾਹਰੀ ਸੁਰੱਖਿਆ ਲਈ ਤੁਰੰਤ ਪੁਲਿਸ ਗਸ਼ਤ ਵਧਾਉਣ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਮੰਦਰਾਂ ਦੀ ਭੰਨ-ਤੋੜ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿੱਚ ਅਜਿਹੀਆਂ ਕਈ ਵਾਰਦਾਤਾਂ ਦਰਜ ਕੀਤੀਆਂ ਜਾ ਚੁੱਕੀਆਂ ਹਨ। ਮਾਰਚ 2025 ਵਿੱਚ ਕੈਲੀਫੋਰਨੀਆ ਦੇ ਚੀਨੋ ਹਿਲਜ਼ ਸਥਿਤ ਪ੍ਰਸਿੱਧ ਬੋਚਾਸਣਵਾਸੀ ਅਕਸ਼ਰ ਪੁਰਸ਼ੋਤਮ ਸਵਾਮੀ ਨਾਰਾਇਣ ਮੰਦਰ 'ਤੇ ਹਮਲਾ ਕਰਕੇ ਨਫ਼ਰਤੀ ਨਾਅਰੇ ਲਿਖੇ ਗਏ ਸਨ। ਇਸੇ ਤਰ੍ਹਾਂ ਸਤੰਬਰ 2024 ਵਿੱਚ ਨਿਊਯਾਰਕ ਦੇ ਮੈਲਵਿਲੇ ਅਤੇ ਕੈਲੀਫੋਰਨੀਆ ਦੇ ਸੈਕਰਾਮੈਂਟੋ ਵਿੱਚ ਮੰਦਰਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ, ਜਦਕਿ ਦਸੰਬਰ 2023 ਵਿੱਚ ਨੇਵਾਰਕ ਦੇ ਮੰਦਰ ਦੀਆਂ ਕੰਧਾਂ 'ਤੇ ਇਤਰਾਜ਼ਯੋਗ ਗ੍ਰਾਫਿਟੀ ਬਣਾਈ ਗਈ ਸੀ। ਵਾਰ-ਵਾਰ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਕਾਰਨ ਪਰਵਾਸੀ ਭਾਰਤੀਆਂ ਵਿੱਚ ਸੁਰੱਖਿਆ ਨੂੰ ਲੈ ਕੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ।

***

## ਰੂਸ-ਯੂਕ੍ਰੇਨ ਜੰਗ ਦੀ ਮਾਰ

ਆਰਥਿਕ ਘਾਟੇ ਤੋਂ ਅੱਗੇ ਵਧ ਕੇ ਭਾਰਤੀ ਨਾਗਰਿਕਾਂ ਦੀਆਂ ਜਾਨਾਂ ਲਈ ਵੀ ਸਿੱਧਾ ਖ਼ਤਰਾ ਬਣ ਚੁੱਕੀ ਹੈ। ਜੁਲਾਈ ਵਿੱਚ ਓਡੇਸਾ ਨੇੜੇ ਮਾਲਵਾਹਕ ਜਹਾਜ਼ 'ਗੋਲਡਨ ਲੀਓ' 'ਤੇ ਹੋਏ ਮਿਜ਼ਾਈਲ ਹਮਲੇ ਵਿੱਚ ਮਾਰੇ ਗਏ 9 ਕਾਮਿਆਂ ਵਿਚੋਂ 4 ਭਾਰਤੀ ਸਨ। ਵਿਸ਼ਵ ਦੇ ਸਮੁੰਦਰੀ ਵਪਾਰਕ ਅਮਲੇ ਵਿੱਚ 12 ਫ਼ੀਸਦੀ ਤੋਂ ਵੱਧ ਹਿੱਸੇਦਾਰੀ ਵਾਲੇ ਭਾਰਤ ਲਈ ਅਜਿਹੇ ਹਮਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ।

**ਭਾਰਤੀ ਆਰਥਿਕਤਾ 'ਤੇ ਤੀਹਰਾ ਝਟਕਾ**

ਭਾਰਤ ਲਈ ਇਹ ਸੰਕਟ ਬਹੁਤ ਹੀ ਮਾੜੇ ਸਮੇਂ 'ਤੇ ਸਾਹਮਣੇ ਆਇਆ ਹੈ। ਭਾਰਤੀ ਅਰਥਵਿਵਸਥਾ ਪਹਿਲਾਂ ਹੀ ਕਈ ਬਾਹਰੀ ਚੁਣੌਤੀਆਂ ਨਾਲ ਜੂਝ ਰਹੀ ਹੈ। ਭਾਰਤੀ ਨਿਰਯਾਤਕਾਂ ਉੱਤੇ ਅਮਰੀਕੀ ਟੈਰਿਫ਼ ਦਾ ਭਾਰੀ ਦਬਾਅ ਬਣਿਆ ਹੋਇਆ ਹੈ। ਦੂਜੇ ਪਾਸੇ ਰੂਸ ਤੋਂ ਸਸਤਾ ਕੱਚਾ ਤੇਲ ਖਰੀਦਣ 'ਤੇ ਵੀ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦਾ ਖ਼ਤਰਾ ਮੰਡਰਾ ਰਿਹਾ ਹੈ।

ਸਮੁੰਦਰੀ ਰਸਤਿਆਂ ਵਿੱਚ ਰੁਕਾਵਟਾਂ ਆਉਣ ਕਾਰਨ ਮਾਲ-ਭਾੜਾ ਅਤੇ ਲੌਜਿਸਟਿਕਸ ਦਾ ਖ਼ਰਚਾ ਬਹੁਤ ਵੱਧ ਗਿਆ ਹੈ। ਹੁਣ ਖਾਣ ਵਾਲੇ ਤੇਲ, ਕਣਕ ਅਤੇ ਖਾਦਾਂ ਦੀ ਕਮੀ ਇੱਕ ਤੀਜੇ ਝਟਕੇ ਵਾਂਗ ਸਾਹਮਣੇ ਆਈ ਹੈ। ਭਾਰਤ ਅਜੇ ਪਹਿਲੇ ਦੋ ਝਟਕਿਆਂ ਤੋਂ ਉੱਭਰਨ ਦੀ ਕੋਸ਼ਿਸ਼ ਹੀ ਕਰ ਰਿਹਾ ਸੀ ਕਿ ਇਸ ਨਵੇਂ ਸੰਕਟ ਨੇ ਸਰਕਾਰ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ।

**ਖਾਣ ਵਾਲੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਦਰਾਮਦ ਵਿੱਚ ਗਿਰਾਵਟ**

ਇਸ ਜੰਗ ਦਾ ਸਭ ਤੋਂ ਪਹਿਲਾ ਅਤੇ ਸਿੱਧਾ ਅਸਰ ਰਸੋਈ ਵਿੱਚ ਵਰਤੇ ਜਾਣ ਵਾਲੇ ਤੇਲ 'ਤੇ ਦੇਖਣ ਨੂੰ ਮਿਲ ਰਿਹਾ ਹੈ। ਬਲੈਕ ਸੀ ਰੂਟ ਤੋਂ ਸੂਰਜਮੁਖੀ ਤੇਲ ਦੀਆਂ ਖੇਪਾਂ ਆਉਣ ਵਿੱਚ 60 ਦਿਨਾਂ ਤੱਕ ਦੀ ਦੇਰੀ ਹੋ ਰਹੀ ਹੈ। ਰਸਤੇ ਬੰਦ ਹੋਣ ਕਾਰਨ ਇਸ ਸੀਜ਼ਨ ਦੌਰਾਨ ਭਾਰਤ ਵੱਲੋਂ ਸੂਰਜਮੁਖੀ ਤੇਲ ਦੀ ਦਰਾਮਦ ਵਿੱਚ 24 ਫ਼ੀਸਦੀ ਦੀ ਵੱਡੀ ਕਮੀ ਆਈ ਹੈ। ਇਹ ਦਰਾਮਦ ਘਟ ਕੇ ਸਿਰਫ਼ 2.48 ਮਿਲੀਅਨ ਟਨ ਰਹਿ ਗਈ ਹੈ। ਕਮੀ ਨੂੰ ਪੂਰਾ ਕਰਨ ਲਈ ਭਾਰਤੀ ਰਿਫ਼ਾਇਨਰੀਆਂ ਨੇ ਸੋਇਆਬੀਨ ਤੇਲ ਵੱਲ ਰੁਖ਼ ਕੀਤਾ ਹੈ। ਇਸ ਕਾਰਨ ਸੋਇਆਬੀਨ ਤੇਲ ਦੀ ਖਰੀਦ ਵਿੱਚ 54 ਫ਼ੀਸਦੀ ਦਾ ਭਾਰੀ ਉਛਾਲ ਆਇਆ ਹੈ। ਅਗਸਤ ਮਹੀਨੇ ਵਿੱਚ ਭਾਰਤ ਪਹੁੰਚਣ ਵਾਲੇ ਕੱਚੇ ਸੂਰਜਮੁਖੀ ਤੇਲ ਦੀ ਕੀਮਤ ਲਗਭਗ 1,496 ਡਾਲਰ ਪ੍ਰਤੀ ਟਨ ਦਰਜ ਕੀਤੀ ਗਈ।

ਇਹ ਕੀਮਤ ਪਿਛਲੇ ਸਾਲ ਦੇ ਮੁਕਾਬਲੇ 18.4 ਫ਼ੀਸਦੀ ਵੱਧ ਹੈ। ਦੂਜੇ ਪਾਸੇ ਪਾਮ ਤੇਲ ਦੀ ਕੀਮਤ 9.4 ਫ਼ੀਸਦੀ ਅਤੇ ਸੋਇਆਬੀਨ ਤੇਲ ਦੀ ਕੀਮਤ 7.9 ਫ਼ੀਸਦੀ ਵਧੀ ਹੈ।

ਭਾਰਤ ਸਰਕਾਰ ਨੇ ਆਮ ਲੋਕਾਂ ਨੂੰ ਰਾਹਤ ਦੇਣ ਲਈ ਤੇਲ 'ਤੇ ਆਯਾਤ ਡਿਊਟੀ ਘਟਾ ਦਿੱਤੀ ਹੈ। ਸੂਰਜਮੁਖੀ ਤੇਲ 'ਤੇ ਟੈਕਸ ਸਭ ਤੋਂ ਵੱਧ ਘਟਾਇਆ ਗਿਆ ਹੈ ਤਾਂ ਜੋ ਕੀਮਤਾਂ ਕਾਬੂ ਵਿੱਚ ਰਹਿਣ। ਇਸ ਨਾਲ ਸਰਕਾਰ ਨੂੰ ਮਾਲੀਏ ਦਾ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਭਾਰਤੀ ਕੰਪਨੀਆਂ ਹੁਣ ਯੂਕਰੇਨ ਦੀ ਬਜਾਏ ਅਰਜਨਟੀਨਾ ਤੋਂ ਤੇਲ ਮੰਗਵਾ ਰਹੀਆਂ ਹਨ। ਅਰਜਨਟੀਨਾ ਹੁਣ ਭਾਰਤ ਨੂੰ ਸੂਰਜਮੁਖੀ ਤੇਲ ਵੇਚਣ ਵਾਲਾ ਸਭ ਤੋਂ ਵੱਡਾ ਦੇਸ਼ ਬਣ ਗਿਆ ਹੈ। ਪਰ ਦੂਰ ਦੇ ਦੇਸ਼ਾਂ ਤੋਂ ਮਾਲ ਮੰਗਵਾਉਣ ਨਾਲ ਸਮੁੰਦਰੀ ਭਾੜਾ ਬਹੁਤ ਵੱਧ ਜਾਂਦਾ ਹੈ।

**ਖਾਦਾਂ ਦੀ ਕਿੱਲਤ ਅਤੇ ਸਬਸਿਡੀ ਦਾ ਭਾਰੀ ਬੋਝ**

ਤੇਲ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਮਾਰ ਖਾਦਾਂ ਉੱਤੇ ਪੈ ਰਹੀ ਹੈ। ਇੱਥੇ ਸਰਕਾਰੀ ਖ਼ਜ਼ਾਨੇ 'ਤੇ ਬੋਝ ਬਹੁਤ ਜ਼ਿਆਦਾ ਵਧ ਗਿਆ ਹੈ। ਭਾਰਤ ਆਪਣੀਆਂ ਖਾਦਾਂ ਦੀ ਲੋੜ ਲਈ ਬਲੈਕ ਸੀ ਖੇਤਰ ਅਤੇ ਖਾੜੀ ਦੇਸ਼ਾਂ 'ਤੇ ਬਹੁਤ ਨਿਰਭਰ ਹੈ। ਜਦੋਂ ਇਹਨਾਂ ਦੋਹਾਂ ਖੇਤਰਾਂ ਵਿੱਚ ਤਣਾਅ ਵਧਦਾ ਹੈ ਤਾਂ ਭਾਰਤ ਵਿੱਚ ਖਾਦਾਂ ਦੀ ਸਪਲਾਈ ਰੁਕ ਜਾਂਦੀ ਹੈ। ਖਾੜੀ ਰਸਤੇ ਦੇ ਸੰਕਟ ਤੋਂ ਬਚਣ ਲਈ ਭਾਰਤ ਨੇ ਹੁਣ ਮਿਸਰ, ਅਲਜੀਰੀਆ, ਨਾਈਜੀਰੀਆ ਅਤੇ ਜਾਰਜੀਆ ਵਰਗੇ ਦੇਸ਼ਾਂ ਤੋਂ ਖਾਦ ਮੰਗਵਾਉਣੀ ਸ਼ੁਰੂ ਕੀਤੀ ਹੈ।

2026-27 ਦੇ ਕੇਂਦਰੀ ਬਜਟ ਵਿੱਚ ਖਾਦ ਸਬਸਿਡੀ ਲਈ 1.71 ਲੱਖ ਕਰੋੜ ਰੁਪਏ ਰੱਖੇ ਗਏ ਸਨ। ਪਰ ਹੁਣ ਅੰਦਾਜ਼ਾ ਹੈ ਕਿ ਸਰਕਾਰ ਨੂੰ 70,000 ਤੋਂ 80,000 ਕਰੋੜ ਰੁਪਏ ਹੋਰ ਖ਼ਰਚਣੇ ਪੈਣਗੇ। ਕੌਮਾਂਤਰੀ ਬਾਜ਼ਾਰ ਵਿੱਚ ਵਧੀਆਂ ਕੀਮਤਾਂ ਕਾਰਨ ਕੁੱਲ ਖ਼ਰਚਾ ਬਜਟ ਤੋਂ ਕਿਤੇ ਵੱਧ ਨਿਕਲ ਜਾਵੇਗਾ। ਸਿਰਫ਼ ਬਾਹਰੋਂ ਮੰਗਵਾਈ ਜਾਣ ਵਾਲੀ ਯੂਰੀਆ ਖਾਦ ਦੀ ਸਬਸਿਡੀ ਵਿੱਚ ਪਿਛਲੇ ਸਾਲ 128 ਫ਼ੀਸਦੀ ਦਾ ਵਾਧਾ ਹੋਇਆ ਸੀ, ਜੋ ਲਗਭਗ 48,000 ਕਰੋੜ ਰੁਪਏ ਬਣਦਾ ਹੈ। ਸਰਕਾਰ ਦਾ ਪੂਰਾ ਬਜਟ ਗੜਬੜਾ ਗਿਆ ਹੈ।

**ਭਾਰਤ ਲਈ ਇੱਕ ਵੱਡਾ ਮੌਕਾ: ਹੱਲ ਦਾ ਰਸਤਾ**

ਰੂਸ ਅਤੇ ਪੱਛਮ ਦੋਵਾਂ ਨਾਲ ਸੰਤੁਲਿਤ ਸਬੰਧਾਂ ਕਾਰਨ ਭਾਰਤ ਦਾ ਨਿਰਪੱਖ ਰਵੱਈਆ ਇਸ ਸੰਕਟ ਦੇ ਹੱਲ ਲਈ ਵੱਡੀ ਤਾਕਤ ਬਣ ਸਕਦਾ ਹੈ। ਮਾਹਿਰਾਂ ਅਨੁਸਾਰ ਭਾਰਤ ਬਲੈਕ ਸੀ ਤੋਂ ਖ਼ੁਰਾਕ ਅਤੇ ਖਾਦਾਂ ਦੀ ਸੁਰੱਖਿਅਤ ਸਪਲਾਈ ਲਈ ਇੱਕ ਵਿਸ਼ੇਸ਼ 'ਫੂਡ ਕੌਰੀਡੋਰ' ਦੀ ਪਹਿਲ ਕਰ ਸਕਦਾ ਹੈ। ਇਸ ਤਹਿਤ ਭਾਰਤੀ ਝੰਡੇ ਅਤੇ ਨਿਰਪੱਖ ਨਿਗਰਾਨਾਂ ਵਾਲੇ ਵਪਾਰਕ ਜਹਾਜ਼ ਚਲਾਏ ਜਾ ਸਕਦੇ ਹਨ, ਜਿਨ੍ਹਾਂ 'ਤੇ ਹਮਲਾ ਕਰਨ ਦਾ ਖ਼ਤਰਾ ਕੋਈ ਵੀ ਧਿਰ ਮੁੱਲ ਨਹੀਂ ਲਵੇਗੀ।

ਰੂਸ ਨਾਲ ਭਾਰਤ ਦੇ ਆਰਥਿਕ ਅਤੇ ਇਤਿਹਾਸਕ ਸੰਬੰਧ ਬਹੁਤ ਮਜ਼ਬੂਤ ਹਨ। ਭਾਰਤ ਇਸ ਦੋਸਤੀ ਅਤੇ ਆਪਣੇ ਆਰਥਿਕ ਕੱਦ ਦੀ ਵਰਤੋਂ ਕਰ ਸਕਦਾ ਹੈ। ਭਾਰਤ ਰੂਸ 'ਤੇ ਇਹ ਦਬਾਅ ਪਾ ਸਕਦਾ ਹੈ ਕਿ ਉਹ ਆਮ ਨਾਗਰਿਕਾਂ ਦੇ ਵਪਾਰਕ ਜਹਾਜ਼ਾਂ ਅਤੇ ਖ਼ੁਰਾਕੀ ਬੰਦਰਗਾਹਾਂ ਨੂੰ ਨਿਸ਼ਾਨਾ ਨਾ ਬਣਾਵੇ। ਦੋਹਾਂ ਦੇਸ਼ਾਂ ਦੀਆਂ ਆਰਥਿਕ ਮੀਟਿੰਗਾਂ ਵਿੱਚ ਸਮੁੰਦਰੀ ਜਹਾਜ਼ਾਂ ਦੀ ਸੁਰੱਖਿਆ ਨੂੰ ਮੁੱਖ ਮੁੱਦਾ ਬਣਾਇਆ ਜਾਣਾ ਚਾਹੀਦਾ ਹੈ।

***

## ਅਮਰੀਕਾ 'ਚ 40 ਵਿਅਕਤੀਆਂ ਦੀ ਨਾਗਰਿਕਤਾ ਰੱਦ

ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ ਸਿੰਘ ਨੇ 1992 ਵਿੱਚ ਬਲਵਿੰਦਰ ਸਿੰਘ ਦੇ ਨਾਮ ਅਤੇ ਪਛਾਣ ਹੇਠ ਇਮੀਗ੍ਰੇਸ਼ਨ ਲਈ ਅਰਜ਼ੀ ਦਿੱਤੀ ਸੀ। 2003 ਵਿੱਚ ਉਸਨੇ ਇੱਕ ਵੱਖਰੀ ਪਛਾਣ ਹੇਠ ਸਥਾਈ ਨਿਵਾਸੀ ਦਰਜੇ ਲਈ ਅਰਜ਼ੀ ਦਿੱਤੀ ਅਤੇ ਉਸਨੂੰ ਇਹ ਦਰਜਾ ਦਿੱਤਾ ਗਿਆ। ਨਿਆਂ ਵਿਭਾਗ ਨੇ ਕਿਹਾ, 'ਉਂਗਲੀਆਂ ਦੇ ਨਿਸ਼ਾਨ ਸਾਬਤ ਕਰਦੇ ਹਨ ਕਿ ਸਿੰਘ ਨੇ ਦੋਵੇਂ ਅਰਜ਼ੀਆਂ ਜਮ੍ਹਾਂ ਕਰਵਾਈਆਂ।' 2009 ਵਿੱਚ ਸਿੰਘ ਨੇ ਇੱਕ ਵੱਖਰੀ ਪਛਾਣ ਹੇਠ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ। ਸ਼ਿਕਾਇਤ ਵਿੱਚ ਗਲਤ ਜਾਣਕਾਰੀ ਪ੍ਰਦਾਨ ਕਰਨ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਦੇ ਸੱਤ ਦੋਸ਼ ਲਗਾਏ ਗਏ ਹਨ।

ਵਿਭਾਗ ਨੇ ਕਿਹਾ ਕਿ ਉਹ ਜਿਨਚਾਓ ਵੇਈ ਦੀ ਨਾਗਰਿਕਤਾ ਵੀ ਰੱਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਕਿ ਇੱਕ ਸਾਬਕਾ ਚੀਨੀ-ਜਨਮੇ ਅਮਰੀਕੀ ਨੇਵੀ ਮਲਾਹ ਹੈ ਜਿਸਨੂੰ ਜਾਸੂਸੀ ਨਾਲ ਸਬੰਧਿਤ ਅਪਰਾਧਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ। ਨਿਆਂ ਵਿਭਾਗ ਦੇ ਅਨੁਸਾਰ, ਵੇਈ 2021 ਵਿੱਚ ਅਮਰੀਕੀ ਜਲ ਸੈਨਾ ਵਿੱਚ ਭਰਤੀ ਹੋਇਆ ਸੀ ਅਤੇ ਫਰਵਰੀ 2022 ਤੱਕ ਚੀਨ ਨੂੰ ਫੌਜੀ ਭੇਦ ਵੇਚਣ ਦੀ ਸਾਜ਼ਿਸ਼ ਰਚਣੀ ਸ਼ੁਰੂ ਕਰ ਦਿੱਤੀ। ਉਸਨੇ ਮਈ 2022 ਵਿੱਚ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ। ਵੇਈ ਨੂੰ ਅਗਸਤ 2025 ਵਿੱਚ ਜਾਸੂਸੀ, ਜਾਸੂਸੀ ਅਤੇ ਰੱਖਿਆ ਸਮੱਗਰੀ ਨਾਲ ਸਬੰਧਤ ਤਕਨੀਕੀ ਡੇਟਾ ਦੇ ਗ਼ੈਰ-ਕਾਨੂੰਨੀ ਨਿਰਯਾਤ ਦੀ ਸਾਜ਼ਿਸ਼ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸਨੂੰ 200 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਜਲ ਸੈਨਾ ਤੋਂ ਛੁੱਟੀ ਦੇ ਦਿੱਤੀ ਗਈ। ਜਿਨ੍ਹਾਂ ਲੋਕਾਂ ਵਿਰੁੱਧ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ, ਉਨ੍ਹਾਂ ਵਿੱਚ ਪਾਕਿਸਤਾਨ, ਮੈਕਸੀਕੋ, ਕੰਬੋਡੀਆ, ਨੇਪਾਲ ਅਤੇ ਅਫਗਾਨਿਸਤਾਨ ਦੇ ਵਿਅਕਤੀ ਵੀ ਸ਼ਾਮਲ ਹਨ।

## ਲੋਕਤੰਤਰ ਦੀ ਵੱਡੀ ਤਾਕਤ ਹੈ

ਸਰਕਾਰਾਂ ਦਾ ਵਿਰੋਧ ਦੇਸ਼ ਵਿਰੋਧੀ ਨਹੀਂ ਹੁੰਦਾ। ਸਾਡੇ ਸਮਾਜ 'ਚ ਅਕਸਰ ਵਿਰੋਧੀ ਵਿਚਾਰ ਰੱਖਣ ਵਾਲੇ ਵਿਅਕਤੀ ਨੂੰ ਵਿਰੋਧੀ ਜਾਂ ਦੁਸ਼ਮਣ ਸਮਝ ਲਿਆ ਜਾਂਦਾ ਹੈ। ਲੋਕਤੰਤਰ ਦੀ ਖ਼ੂਬਸੂਰਤੀ ਹੀ ਇਹ ਹੈ ਕਿ ਇੱਥੇ ਹਰ ਵਿਅਕਤੀ ਨੂੰ ਆਪਣੀ ਰਾਇ ਰੱਖਣ ਦਾ ਅਧਿਕਾਰ ਹੈ। ਸਰਕਾਰ ਦੀ ਅਲੋਚਨਾ ਕਰਨਾ ਦੇਸ਼ ਦੀ ਅਲੋਚਨਾ ਨਹੀਂ। ਕਿਸੇ ਨੀਤੀ ਨਾਲ ਅਸਹਿਮਤ ਹੋਣਾ ਰਾਸ਼ਟਰ-ਵਿਰੋਧ ਨਹੀਂ। ਸਵਾਲ ਪੁੱਛਣਾ ਦੇਸ਼ ਦੀ ਅਖੰਡਤਾ 'ਚ ਅਵਿਸ਼ਵਾਸ਼ ਹਰਗਿਜ਼ ਨਹੀਂ ਹੈ।

ਸਿਹਤਮੰਦ ਲੋਕਤੰਤਰ 'ਚ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ, ਮੀਡੀਆ, ਨਿਆਂਪਾਲਿਕਾ, ਬੁੱਧੀਜੀਵੀ ਵਰਗ ਤੇ ਆਮ ਨਾਗਰਿਕ ਸਾਰੇ ਆਪੋ-ਆਪਣੀ ਸਾਰਥਿਕ ਭੂਮਿਕਾ ਨਿਭਾਉਂਦੇ ਹਨ। ਜਿੱਥੇ ਸਿਰਫ਼ ਸੱਤਾ ਦੀ ਆਵਾਜ਼ ਸੁਣਾਈ ਦੇਵੇ ਅਤੇ ਬਾਕੀ ਸਾਰੇ ਚੁੱਪ ਹੋ ਜਾਣ, ਉੱਥੇ ਲੋਕਤੰਤਰ ਦੀ ਰੂਹ ਕਮਜ਼ੋਰ ਹੋਣ ਲੱਗਦੀ ਹੈ। ਲੋਕਤੰਤਰ ਸਿਰਫ਼ ਇਹ ਨਹੀਂ ਕਿ ਸਰਕਾਰ ਸਾਡੇ ਲਈ ਕੀ ਕਰ ਰਹੀ ਹੈ। ਇਹ ਵੀ ਹੈ ਕਿ ਅਸੀਂ ਸਮਾਜ ਤੇ ਦੇਸ਼ ਲਈ ਕੀ ਕਰ ਰਹੇ ਹਾਂ। ਕਿਸੇ ਵੀ ਲੋਕਤੰਤਰੀ ਦੇਸ਼ ਦਾ ਭਵਿੱਖ ਉਸ ਦੇ ਨੌਜਵਾਨਾਂ ਦੀ ਸੋਚ 'ਤੇ ਨਿਰਭਰ ਕਰਦਾ ਹੈ। ਜੇਕਰ ਨੌਜਵਾਨ ਸਿਰਫ਼ ਸੋਸ਼ਲ ਮੀਡੀਆ ਦੀਆਂ ਬਹਿਸਾਂ ਤੱਕ ਸੀਮਤ ਰਹਿ ਜਾਣ ਅਤੇ ਅਸਲ ਸਮਾਜਿਕ ਮੁੱਦਿਆਂ ਤੋਂ ਦੂਰ ਹੋ ਜਾਣ, ਤਾਂ ਲੋਕਤੰਤਰ ਦੀ ਤਾਕਤ ਘਟਦੀ ਹੈ।

ਨੌਜਵਾਨਾਂ ਨੂੰ ਸੰਵਿਧਾਨ, ਆਪਣੇ ਅਧਿਕਾਰਾਂ, ਚੋਣ ਪ੍ਰਕਿਰਿਆ ਅਤੇ ਸਮਾਜਿਕ ਮਸਲਿਆਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਨੇਤਾਵਾਂ ਨੂੰ ਸਵਾਲ ਪੁੱਛਣੇ ਚਾਹੀਦੇ ਹਨ ਤੇ ਆਪਣੇ ਵਿਚਾਰ ਤਰਕ ਨਾਲ ਪੇਸ਼ ਕਰਨੇ ਚਾਹੀਦੇ ਹਨ। ਕਿਸੇ ਵੀ ਲੋਕਤੰਤਰ 'ਚ ਸਭ ਤੋਂ ਖ਼ਤਰਨਾਕ ਨਾਗਰਿਕ ਉਹ ਨਹੀਂ ਜੋ ਸਵਾਲ ਪੁੱਛਦਾ ਹੈ ਸਭ ਤੋਂ ਖ਼ਤਰਨਾਕ ਸਥਿਤੀ ਉਹ ਹੁੰਦੀ ਹੈ ਜਦੋਂ ਲੋਕ ਸਵਾਲ ਪੁੱਛਣਾ ਹੀ ਛੱਡ ਦਿੰਦੇ ਹਨ। ਲੋਕ ਜਾਗ ਪੈਣ ਤਾਂ ਸੱਤਾ ਨੂੰ ਜਵਾਬਦੇਹ ਬਣਨਾ ਪੈਂਦਾ ਹੈ।

ਜਦੋਂ ਲੋਕ ਜਾਗਰੂਕ ਹੁੰਦੇ ਹਨ ਤਾਂ ਨੇਤਾ ਉਨ੍ਹਾਂ ਦੇ ਸਵਾਲਾਂ ਦਾ ਭੈਅ ਖਾਂਦੇ ਹਨ ਤੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਲਈ ਮਜਬੂਰ ਹੁੰਦੇ ਹਨ। ਜਦੋਂ ਲੋਕ ਆਪਣੇ ਅਧਿਕਾਰਾਂ ਨੂੰ ਸਮਝਦੇ ਹਨ ਤਾਂ ਕੋਈ ਵੀ ਉਨ੍ਹਾਂ ਨੂੰ ਆਸਾਨੀ ਨਾਲ ਭਾਵਨਾਵਾਂ ਦੇ ਨਾਮ 'ਤੇ ਗੁੰਮਰਾਹ ਨਹੀਂ ਕਰ ਸਕਦਾ।

ਅੰਤ 'ਚ ਗੱਲ ਇੰਨੀ ਕੁ ਹੈ ਕਿ ਲੋਕਤੰਤਰ 'ਚ ਲੋਕ ਹੀ ਵੱਡੇ ਹੁੰਦੇ ਹਨ ਪਰ ਤਦੋਂ ਹੀ, ਜਦੋਂ ਉਹ ਆਪਣੀ ਤਾਕਤ ਨੂੰ ਪਛਾਣਦੇ ਹਨ। ਜਾਗਰੂਕ ਲੋਕ ਸੱਤਾ ਦੇ ਪਿੱਛੇ ਨਹੀਂ ਤੁਰਦੇ ਉਹ ਸੱਤਾ ਨੂੰ ਲੋਕਾਂ ਦੇ ਪਿੱਛੇ ਤੁਰਨ ਲਈ ਮਜਬੂਰ ਕਰਦੇ ਹਨ। ਉਹ ਨੇਤਾਵਾਂ ਨੂੰ ਦੇਵਤਾ ਨਹੀਂ ਬਣਾਉਂਦੇ,ਸਗੋਂ ਲੋਕ-ਸੇਵਕ ਸਮਝਦੇ ਹਨ। ਉਹ ਵੋਟ ਨੂੰ ਸਿਰਫ਼ ਇਕ ਨਿਸ਼ਾਨ ਨਹੀਂ, ਆਪਣੇ ਭਵਿੱਖ ਦਾ ਫ਼ੈਸਲਾ ਸਮਝਦੇ ਹਨ। ਇਸ ਲਈ ਲੋਕਤੰਤਰ ਨੂੰ ਬਚਾਉਣ ਅਤੇ ਮਜ਼ਬੂਤ ਕਰਨ ਦਾ ਸਭ ਤੋਂ ਪਹਿਲਾ ਕਦਮ ਹੈ ਲੋਕਾਂ ਦਾ ਜਾਗਰੂਕ ਹੋਣਾ ਕਿਉਂਕਿ ਜਦੋਂ ਲੋਕ ਜਾਗਦੇ ਹਨ, ਤਾਂ ਲੋਕਤੰਤਰ ਜਿਊਂਦਾ ਰਹਿੰਦਾ ਹੈ। ਜਦੋਂ ਲੋਕ ਸੁੱਤੇ ਹੁੰਦੇ ਹਨ ਤਾਂ ਲੋਕਤੰਤਰ ਸਿਰਫ਼ ਕਾਗਜ਼ਾਂ 'ਚ ਬਚਿਆ ਦਿਸਦਾ ਹੈ ਸਹੀ ਅਰਥਾਂ 'ਚ ਉਸ ਦਾ ਪਤਨ ਸ਼ੁਰੂ ਹੋ ਚੁੱਕਾ ਹੁੰਦਾ ਹੈ।

***

## ਸਿੱਖ ਆਚਰਨ ਕਿਵੇਂ

ਅਕਸਰ ਇਹ ਕਿਹਾ ਜਾਂਦਾ ਹੈ ਕਿ ਨੌਜਵਾਨ ਸੋਸ਼ਲ ਮੀਡੀਆ ਨਾਲ ਜੁੜੇ ਹੋਏ ਹਨ ਅਤੇ ਉੱਥੇ ਜੋ ਕੁੱਝ ਸਿੱਖਦੇ ਹਨ, ਉਹੋ ਜਿਹਾ ਵਿਹਾਰ ਕਰਦੇ ਹਨ। ਮੌਜੂਦਾ ਧਾਰਮਿਕ ਅਤੇ ਸਮਾਜਿਕ ਆਗੂ ਉਹਨਾਂ ਨੂੰ ਗੁਰਮਤਿ ਵੱਲ ਖਿੱਚਣ ਵਿਚ ਕਾਮਯਾਬ ਨਹੀਂ ਹੋ ਰਹੇ। ਇਸ ਦਾ ਵੱਡਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਉਹ ਵੀ ਤਕਨੀਕ ਦੇ ਪ੍ਰਭਾਵ ਅਧੀਨ ਵਧੇਰੇ ਕਾਰਜ ਕਰਨ ਲੱਗੇ ਹਨ ਅਤੇ ਗੁਰੂ ਦੇ ਸ਼ਬਦ ਨਾਲੋਂ ਮੀਡੀਆ ਰਾਹੀਂ ਦੱਸੀ ਜਾ ਰਹੀ ਜੀਵਨਜਾਚ 'ਤੇ ਵਧੇਰੇ ਵਿਸ਼ਵਾਸ ਕਰਨ ਲੱਗੇ ਹਨ। ਸੋਸ਼ਲ ਮੀਡੀਆ ਦੇ ਸਨਮੁਖ ਸਭ ਕੁਝ ਵਿਸਰਦਾ ਨਜ਼ਰ ਆ ਰਿਹਾ ਹੈ।

ਸਮਾਜ ਵਿੱਚ ਹੋ ਰਹੇ ਬਦਲਾਉ ਨੇ ਧਾਰਮਿਕ ਸੰਸਥਾਵਾਂ ਅਤੇ ਸ਼ਖ਼ਸੀਅਤਾਂ 'ਤੇ ਵੀ ਅਸਰ ਪਾਇਆ ਹੈ। ਧਾਰਮਿਕ ਅਸਥਾਨ ਜਾਂ ਧਾਰਮਿਕ ਲਿਬਾਸ ਵਿੱਚ ਕੀਤੇ ਜਾਣ ਵਾਲੇ ਅਨੈਤਿਕ ਕਾਰਜ ਆਮ ਲੋਕਾਂ ਨੂੰ ਸਭ ਤੋਂ ਵਧੇਰੇ ਪ੍ਰਭਾਵਿਤ ਕਰਦੇ ਹਨ। ਬਚਿਤ੍ਰ ਨਾਟਕ ਵਿੱਚ ਦੱਸਿਆ ਗਿਆ ਹੈ ਕਿ ਪਰਮਾਰਥ ਦੇ ਅਸਥਾਨਾਂ 'ਤੇ ਕੀਤੇ ਜਾਣ ਵਾਲੇ ਦੁਸ਼ਕਰਮਾਂ ਨਾਲ ਪਾਪਾਂ ਨੂੰ ਵੀ ਸ਼ਰਮ ਆਉਣ ਲੱਗ ਪੈਂਦੀ ਹੈ " ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ ॥ "

ਗੁਰੂ ਸਾਹਿਬਾਨ ਸਿੱਖ ਨੂੰ ਨਿਰਾਸ਼ਾਜਨਕ ਸਥਿਤੀ ਵਿਚੋਂ ਕੱਢ ਕੇ ਆਸਵੰਦ ਹੋਣ ਲਈ ਪ੍ਰੇਰਿਤ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਸਦੀਵੀ ਪ੍ਰੇਰਨਾ ਸਰੋਤ ਹਨ ਜਿਸ ਦੇ ਆਸਰੇ ਉਹ ਹਰ ਇਕ ਸੰਕਟ ਵਿਚੋਂ ਲੰਘ ਕੇ ਉਚੇਰੇ ਆਦਰਸ਼ ਸਥਾਪਿਤ ਕਰਨ ਵਿੱਚ ਕਾਮਯਾਬ ਹੁੰਦੇ ਰਹੇ ਹਨ। ਮੌਜੂਦਾ ਸਮੇਂ ਵਿੱਚ ਸੋਸ਼ਲ ਮੀਡੀਆ ਦੇ ਪ੍ਰਭਾਵ ਅਧੀਨ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਮਨੁੱਖ ਦੇ ਮਨ ਵਿੱਚ ਲਾਲਸਾਵਾਂ ਵਧਦੀਆਂ ਜਾ ਰਹੀਆਂ ਹੈ। ਸੰਗਤ ਵਿੱਚ ਬੈਠਾ ਵੀ ਉਹ ਸੰਗਤ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ ਜਿਸ ਕਰਕੇ ਆਚਰਣ ਵਿਚ ਗਿਰਾਵਟ ਪੈਦਾ ਹੋ ਜਾਣੀ ਸੁਭਾਵਕ ਹੈ।

ਇਸ ਰੁਝਾਨ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ ? ਇਹ ਪ੍ਰਸ਼ਨ ਅੱਜ ਦੇ ਯੁੱਗ ਵਿੱਚ ਸਮੁੱਚੀ ਸਿੱਖ ਕੌਮ ਦੇ ਸਾਹਮਣੇ ਹੈ। ਇਸ ਸੰਬੰਧੀ ਗਿਆਨੀ ਗੁਰਬਚਨ ਸਿੰਘ, ਗਿਆਨੀ ਕਰਤਾਰ ਸਿੰਘ ਆਦਿ ਸ਼ਖ਼ਸੀਅਤਾਂ ਦੀਆਂ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੇ ਜਥਿਆਂ ਦੇ ਰੂਪ ਵਿੱਚ ਪਿੰਡ-ਪਿੰਡ ਜਾ ਕੇ ਨੌਜਵਾਨਾਂ ਨੂੰ ਸਿੱਖੀ ਵੱਲ ਮੋੜਿਆ ਸੀ। ਵਿਭਿੰਨ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਵੱਲੋਂ ਕੀਤੇ ਗਏ ਅਜਿਹੇ ਯਤਨਾਂ ਨੇ ਸਮੁੱਚੀ ਸਿੱਖ ਕੌਮ 'ਤੇ ਪ੍ਰਭਾਵ ਪਾਇਆ ਸੀ। ਉਹਨਾਂ ਤੋਂ ਪ੍ਰਭਾਵਿਤ ਹੋ ਕੇ ਅੱਗੇ ਹੋਰ ਛੋਟੇ-ਛੋਟੇ ਜਥੇ ਕਾਇਮ ਹੋ ਗਏ ਸਨ ਜਿਹੜੇ ਕਿ ਪਿੰਡ ਅਤੇ ਮੁਹੱਲਾ ਪੱਧਰ 'ਤੇ ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰਦੁਆਰੇ ਲਿਆਉਣ ਅਤੇ ਗੁਰਮਤਿ ਨਾਲ ਜੋੜਨ ਵਿੱਚ ਸਫਲ ਹੋਏ ਸਨ।

ਪ੍ਰਚਾਰਕ ਸਿੱਖ ਜਥਿਆਂ ਨੇ ਸੰਗਤ ਦਾ ਗੁਰੂ ਸਾਹਿਬ ਦੇ ਸਮੇਂ ਵਾਲਾ ਸਰੂਪ ਕਾਇਮ ਕਰਨ ਵਿਚ ਭਰਪੂਰ ਯੋਗਦਾਨ ਪਾਇਆ ਸੀ ਅਤੇ ਨੌਜਵਾਨ ਨਸ਼ਿਆਂ ਅਤੇ ਵਿਕਾਰਾਂ ਤੋਂ ਮੁਕਤ ਹੋ ਕੇ ਸਿੱਖੀ ਵੱਲ ਮੁੜੇ ਸਨ। ਇਹਨਾਂ ਨੌਜਵਾਨਾਂ ਵਿਚੋਂ ਪੈਦਾ ਹੋਏ ਆਗੂ ਕੌਮ ਪ੍ਰਤੀ ਜ਼ਿੰਮੇਵਾਰੀ ਸਮਝਣ ਲੱਗੇ ਸਨ ਅਤੇ ਵੋਟਾਂ ਜਿੱਤ ਕੇ ਵੀ ਅਜਿਹੇ ਕੰਮ ਕਰਨ ਤੋਂ ਗੁਰੇਜ਼ ਕਰਦੇ ਸਨ ਜਿਹੜੇ ਕਿ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕਾਰਜ ਕਰਨ ਵਾਲੇ ਹੋਣ। ਤਿਆਗ ਦੀ ਭਾਵਨਾ ਅਧੀਨ ਗੁਰਮਤਿ ਦੀ ਦਿਸ਼ਾ ਵਿਚ ਕੰਮ ਕਰਨ ਨਾਲ ਹੀ ਸ਼ੁੱਧ ਆਚਰਣ ਅਤੇ ਸੁਚਾਰੂ ਦਿਸ਼ਾ ਵੱਲ ਮੁੜਿਆ ਜਾ ਸਕਦਾ ਹੈ ਨਹੀਂ ਤਾਂ ਨੋਟਾਂ ਨਾਲ ਵੋਟਾਂ ਹਾਸਲ ਕਰਨ ਦੇ ਵੱਧਦੇ ਜਾ ਰਹੇ ਰੁਝਾਨ ਤੋਂ ਕਿਸੇ ਚੰਗੇ ਆਚਰਣ ਦੀ ਆਸ ਨਹੀਂ ਕੀਤੀ ਜਾ ਸਕਦੀ।

***

### ਗੁਰਬਾਣੀ ਵਿਆਖਿਆ:

ਜਿਵੇਂ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਗੁਰਬਾਣੀ ਦੀਆਂ ਕਈ ਵਿਆਖਿਆ ਪ੍ਰਣਾਲੀਆਂ ਹਨ ਤੇ ਹਰ ਵਿਆਖਿਆਕਾਰ ਨੇ ਆਪਣੀ ਬਿਬੇਕ ਬੁੱਧ ਨਾਲ ਗੁਰਬਾਣੀ ਦੇ ਅਰਥ ਕੀਤੇ ਹਨ। ਮਸਨੂਈ ਬੁੱਧੀ ਲਈ ਕਿਸੇ ਸਹੀ ਸਰੋਤ ਦੀ ਤਲਾਸ਼ ਮੁਸ਼ਕਿਲ ਹੋ ਸਕਦੀ ਹੈ ਤੇ ਉਹ ਸੀਮਤ ਖੋਜ ਖੇਤਰ 'ਚੋਂ ਹੀ ਆਪਣੀ ਸਮਰੱਥਾ ਅਨੁਸਾਰ ਚੋਣ ਕਰਕੇ ਵਿਆਖਿਆ ਸਮੱਗਰੀ ਪੇਸ਼ ਕਰ ਸਕਦੀ ਹੈ। ਅਜਿਹੇ ਵਿਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੁੰਦੇ ਹਨ ਕਿ ਕੀ ਮਸਨੂਈ ਬੁੱਧੀ ਗੁਰਬਾਣੀ ਦੇ ਅਸਲ ਅਰਥਾਂ ਨੂੰ ਹੀ ਪੇਸ਼ ਕਰ ਰਹੀ ਹੈ ? ਕੀ ਇਹ ਵਰਤੋਂਕਾਰ ਦੇ ਸਾਹਮਣੇ ਮਨਮਰਜ਼ੀ ਦੀ ਵਿਆਖਿਆ ਤਾਂ ਪੇਸ਼ ਨਹੀਂ ਕਰ ਰਹੀ ? ਜੇਕਰ ਅਜਿਹਾ ਨਹੀਂ ਹੁੰਦਾ ਤਾਂ ਕਿਤੇ ਧਾਰਮਿਕ ਭਾਵਨਾਵਾਂ ਨੂੰ ਜਾਣੇ-ਅਣਜਾਣੇ ਠੇਸ ਤਾਂ ਨਹੀਂ ਪਹੁੰਚ ਰਹੀ ? ਇਨ੍ਹਾਂ ਸਾਰੇ ਕਾਰਨਾਂ ਕਰਕੇ ਅਜੇ ਗੁਰਬਾਣੀ ਦੀ ਮਸਨੂਈ ਬੁੱਧੀ ਦੁਆਰਾ ਕੀਤੀ ਵਿਆਖਿਆ ਨੂੰ ਵਿਸ਼ਵਾਸਯੋਗਤਾ ਦੇ ਦਾਇਰੇ 'ਚ ਆਉਣ ਲਈ ਲੰਬਾ ਪੈਂਡਾ ਤੈਅ ਕਰਨਾ ਪਵੇਗਾ। ਜੇਕਰ ਸਾਰੇ ਮਸਨੂਈ ਬੁੱਧੀ ਦੇ ਮੰਚ ਉਪਰੋਕਤ ਉਠਾਏ ਪ੍ਰਸ਼ਨਾਂ ਦਾ ਹੱਲ ਕਰਦੇ ਹਨ ਤਾਂ ਇਨ੍ਹਾਂ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆ ਤੋਂ ਵਰਤੋਂਕਾਰ ਵਧੇਰੇ ਲਾਭ ਉਠਾ ਸਕਦੇ ਹਨ। ਇਸ ਲਈ ਸਾਰੇ ਮਸਨੂਈ ਬੁੱਧੀ ਮੰਚਾਂ ਨੂੰ ਅਜੇ ਹੋਰ ਬਹੁਤ ਸਾਰੇ ਯਤਨ ਕਰਨੇ ਪੈਣਗੇ।

***

## 106 ਸਾਲਾ ਇਤਿਹਾਸ ਦੇ ਸਭ ਤੋਂ ਵੱਡੇ ਸਿਆਸੀ ਸੰਕਟ 'ਚ

ਲੋਕਾਂ ਸਾਹਮਣੇ ਨਿਮਰਤਾ ਸਹਿਤ ਸਿਰ ਝੁਕਾਉਣਾ ਹੀ

ਜਨਤਾ ਦਾ ਵਿਸ਼ਵਾਸ ਮੁੜ ਬਹਾਲ ਕਰਨ ਦੀ ਪਹਿਲੀ ਨੀਂਹ ਬਣ ਸਕਦਾ ਹੈ।

**ਅਕਾਲੀ ਦਲ ਦਾ ਚੋਣ ਮੈਨੀਫੈਸਟੋ ਕੀ ਹੋਵੇ**

2027 ਦੀਆਂ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਦਾ ਚੋਣ ਮੈਨੀਫੈਸਟੋ ਸਿਰਫ਼ ਸਿਆਸੀ ਨਾਅਰਿਆਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਸਗੋਂ ਇਹ ਪੰਜਾਬ ਦੇ ਸੰਕਟਾਂ ਦਾ ਠੋਸ ਵਿਗਿਆਨਕ ਹੱਲ ਪੇਸ਼ ਕਰਦਾ ਹੋਵੇ।

ਸਿਆਸੀ ਮਾਹਿਰਾਂ ਅਨੁਸਾਰ ਅਕਾਲੀ ਦਲ ਕਿਸਾਨਾਂ ਦੀਆਂ ਫ਼ਸਲਾਂ ਲਈ ਕਾਨੂੰਨੀ ਐਮ.ਐਸ.ਪੀ. ਦੀ ਪ੍ਰਾਪਤੀ, ਕਰਜ਼ਾ ਮੁਕਤੀ ਦੀ ਵਿਹਾਰਕ ਨੀਤੀ ਅਤੇ ਧਰਤੀ ਹੇਠਲੇ ਪਾਣੀ ਦੇ ਮੁੱਕ ਰਹੇ ਭੰਡਾਰਾਂ ਨੂੰ ਬਚਾਉਣ ਲਈ ਵਿਸ਼ੇਸ਼ ਨਹਿਰੀ ਪ੍ਰਾਜੈਕਟ ਤਿਆਰ ਕਰੇ। ਪੰਜਾਬ ਵਿੱਚੋਂ ਵੱਡੇ ਪੱਧਰ 'ਤੇ ਹੋ ਰਹੇ ਨੌਜਵਾਨਾਂ ਦੇ ਪਰਵਾਸ (ਬ੍ਰੇਨ ਡਰੇਨ) ਨੂੰ ਰੋਕਣ ਲਈ ਸਥਾਨਕ ਪੱਧਰ 'ਤੇ ਖੇਤੀ-ਅਧਾਰਿਤ ਉਦਯੋਗ ਸਥਾਪਿਤ ਕਰਨ ਬਾਰੇ ਅਤੇ ਰੁਜ਼ਗਾਰ ਦੇ ਪੁਖ਼ਤਾ ਵਸੀਲੇ ਪੈਦਾ ਕਰਨ ਬਾਰੇ ਰੋਡ ਮੈਪ ਤਿਆਰ ਕਰੇ।

ਨਸ਼ਾ ਤਸਕਰਾਂ ਅਤੇ ਸਿਆਸੀ-ਪੁਲਿਸ ਗੱਠਜੋੜ ਨੂੰ ਤੋੜਨ ਲਈ ਸਖ਼ਤ ਕਾਨੂੰਨੀ ਪ੍ਰਣਾਲੀ ਅਤੇ ਨੌਜਵਾਨਾਂ ਦੇ ਪੁਨਰਵਾਸ ਲਈ ਵਿਸ਼ੇਸ਼ ਯੋਜਨਾਬੰਦੀ ਤਿਆਰ ਕਰਕੇ ਲੋਕਾਂ ਅੱਗੇ ਪੇਸ਼ ਕਰਨੀ ਹੋਵੇਗੀ। ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਬਾਰੇ ਏਜੰਡਾ ਮਿਥਣਾ ਹੋਵੇਗਾ ਤਾਂ ਜੋ ਆਮ ਗ਼ਰੀਬ ਪਰਿਵਾਰਾਂ 'ਤੇ ਨਿੱਜੀ ਅਦਾਰਿਆਂ ਦੀ ਲੁੱਟ ਦਾ ਬੋਝ ਘਟਾਇਆ ਜਾ ਸਕੇ। ਦਲਿਤ ਅਤੇ ਪਛੜੇ ਵਰਗਾਂ ਦੇ ਸਮਾਜਿਕ ਅਤੇ ਵਿੱਦਿਅਕ ਅਧਿਕਾਰਾਂ ਦੀ ਹਿਫ਼ਾਜ਼ਤ ਦੀ ਗਾਰੰਟੀ ਦੇਣੀ ਹੋਵੇਗੀ।

**ਸੰਘਰਸ਼ ਦੇ ਮੈਦਾਨ ਵੱਲ ਵਾਪਸੀ: ਕਰੇ ਅਕਾਲੀ ਦਲ**

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਇਹ ਅਹਿਸਾਸ ਕਰਨਾ ਪਵੇਗਾ ਕਿ ਅਕਾਲੀ ਦਲ ਦੀ ਤਾਕਤ ਕਦੇ ਵੀ ਸਰਕਾਰੀ ਕੁਰਸੀਆਂ ਨਾਲ ਨਹੀਂ ਸੀ ਮਿਣੀ ਜਾਂਦੀ। ਅਕਾਲੀ ਦਲ ਨੇ 1920 ਤੋਂ ਲੈ ਕੇ ਹੁਣ ਤੱਕ ਸਿਰਫ਼ 22 ਸਾਲ 3 ਮਹੀਨੇ ਹੀ ਸਰਕਾਰ ਚਲਾਈ ਹੈ, ਪਰ ਇਸ ਨੇ ਬਾਕੀ ਸਾਰਾ ਸਮਾਂ ਵਿਰੋਧੀ ਧਿਰ ਵਿੱਚ ਰਹਿ ਕੇ ਪੰਜਾਬ, ਪੰਥ ਅਤੇ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਲਈ ਲੜਾਈ ਲੜੀ ਹੈ। ਭਾਜਪਾ ਦੀ ਗ਼ੁਲਾਮੀ ਜਾਂ ਕਿਸੇ ਹੋਰ ਗੈਰ-ਸਿਧਾਂਤਕ ਸਮਝੌਤੇ ਦੀ ਥਾਂ ਅਕਾਲੀ ਦਲ ਦੇ ਸਾਰੇ ਹਮਖਿਆਲ ਧੜਿਆਂ ਨੂੰ 'ਸਰਬੱਤ ਦੇ ਭਲੇ' ਦੇ ਆਦਰਸ਼ ਹੇਠ ਇਕੱਠੇ ਹੋ ਕੇ ਇਕੱਲਿਆਂ ਚੋਣ ਮੈਦਾਨ ਵਿੱਚ ਉਤਰਨਾ ਚਾਹੀਦਾ ਹੈ। ਸੱਤਾ ਮਿਲੇ ਜਾਂ ਨਾ ਮਿਲੇ, ਜੇਕਰ ਅਕਾਲੀ ਦਲ ਪੰਜਾਬੀਆਂ ਦੇ ਜਲ, ਜੰਗਲ, ਜ਼ਮੀਨ ਅਤੇ ਸੰਘੀ ਅਧਿਕਾਰਾਂ ਦਾ ਪਹਿਰੇਦਾਰ ਬਣ ਕੇ ਸੜਕਾਂ 'ਤੇ ਉੱਤਰੇਗਾ, ਤਾਂ ਹੀ ਇਹ ਇਤਿਹਾਸਕ ਪਾਰਟੀ ਆਪਣਾ ਖੁੱਸਿਆ ਹੋਇਆ ਵੱਕਾਰ ਅਤੇ ਸ਼ਾਨ ਬਹਾਲ ਕਰ ਸਕੇਗੀ।

***

## ਪੰਜਾਬ ਦੀ ਰਾਜਨੀਤੀ 'ਚ ਬਣਨ ਲੱਗੇ

ਜਿਸ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ। ਇਸ ਲਈ ਸੁਰੱਖਿਆ, ਨਸ਼ਾ ਤਸਕਰੀ ਅਤੇ ਸਰਹੱਦ ਪਾਰ ਦੀਆਂ ਚੁਣੌਤੀਆਂ ਇਥੇ ਹਮੇਸ਼ਾ ਚਰਚਾ ਵਿੱਚ ਰਹਿੰਦੀਆਂ ਹਨ। 2022 ਦੀਆਂ ਚੋਣਾਂ ਵਿੱਚ 'ਆਪ' ਨੇ ਇਥੇ 16 ਸੀਟਾਂ ਜਿੱਤੀਆਂ ਸਨ, ਜਦੋਂਕਿ ਕਾਂਗਰਸ ਦੇ ਖਾਤੇ ਵਿੱਚ 7 ਸੀਟਾਂ ਆਈਆਂ ਸਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਸਿਰਫ਼ 1-1 ਸੀਟ ਨਾਲ ਸਬਰ ਕਰਨਾ ਪਿਆ ਸੀ। ਕਾਂਗਰਸ ਅਤੇ ਅਕਾਲੀ ਦਲ ਇਸ ਵਾਰ ਮਾਝਾ ਵਿੱਚ ਆਪਣਾ ਪੁਰਾਣਾ ਪ੍ਰਦਰਸ਼ਨ ਦੁਹਰਾਉਣ ਅਤੇ 'ਆਪ' ਦੇ ਸਾਹਮਣੇ ਸਖ਼ਤ ਚੁਣੌਤੀ ਖੜੀ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਤੋਂ ਇਲਾਵਾ, ਪਠਾਨਕੋਟ ਅਤੇ ਅੰਮ੍ਰਿਤਸਰ ਦੇ ਸ਼ਹਿਰੀ ਖੇਤਰਾਂ ਵਿੱਚ ਵਪਾਰੀਆਂ ਦੀਆਂ ਸਮੱਸਿਆਵਾਂ ਅਤੇ ਸਰਹੱਦੀ ਖੇਤਰ ਦੇ ਕਿਸਾਨਾਂ ਦੀਆਂ ਮੰਗਾਂ ਇਸ ਵਾਰ ਚੋਣਾਂ ਵਿੱਚ ਮੁੱਖ ਮੁੱਦੇ ਰਹਿਣਗੇ।

ਦੋਆਬਾ : ਐਨ.ਆਰ.ਆਈ. ਤੇ ਦਲਿਤ ਵੋਟਰਾਂ 'ਤੇ ਨਜ਼ਰ

ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਿਚਕਾਰਲੇ ਖੇਤਰ 'ਦੋਆਬਾ' ਵਿੱਚ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਨਵਾਂਸ਼ਹਿਰ ਜ਼ਿਲ੍ਹੇ ਸ਼ਾਮਲ ਹਨ, ਜਿਥੇ ਕੁਲ 23 ਵਿਧਾਨ ਸਭਾ ਸੀਟਾਂ ਹਨ। 2022 ਦੀਆਂ ਚੋਣਾਂ ਵਿੱਚ 'ਆਪ' ਨੇ ਇਥੇ 10 ਸੀਟਾਂ ਜਿੱਤੀਆਂ ਸਨ, ਕਾਂਗਰਸ ਨੂੰ 9 ਸੀਟਾਂ ਮਿਲੀਆਂ ਸਨ, ਜਦਕਿ ਅਕਾਲੀ ਦਲ-ਬਸਪਾ ਗਠਜੋੜ ਨੇ 3 ਸੀਟਾਂ ਅਤੇ ਭਾਜਪਾ ਨੇ 1 ਸੀਟ ਜਿੱਤੀ ਸੀ। ਦੋਆਬਾ ਨੂੰ ਰਾਜਨੀਤਕ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ ਕਿਉਂਕਿ ਇਥੇ ਦਲਿਤ ਵੋਟ ਬੈਂਕ, ਐਨ.ਆਰ.ਆਈ. ਪ੍ਰਭਾਵ ਅਤੇ ਆਵਾਜ਼ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ। ਚੋਣਾਂ ਵਿੱਚ ਦਲਿਤ ਵੋਟਾਂ ਦਾ ਰੁਝਾਨ, ਐਨ.ਆਰ.ਆਈ. ਫ਼ੰਡਿੰਗ, ਨਸ਼ਾਖੋਰੀ, ਨਾਜਾਇਜ਼ ਮਾਈਨਿੰਗ ਅਤੇ ਉਦਯੋਗਿਕ ਤੇ ਬੁਨਿਆਦੀ ਢਾਂਚੇ ਦਾ ਵਿਕਾਸ ਇਸ ਖੇਤਰ ਦੇ ਸੱਭ ਤੋਂ ਵੱਡੇ ਚੋਣ ਮੁੱਦੇ ਬਣੇ ਹੋਏ ਹਨ।

***

## ਮਹਿੰਗੀਆਂ ਦਵਾਈਆਂ ਦਾ ਮੱਕੜਜਾਲ

ਮਹਿੰਗੀਆਂ ਦਵਾਈਆਂ ਦੇ ਮੁੱਦੇ 'ਤੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ 21 ਫ਼ਰਵਰੀ 2023 ਨੂੰ ਉੱਚ ਪੱਧਰੀ ਮੀਟਿੰਗ ਸੱਦੀ ਸੀ। ਸੰਧਵਾਂ ਨੇ ਇਹ ਮੀਟਿੰਗ ਕੈਂਸਰ ਤੇ ਦਿਲ ਦੇ ਰੋਗਾਂ ਦੇ ਇਲਾਜ ਵਿੱਚ ਵਰਤੀਆਂ ਜਾਂਦੀਆਂ ਦਵਾਈਆਂ ਨੂੰ ਲੈ ਕੇ ਭਾਈ ਘਨੱਈਆ ਕੈਂਸਰ ਰੋਕੋ ਸੁਸਾਇਟੀ ਦੇ ਮੁਖੀ ਗੁਰਪ੍ਰੀਤ ਸਿੰਘ ਚੰਦਬਾਜਾ ਵੱਲੋਂ ਮੰਗ ਪੱਤਰ ਸੌਂਪੇ ਜਾਣ ਪਿੱਛੋਂ ਸੱਦੀ ਸੀ।

ਪੰਜਾਬ ਦੇ ਆਮ ਲੋਕਾਂ ਨੂੰ ਸਸਤੀਆਂ ਦਵਾਈਆਂ ਉਪਲਬਧ ਕਰਵਾਉਣ ਅਤੇ ਉਨ੍ਹਾਂ ਨੂੰ ਫ਼ਾਰਮਾਂ ਅਤੇ ਜੈਨਰਿਕ ਦਵਾਈਆਂ ਸੰਬੰਧੀ ਜਾਗਰੂਕ ਕਰਨ ਦਾ ਅਹਿਮ ਮੁੱਦਾ ਸਾਲ 2023 ਵਿੱਚ ਮਾਰਚ ਮਹੀਨੇ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਰਜਨੀਸ਼ ਦਹੀਆ ਵੱਲੋਂ ਵਿਧਾਨ ਸਭਾ ਵਿੱਚ ਉਠਾਇਆ ਗਿਆ ਸੀ ਤਾਂ ਕਿ ਲੋਕਾਂ ਨੂੰ ਦਵਾਈ ਕੰਪਨੀਆਂ ਲੁੱਟ ਖਸੁੱਟ ਤੋਂ ਬਚਾਇਆ ਜਾ ਸਕੇ। ਇਸ ਮੌਕੇ ਸ੍ਰੀ ਰਜਨੀਸ਼ ਦਹੀਆ ਨੇ ਕਿਹਾ ਸੀ ਕਿ ਹਰੇਕ ਦਵਾਈ ਵਿਕਰੇਤਾ ਲਈ ਆਪਣੀ ਦੁਕਾਨ 'ਤੇ ਫ਼ਾਰਮਾ ਅਤੇ ਜੈਨਰਿਕ ਦਵਾਈਆਂ ਦੀ ਰੇਟ ਲਿਸਟ ਲਗਾਉਣਾ ਲਾਜ਼ਮੀ ਹੋਵੇ ਤਾਂ ਜੋ ਦਵਾਈ ਲੈਣ ਗਏ ਵਿਅਕਤੀ ਨੂੰ ਆਪਣੀ ਸੁਵਿਧਾ ਨਾਲ ਦਵਾਈ ਦੇ ਫ਼ਰਕ ਅਤੇ ਮੁੱਲ ਦਾ ਪਤਾ ਲੱਗ ਸਕੇ।

ਚਾਹੀਦਾ ਤਾਂ ਇਹ ਹੈ ਕਿ ਭਾਰਤ ਵਿੱਚ ਦਵਾਈਆਂ ਦੀਆਂ ਕੀਮਤਾਂ ਸਰਕਾਰੀ ਕੰਟਰੋਲ ਹੇਠ ਹੋਣ। ਇਸ ਤੋਂ ਇਲਾਵਾ ਹਸਪਤਾਲ ਦੇ ਜ਼ਰੂਰ ਸਮਾਨ ਦੀਆਂ ਕੀਮਤਾਂ ਪਾਰਦਰਸ਼ੀ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਦਾ ਸਹੀ ਖ਼ੁਲਾਸਾ ਹੋਣਾ ਚਾਹੀਦਾ ਹੈ ਅਤੇ ਜਿੱਥੇ ਜ਼ਰੂਰੀ ਹੋਵੇ, ਉੱਥੇ ਮੁਨਾਫ਼ੇ ਦੀ ਹੱਦ ਵੀ ਵਾਜਬ ਤੈਅ ਕੀਤੀ ਜਾਣੀ ਚਾਹੀਦੀ ਹੈ।

***

## ਸੀਨੀਅਰ ਕਮਾਂਡਰਾਂ ਦੀ ਗਿਣਤੀ ਘਟਾਉਣ

### ਸਿਲੀਕਾਨ ਵੈਲੀ ਦੀ ਐਂਟਰੀ: ਏਲਨ ਮਸਕ ਦੀ ਭੂਮਿਕਾ

ਪੈਂਟਾਗਨ ਹੁਣ ਲਾਕਹੀਡ ਮਾਰਟਿਨ ਅਤੇ ਬੋਇੰਗ ਵਰਗੇ ਰਵਾਇਤੀ ਰੱਖਿਆ ਠੇਕੇਦਾਰਾਂ 'ਤੇ ਨਿਰਭਰਤਾ ਘਟਾ ਕੇ ਨਿੱਜੀ ਤਕਨੀਕੀ ਕੰਪਨੀਆਂ ਨੂੰ ਅੱਗੇ ਲਿਆਉਣ ਦੀ ਨੀਤੀ 'ਤੇ ਚੱਲ ਰਿਹਾ ਹੈ। ਸਪੇਸਐਕਸ ਮੁਖੀ ਐਲਨ ਮਸਕ ਅਤੇ ਸਾਬਕਾ ਸਪੀਕਰ ਨਿਊਟ ਗਿੰਗਰਿਚ ਦੀ ਅਗਵਾਈ ਹੇਠ ਭਵਿੱਖੀ ਯੁੱਧ ਅਧਿਐਨ ਪਹਿਲਕਦਮੀ ਸ਼ੁਰੂ ਕਰਨਾ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਅਮਰੀਕਾ ਵਪਾਰਕ ਤਕਨਾਲੋਜੀ, ਸੈਟੇਲਾਈਟ ਨੈੱਟਵਰਕ ਅਤੇ ਤੇਜ਼ ਪ੍ਰੋਟੋਟਾਈਪਿੰਗ ਨੂੰ ਸਿੱਧਾ ਫ਼ੌਜ ਵਿੱਚ ਸ਼ਾਮਲ ਕਰਨਾ ਚਾਹੁੰਦਾ ਹੈ। ਇਸ ਕਦਮ ਰਾਹੀਂ ਰਵਾਇਤੀ ਰੱਖਿਆ ਬਜਟ ਦੇ ਲੰਬੇ ਅਤੇ ਗੁੰਝਲਦਾਰ ਤੌਰ-ਤਰੀਕਿਆਂ ਨੂੰ ਪਾਸੇ ਕਰਕੇ, ਸਟਾਰਟ-ਅੱਪ ਸੱਭਿਆਚਾਰ ਦੀ ਤਰਜ਼ 'ਤੇ ਫ਼ੌਜੀ ਖੋਜ ਅਤੇ ਨਵੀਨਤਾ ਨੂੰ ਤੇਜ਼ ਕਰਨ ਦਾ ਯਤਨ ਕੀਤਾ ਜਾਵੇਗਾ।

ਪੈਂਟਾਗਨ ਦਾ ਇਹ ਫ਼ੇਰਬਦਲ ਸਿਰਫ਼ ਇੱਕ ਪ੍ਰਸ਼ਾਸਨਿਕ ਕਦਮ ਨਹੀਂ, ਸਗੋਂ ਵੀਹਵੀਂ ਸਦੀ ਦੇ 'ਵੱਡੇ ਜਹਾਜ਼, ਵੱਡੇ ਟੈਂਕ ਅਤੇ ਲੰਬੀ ਕਮਾਂਡ ਲੜੀ' ਵਾਲੇ ਮਾਡਲ ਨੂੰ ਖ਼ਤਮ ਕਰਕੇ ਇੱਕੀਵੀਂ ਸਦੀ ਦੇ 'ਸਸਤੇ ਡਰੋਨ, ਏ.ਆਈ. ਅਤੇ ਸੁਤੰਤਰ ਕਮਾਂਡਰਾਂ' ਵਾਲੇ ਯੁੱਗ ਵੱਲ ਵਧਣ ਦਾ ਸਪੱਸ਼ਟ ਜੂਆ ਹੈ। ਕੀ ਇਹ ਸੁਧਾਰ ਅਮਰੀਕੀ ਫ਼ੌਜ ਨੂੰ ਵਧੇਰੇ ਚੁਸਤ ਬਣਾਉਣਗੇ ਜਾਂ ਸੰਕਟ ਦੇ ਸਮੇਂ ਸੰਸਥਾਗਤ ਤਜਰਬੇ ਦੀ ਘਾਟ ਕਾਰਨ ਮੁਸ਼ਕਿਲਾਂ ਖੜ੍ਹੀਆਂ ਕਰਨਗੇ—ਇਹ ਆਉਣ ਵਾਲੇ ਸਮੇਂ ਵਿੱਚ ਗਲੋਬਲ ਸੁਰੱਖਿਆ ਸਮੀਕਰਨਾਂ ਤੋਂ ਹੀ ਸਪੱਸ਼ਟ ਹੋਵੇਗਾ।

****

## 8 ਸਾਲਾਂ ਦੀ ਬੇਮਿਆਦੀ ਹਿਰਾਸਤ ਮਗਰੋਂ

ਯਾਤਰਾ ਕਰਨ ਦੀ ਵਿਸ਼ੇਸ਼ ਇਜਾਜ਼ਤ ਨਹੀਂ ਦਿੰਦੀ, ਉਹ ਭਾਰਤ ਦੀ ਹਦੂਦ ਤੋਂ ਬਾਹਰ ਨਹੀਂ ਜਾ ਸਕਦੇ।

**ਸਖ਼ਤ ਸ਼ਰਤਾਂ ਅਤੇ ਭਵਿੱਖ ਦੀਆਂ ਕਾਨੂੰਨੀ ਦਿੱਕਤਾਂ**

ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਵੀ ਜੌਹਲ ਨੂੰ ਸਖ਼ਤ ਕਾਨੂੰਨੀ ਬੰਦਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ:

ਜ਼ਮਾਨਤ ਦੀ ਪਹਿਲੀ ਸ਼ਰਤ ਮੁਤਾਬਕ ਉਨ੍ਹਾਂ ਨੂੰ ਆਪਣਾ ਪਾਸਪੋਰਟ ਟ੍ਰਾਇਲ ਕੋਰਟ ਦੇ ਹਵਾਲੇ ਰੱਖਣਾ ਪਵੇਗਾ।

ਉਨ੍ਹਾਂ ਨੂੰ ਹਰ ਦੋ ਹਫ਼ਤਿਆਂ ਬਾਅਦ (ਜਾਂ ਅਦਾਲਤ ਵੱਲੋਂ ਮਿਥੇ ਗਏ ਸਮੇਂ 'ਤੇ) ਜਾਂਚ ਅਧਿਕਾਰੀ ਅੱਗੇ ਪੇਸ਼ ਹੋ ਕੇ ਹਾਜ਼ਰੀ ਲਗਵਾਉਣੀ ਪਵੇਗੀ।

ਟ੍ਰਾਇਲ ਦਾ ਸਾਹਮਣਾ: ਸਾਰੇ ਮਾਮਲਿਆਂ ਵਿੱਚ ਅਦਾਲਤੀ ਕਾਰਵਾਈ ਜਾਰੀ ਰਹੇਗੀ। ਜੇਕਰ ਉਹ ਕਿਸੇ ਵੀ ਪੇਸ਼ੀ ਤੋਂ ਗ਼ੈਰ-ਹਾਜ਼ਰ ਰਹਿੰਦੇ ਹਨ ਜਾਂ ਸ਼ਰਤ ਤੋੜਦੇ ਹਨ, ਤਾਂ ਜਾਂਚ ਏਜੰਸੀਆਂ ਤੁਰੰਤ ਜ਼ਮਾਨਤ ਰੱਦ ਕਰਵਾਉਣ ਦੀ ਅਰਜ਼ੀ ਦੇ ਸਕਦੀਆਂ ਹਨ।

ਪਰਿਵਾਰਕ ਭਾਵਨਾਵਾਂ ਅਤੇ ਬਰਤਾਨਵੀ ਸਰਕਾਰ ਦਾ ਰੁਖ਼

ਜ਼ਮਾਨਤ ਦੀ ਖ਼ਬਰ ਮਿਲਣ 'ਤੇ ਜੌਹਲ ਦੇ ਸਹੁਰਾ ਪਰਿਵਾਰ ਨੇ ਡੂੰਘੀ ਰਾਹਤ ਦਾ ਸਾਹਮਣਾ ਕੀਤਾ। ਉਨ੍ਹਾਂ ਦੇ ਸਹੁਰਾ ਬਲਵਿੰਦਰ ਸਿੰਘ ਢਿੰਡਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਵਿਆਹ ਦੇ ਮਹਿਜ਼ 15 ਦਿਨਾਂ ਬਾਅਦ ਜੱਗੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਦੀ ਧੀ ਨੇ ਪਤੀ ਤੋਂ ਬਿਨਾਂ ਕਰੀਬ ਨੌਂ ਸਾਲ ਦਾ ਲੰਮਾ ਅਤੇ ਦਰਦਨਾਕ ਸਮਾਂ ਕੱਟਿਆ ਹੈ।

ਯੂ.ਕੇ. ਵਿੱਚ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਇਸ ਨੂੰ ਇਨਸਾਫ਼ ਦੀ ਲੜਾਈ ਵਿੱਚ ਇੱਕ 'ਬੇਹੱਦ ਅਹਿਮ ਪੜਾਅ' ਦੱਸਿਆ। ਇਸ ਦੌਰਾਨ, ਬ੍ਰਿਟਿਸ਼ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਹੈ ਕਿ ਉਹ ਪਰਿਵਾਰ ਦੇ ਲਗਾਤਾਰ ਸੰਪਰਕ ਵਿੱਚ ਹਨ ਅਤੇ ਉਨ੍ਹਾਂ ਵੱਲੋਂ ਭਾਰਤ ਸਰਕਾਰ ਸਾਹਮਣੇ ਜੌਹਲ ਦੀ ਲੰਮੀ ਹਿਰਾਸਤ ਅਤੇ ਲਗਾਏ ਗਏ ਤਸ਼ੱਦਦ ਦੇ ਦੋਸ਼ਾਂ ਦੀ ਜਾਂਚ ਦਾ ਮਾਮਲਾ ਪਹਿਲਾਂ ਵਾਂਗ ਉਠਾਇਆ ਜਾਂਦਾ ਰਹੇਗਾ।

ਜ਼ਮਾਨਤ ਮਿਲਣ ਮਗਰੋਂ ਜੱਗੀ ਜੌਹਲ ਦੇ ਸਹੁਰਾ ਬਲਵਿੰਦਰ ਸਿੰਘ ਢਿੰਡਾ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਬਹੁਤ ਲੰਮੇ ਸਮੇਂ ਬਾਅਦ ਇਹ ਖ਼ੁਸ਼ੀ ਮਿਲੀ ਹੈ। ਉਨ੍ਹਾਂ ਕਿਹਾ, 'ਬਹੁਤ ਮੁਸ਼ਕਿਲ ਸਮਾਂ ਰਿਹਾ ਹੈ। ਭਾਵੇਂ ਸਾਡੀ ਕੁੜੀ ਇੰਗਲੈਂਡ ਬੈਠੀ ਹੈ ਪਰ ਪਤੀ ਤੋਂ ਬਿਨਾਂ ਅੱਠ-ਨੌਂ ਸਾਲ ਕੱਟਣੇ, ਕੁੜੀ ਦਾ ਸਿਦਕ ਹੈ। ਉਸਦੇ ਵਿਆਹ ਨੂੰ 15 ਕੁ ਦਿਨ ਹੀ ਹੋਏ ਸੀ, ਜਦੋਂ ਗ੍ਰਿਫ਼ਤਾਰ ਕਰ ਲਿਆ ਗਿਆ।'

ਆਪਣੀ ਧੀ ਬਾਰੇ ਗੱਲ ਕਰਦਿਆਂ ਉਹ ਕਹਿੰਦੇ ਸਨ, 'ਵਿਆਹ ਨੂੰ 15 ਦਿਨ ਹੋਏ ਸੀ ਤੇ ਉਹਨੂੰ ਚੁੱਕ ਲਿਆ। ਫਿਰ ਅਦਾਲਤ 'ਚ ਮੁਲਾਕਾਤ ਹੋਈ। ਜਦੋਂ ਦਾ ਦਿੱਲੀ ਗਿਆ ਹੈ, ਦਿੱਲੀ ਵਾਲਿਆਂ ਨੇ ਤਾਂ ਸਾਡੀ ਮੁਲਾਕਾਤ ਹੋਣ ਹੀ ਨਹੀਂ ਦਿੱਤੀ। ਜਦੋਂ ਕਦੇ ਉਸਨੂੰ ਪੇਸ਼ੀ 'ਤੇ ਲੈਕੇ ਆਉਂਦੇਸੀ, ਉਦੋਂ ਅਸੀਂ ਜੱਜ ਤੋਂ ਇਜਾਜ਼ਤ ਲੈਕੇ ਉਸਨੂੰ ਮਿਲਦੇ ਹੁੰਦੇ ਸੀ।"

?ਜੱਗੀ ਜੌਹਲ ਦੀ ਰਿਹਾਈ ਨੇ ਭਾਵੇਂ ਉਨ੍ਹਾਂ ਦੇ ਪਰਿਵਾਰ ਨੂੰ ਇੱਕ ਵੱਡੀ ਮਾਨਸਿਕ ਰਾਹਤ ਦਿੱਤੀ ਹੈ, ਪਰ ਅੱਠ ਗੰਭੀਰ ਮਾਮਲਿਆਂ ਦਾ ਅਦਾਲਤੀ ਟ੍ਰਾਇਲ ਅਜੇ ਬਾਕੀ ਹੋਣ ਕਾਰਨ ਉਨ੍ਹਾਂ ਦੀ ਮੁਕੰਮਲ ਆਜ਼ਾਦੀ ਦਾ ਰਾਹ ਅਜੇ ਵੀ ਕਾਨੂੰਨੀ ਪੇਚੀਦਗੀਆਂ ਨਾਲ ਭਰਿਆ ਹੋਇਆ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**